@Qpatrika
@qaumipatrika punjabi
instagram.com/ qaumipatrika
Largest Circulated
CMYK

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

ਦਿਲ्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Saturday, 7 March 2026

Punjabi National Daily
Qaumi Patrika NO.1

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 7 ਮਾਰਚ 2026, 22 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 121, qpatrika@gmail.com ਫੋਨ : 9971359517 www.qaumipatrika.org

## ਸੁਰੱਖਿਆ ਫੋਰਸਾਂ ਨਾਲ ਮੁਕਾਬਲੇ ’ਚ 5 ਲੱਖ ਦਾ ਇਨਾਮੀ ਨਕਸਲੀ ਢੇਰ

ਦੰਤੇਵਾੜਾ 6 ਮਾਰਚ। ਛੱਤੀਸਗੜ੍ਹ ਦੇ ਦੰਤੇਵਾੜਾ ਜ਼ਿਲੇ ’ਚ ਸੁਰੱਖਿਆ ਫੋਰਸਾਂ ਨਾਲ ਮੁਕਾਬਲੇ ’ਚ 5 ਲੱਖ ਰੁਪਏ ਦਾ ਇਕ ਇਨਾਮੀ ਨਕਸਲੀ ਮਾਰਿਆ ਗਿਆ ਹੈ। ਪੁਲਸ ਅਧਿਕਾਰੀਆਂ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਮਾਰੇ ਗਏ ਨਕਸਲੀ ਦੀ ਪਛਾਣ ਬੀਜਾਪੁਰ ਜ਼ਿਲੇ ਦੇ ਬੁਰਜੀ ਪਿੰਡ ਦੇ ਨਿਵਾਸੀ ਰਾਜੇਸ਼ ਪੁਨੇਮ ਵਜੋਂ ਹੋਈ ਹੈ, ਜੋ ਮਾਓਵਾਦੀਆਂ ਦੀ ਭੈਰਮਗੜ੍ਹ ਏਰੀਆ ਕਮੇਟੀ ਦਾ ਮੈਂਬਰ ਸੀ। ਦੰਤੇਵਾੜਾ ਜ਼ਿਲੇ ਦੇ ਪੁਲਸ ਕਪਤਾਨ ਗੌਰਵ ਰਾਏ ਨੇ ਦੱਸਿਆ ਕਿ ਮੁਕਾਬਲਾ ਬੁੱਧਵਾਰ ਰਾਤ ਗੀਦਮ ਪੁਲਸ ਥਾਣਾ ਇਲਾਕੇ ਦੇ ਜੰਗਲ-ਪਹਾੜੀ ਖੇਤਰ ’ਚ ਹੋਇਆ, ਜਦੋਂ ਜ਼ਿਲਾ ਰਿਜ਼ਰਵ ਗਾਰਡ (ਡੀ. ਆਰ. ਜੀ.) ਅਤੇ ਬਸਤਰ ਫਾਈਟਰਜ਼ ਦਾ ਇਕ ਸਾਂਝਾ ਦਲ ਨਕਸਲ ਵਿਰੋਧੀ ਮੁਹਿੰਮ ’ਤੇ ਨਿਕਲਿਆ ਸੀ। ਸੁਰੱਖਿਆ ਫੋਰਸਾਂ ਨੂੰ 3 ਮਾਰਚ ਨੂੰ ਗੀਦਮ ਥਾਣਾ ਖੇਤਰ ਦੇ ਗੁਮਲਨਾਰ, ਗਿਰਸਾਪਾਰਾ ਅਤੇ ਨੇਲਗੋੜਾ ਵਿਚਾਲੇ ਜੰਗਲ-ਪਹਾੜੀ ਖੇਤਰ ’ਚ ਨਕਸਲੀ ਸਮੱਗਰੀ ਅਤੇ ਹਥਿਆਰ ਲੁਕੋਏ ਜਾਣ ਦੀ ਜਾਣਕਾਰੀ ਮਿਲੀ ਸੀ।

## ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵਧੀ ਸਿਆਸੀ ਹਲਚਲ ! ਪੱਛਮੀ ਬੰਗਾਲ ਦੇ ਰਾਜਪਾਲ ਨੇ ਦਿੱਤਾ ਅਸਤੀਫਾ

ਨੈਸ਼ਨਲ ਡੈਸਕ 6 ਮਾਰਚ। ਪੱਛਮੀ ਬੰਗਾਲ ਦੀ ਰਾਜਨੀਤੀ ਵਿੱਚ ਉਸ ਵੇਲੇ ਵੱਡਾ ਉਲਟਫੇਰ ਦੇਖਣ ਨੂੰ ਮਿਲਿਆ, ਜਦੋਂ ਰਾਜਪਾਲ ਸੀ.ਵੀ. ਆਨੰਦ ਬੋਸ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਇਹ ਘਟਨਾਕ੍ਰਮ ਰਾਜ ਵਿੱਚ ਹੋਣ ਵਾਲੀਆਂ 2026 ਦੀਆਂ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਸਾਹਮਣੇ ਆਇਆ ਹੈ। ਰਿਪੋਰਟਾਂ ਅਨੁਸਾਰ, ਸੀ.ਵੀ. ਆਨੰਦ ਬੋਸ ਨੇ ਆਪਣਾ ਅਸਤੀਫਾ ਪੱਤਰ ਦਿੱਲੀ ਭੇਜ ਦਿੱਤਾ ਹੈ। ਹਾਲਾਂਕਿ, ਉਨ੍ਹਾਂ ਵੱਲੋਂ ਅਚਾਨਕ ਦਿੱਤੇ ਗਏ ਇਸ ਅਸਤੀਫੇ ਦੇ ਅਸਲ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਉਨ੍ਹਾਂ ਨੇ ਸਾਲ 2022 ਵਿੱਚ ਜਗਦੀਪ ਧਨਖੜ ਦੇ ਉਪ-ਰਾਸ਼ਟਰਪਤੀ ਬਣਨ ਤੋਂ ਬਾਅਦ ਪੱਛਮੀ ਬੰਗਾਲ ਦੇ ਰਾਜਪਾਲ ਵਜੋਂ ਜ਼ਿੰਮੇਵਾਰੀ ਸੰਭਾਲੀ ਸੀ। ਆਨੰਦ ਬੋਸ ਪਿਛਲੇ ਤਿੰਨ ਸਾਲਾਂ ਤੋਂ ਵੱਧ ਸਮੇਂ ਤੋਂ ਇਸ ਅਹੁਦੇ ’ਤੇ ਸੇਵਾ ਨਿਭਾ ਰਹੇ ਸਨ। ਉਨ੍ਹਾਂ ਦੇ ਅਸਤੀਫੇ ਤੋਂ ਬਾਅਦ ਹੁਣ ਸਿਆਸੀ ਗਲਿਆਰਿਆਂ ਵਿੱਚ ਨਵੇਂ ਰਾਜਪਾਲ ਦੀ ਨਿਯੁਕਤੀ ਨੂੰ ਲੈ ਕੇ ਚਰਚਾ ਤੇਜ਼ ਹੋ ਗਈ ਹੈ।

# ਭਾਰਤੀ ਖੇਤੀਬਾੜੀ ਨੂੰ ਨਿਰਯਾਤ-ਮੁਖੀ ਅਤੇ ਵਿਸ਼ਵ ਪੱਧਰ ’ਤੇ ਪ੍ਰਤੀਯੋਗੀ ਬਣਾਉਣ ਦੀ ਲੋੜ: ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 6 ਮਾਰਚ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਕਿਸਾਨਾਂ ਨੂੰ ਭਾਰਤ ਦੀਆਂ ਵਿਭਿੰਨ ਜਲਵਾਯੂ ਸਥਿਤੀਆਂ ਦਾ ਲਾਭ ਉਠਾਉਣ ਅਤੇ ਉੱਚ-ਮੁੱਲ ਵਾਲੀਆਂ ਫਸਲਾਂ ਦੀ ਪੈਦਾਵਾਰ ਵਧਾਉਣ ’ਤੇ ਧਿਆਨ ਕੇਂਦਰਿਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅਜਿਹਾ ਕਰਨ ਨਾਲ ਦੇਸ਼ ਦੇ ਖੇਤੀਬਾੜੀ ਉਤਪਾਦ ਵਿਸ਼ਵ ਬਾਜ਼ਾਰਾਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਮੁਕਾਬਲਾ ਕਰ ਸਕਣਗੇ। ਖੇਤੀਬਾੜੀ ਅਤੇ ਪੇਂਡੂ ਪਰਿਵਰਤਨ ਵਿਸ਼ੇ ’ਤੇ ਇੱਕ ਪੋਸਟ-ਬਜਟ ਵੈਬਿਨਾਰ ਨੂੰ ਸੰਬੋਧਨ ਕਰਦੇ ਮੋਦੀ ਨੇ ਕਿਹਾ ਕਿ ਭਾਰਤੀ ਖੇਤੀਬਾੜੀ ਉਤਪਾਦਾਂ ਦੀ ਗੁਣਵੱਤਾ, ਬ੍ਰਾਂਡਿੰਗ ਅਤੇ ਮਿਆਰਾਂ ਦੇ ਸਾਰੇ ਪਹਿਲੂਆਂ ’ਤੇ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਖੇਤੀਬਾੜੀ ਮਾਹਿਰਾਂ, ਉਦਯੋਗਾਂ ਅਤੇ ਕਿਸਾਨਾਂ ਨੂੰ ਇਕੱਠੇ ਹੋਣਾ ਚਾਹੀਦਾ ਹੈ। ਆਪਣੇ ਤੀਜੇ ਪੋਸਟ-ਬਜਟ ਵੈਬਿਨਾਰ ਵਿੱਚ ਪ੍ਰਧਾਨ ਮੰਤਰੀ ਨੇ ਕਿਹਾ, ਅੱਜ ਵਿਸ਼ਵ ਬਾਜ਼ਾਰ ਖੁੱਲ੍ਹ ਰਹੇ ਹਨ ਅਤੇ ਵਿਸ਼ਵ ਮੰਗ ਬਦਲ ਰਹੀ ਹੈ... ਖੇਤੀਬਾੜੀ ਨੂੰ ਨਿਰਯਾਤ-ਮੁਖੀ ਬਣਾਉਣ ’ਤੇ ਹੋਰ ਚਰਚਾ ਕਰਨ ਦੀ ਲੋੜ ਹੈ। ਸਾਡੇ ਕੋਲ ਵਿਭਿੰਨ ਜਲਵਾਯੂ ਹਨ ਅਤੇ ਸਾਨੂੰ ਇਸਦਾ ਪੂਰਾ ਲਾਭ ਉਠਾਉਣਾ ਚਾਹੀਦਾ ਹੈ। ਅਸੀਂ ਖੇਤੀਬਾੜੀ-ਜਲਵਾਯੂ ਖੇਤਰਾਂ ਵਿੱਚ ਅਮੀਰ ਹਾਂ। ਮੋਦੀ



ਨੇ ਕਿਹਾ ਕਿ ਵਿੱਤੀ ਸਾਲ 2026-27 ਦਾ ਬਜਟ ਕਾਜੂ, ਕੋਕੋ ਅਤੇ ਚੰਦਨ ਸਮੇਤ ਉੱਚ-ਮੁੱਲ ਵਾਲੀ ਖੇਤੀ ’ਤੇ ਵੀ ਕੇਂਦ੍ਰਿਤ ਹੈ। ਰਾਸ਼ਟਰੀ ਖਾਣ ਵਾਲੇ ਤੇਲਾਂ ਅਤੇ ਦਾਲਾਂ ’ਤੇ ਮਿਸ਼ਨ ਅਤੇ ਰਾਸ਼ਟਰੀ ਕੁਦਰਤੀ ਖੇਤੀ ਮਿਸ਼ਨ, ਇਹ ਸਾਰੇ ਖੇਤੀਬਾੜੀ ਖੇਤਰ ਨੂੰ ਮਜ਼ਬੂਤ ??ਕਰ ਰਹੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ, ਜੇ ਅਸੀਂ ਉੱਚ-ਮੁੱਲ ਵਾਲੇ ਖੇਤੀਬਾੜੀ ਖੇਤਰ ਦਾ ਵੱਡੇ ਪੱਧਰ ’ਤੇ ਵਿਸਤਾਰ ਕਰੀਏ ਤਾਂ ਹੀ ਅਸੀਂ ਆਪਣੀ ਖੇਤੀਬਾੜੀ ਨੂੰ ਵਿਸ਼ਵ ਪੱਧਰ ’ਤੇ ਮੁਕਾਬਲੇ ਵਾਲੇ ਖੇਤਰ ਵਿੱਚ ਬਦਲ ਸਕਦੇ ਹਾਂ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਦੁਨੀਆ ਸਿਹਤ ਪ੍ਰਤੀ ਵਧੇਰੇ ਜਾਗਰੂਕ ਹੋ ਰਹੀ ਹੈ ਅਤੇ ਸੰਪੂਰਨ ਸਿਹਤ ਸੰਭਾਲ ਅਤੇ ਜੈਵਿਕ ਭੋਜਨ ’ਤੇ ਵਿਸ਼ੇਸ਼ ਧਿਆਨ ਕੇਂਦਰਿਤ ਕਰ ਰਹੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਦੁਨੀਆ ਸਿਹਤ ਪ੍ਰਤੀ ਵਧੇਰੇ ਜਾਗਰੂਕ ਹੋ ਰਹੀ ਹੈ ਅਤੇ ਸੰਪੂਰਨ ਸਿਹਤ ਸੰਭਾਲ ਅਤੇ ਜੈਵਿਕ ਭੋਜਨ ’ਤੇ ਵਿਸ਼ੇਸ਼ ਧਿਆਨ ਕੇਂਦਰਿਤ ਕਰ ਰਹੀ ਹੈ। ਮੋਦੀ ਨੇ ਕਿਹਾ ਕਿ ਖੇਤੀਬਾੜੀ ਭਾਰਤ ਦੀ ਲੰਬੀ ਮਿਆਦ ਦੀ ਵਿਕਾਸ ਯਾਤਰਾ ਦਾ ਇੱਕ ਰਣਨੀਤਕ ਥੰਮ?ਹ ਹੈ ਅਤੇ ਸਰਕਾਰ ਨੇ ਖੇਤੀਬਾੜੀ ਖੇਤਰ ਨੂੰ ਲਗਾਤਾਰ ਮਜ਼ਬੂਤ ??ਕੀਤਾ ਹੈ। ਉਨ੍ਹਾਂ ਕਿਹਾ, ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਰਾਹੀਂ ਲਗਭਗ 10 ਕਰੋੜ ਕਿਸਾਨਾਂ ਨੂੰ 4 ਲੱਖ ਕਰੋੜ ਰੁਪਏ ਤੋਂ ਵੱਧ ਪ੍ਰਾਪਤ ਹੋਏ ਹਨ। ਉਨ੍ਹਾਂ ਨੇ ਉੱਤਰ-ਪੂਰਬ ਵਿੱਚ ਅਗਰਵੁੱਡ ਅਤੇ ਹਿਮਾਲਿਆਈ ਰਾਜਾਂ ਵਿੱਚ ਸੰਜਮੀ ਫਲਾਂ ਨੂੰ ਉਤਸ਼ਾਹਿਤ ਕਰਨ ਲਈ ਬਜਟ ਪ੍ਰਸਤਾਵ ’ਤੇ ਵੀ ਚਾਨਣਾ ਪਾਇਆ। ਮੋਦੀ ਨੇ ਕਿਹਾ, ਜੇ ਅਸੀਂ ਸਾਂਝੇ ਤੌਰ ’ਤੇ ਉੱਚ-ਮੁੱਲ ਵਾਲੀ ਖੇਤੀ ਨੂੰ ਅੱਗੇ ਵਧਾਉਂਦੇ ਹਾਂ, ਤਾਂ ਇਹ ਖੇਤੀਬਾੜੀ ਨੂੰ ਵਿਸ਼ਵ ਪੱਧਰ ’ਤੇ ਮੁਕਾਬਲੇ ਵਾਲੇ ਖੇਤਰ ਵਿੱਚ ਬਦਲ ਦੇਵੇਗਾ। ਮੱਛੀ ਪਾਲਣ ਖੇਤਰ ਬਾਰੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਮੱਛੀ ਉਤਪਾਦਕ ਹੈ, ਸਾਡੇ ਵੱਖ-ਵੱਖ ਜਲ ਭੰਡਾਰਾਂ ਅਤੇ ਤਾਲਾਬਾਂ ਵਿੱਚ ਲਗਭਗ 4.5 ਲੱਖ ਟਨ ਮੱਛੀ ਪੈਦਾ ਹੁੰਦੀ ਹੈ।

# ਤਰਨਜੀਤ ਸਿੰਘ ਸੰਧੂ ਨੂੰ ਦਿੱਲੀ ਦਾ ਉਪ ਰਾਜਪਾਲ ਨਿਯੁਕਤ ਕਰਨਾ ਸਿੱਖ ਵਿਰਾਸਤ ਦਾ ਵੱਡਾ ਸਨਮਾਨ: ਮਨਜਿੰਦਰ ਸਿਰਸਾ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 6 ਮਾਰਚ। ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਦਿੱਲੀ ਦੇ ਨਵ-ਨਿਯੁਕਤ ਉਪ ਰਾਜਪਾਲ ਸਰਦਾਰ ਤਰਨਜੀਤ ਸਿੰਘ ਸੰਧੂ (ਸਮੁੰਦਰੀ) ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਇਸ ਵੱਕਾਰੀ ਜ਼ਿੰਮੇਵਾਰੀ ਲਈ ਵਧਾਈ ਦਿੱਤੀ। ਸਿਰਸਾ ਨੇ ਇਸ ਨਿਯੁਕਤੀ ਨੂੰ ਸਿੱਖ ਭਾਈਚਾਰੇ ਦੇ ਮਾਣਮੱਤੇ ਇਤਿਹਾਸ ਅਤੇ ਕੁਰਬਾਨੀਆਂ ਨੂੰ ਦਿੱਤੀ ਗਈ ਇੱਕ ਵੱਡੀ ਸ਼ਰਧਾਂਜਲੀ ਕਰਾਰ ਦਿੱਤਾ ਹੈ। ਸਿਰਸਾ ਨੇ ਟਵੀਟ ਕਰਦਿਆਂ ਦੱਸਿਆ ਕਿ ਸਰਦਾਰ ਤਰਨਜੀਤ ਸਿੰਘ ਸੰਧੂ ਮਹਾਨ ਸਿੱਖ ਆਗੂ ਸਰਦਾਰ ਤੇਜਾ ਸਿੰਘ ਸਮੁੰਦਰੀ ਦੇ ਪੋਤੇ ਹਨ, ਜੋ ਗੁਰਦੁਆਰਾ ਸੁਧਾਰ ਲਹਿਰ ਦੇ ਸਭ ਤੋਂ ਸਤਿਕਾਰਤ ਆਗੂਆਂ ’ਚੋਂ ਇਕ ਸਨ। ਉਨ੍ਹਾਂ ਯਾਦ ਕਰਵਾਇਆ ਕਿ ਜਦੋਂ ਅੰਗਰੇਜ਼ੀ ਹਕੂਮਤ ਦੌਰਾਨ ਗੁਰਦੁਆਰਾ ਰਕਾਬਗੰਜ



ਸਾਹਿਬ ਦੀ ਕੰਧ ਢਾਹੀ ਗਈ ਸੀ, ਤਾਂ ਸਰਦਾਰ ਤੇਜਾ ਸਿੰਘ ਸਮੁੰਦਰੀ ਦੀ ਅਗਵਾਈ ਹੇਠ ਸਿੱਖ ਕੌਮ ਨੇ ਇਤਿਹਾਸਕ ਰੋਸ ਪ੍ਰਦਰਸ਼ਨ ਕੀਤਾ ਸੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਤੇਜਾ ਸਿੰਘ ਸਮੁੰਦਰੀ ਜੀ ਦੀ ਘਾਲਣਾ ਸਦਕਾ ਹੀ 1925 ਦਾ ਸਿੱਖ ਗੁਰਦੁਆਰਾ ਐਕਟ ਹੋਂਦ ’ਚ ਆਇਆ, ਜਿਸ ਨਾਲ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਸਿੱਖ ਸੰਗਤ ਦੇ ਹੱਥ ਆਇਆ। ਇਸ ਤੋਂ ਇਲਾਵਾ, ਤਰਨਜੀਤ ਸਿੰਘ ਸੰਧੂ ਦੇ ਪਿਤਾ ਡਾ. ਬਿਸ਼ਨ ਸਿੰਘ ਸਮੁੰਦਰੀ ਵੀ ਇੱਕ ਉੱਘੇ ਸਿੱਖਿਆ ਸ਼ਾਸਤਰੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੰਸਥਾਪਕ ਵਾਈਸ-ਚਾਂਸਲਰ ਰਹੇ ਹਨ। ਮਨਜਿੰਦਰ ਸਿੰਘ ਸਿਰਸਾ ਨੇ ਇਸ ਇਤਿਹਾਸਕ ਫੈਸਲੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਤਰਨਜੀਤ ਸਿੰਘ ਸੰਧੂ ਵਰਗੀ ਸ਼ਖਸੀਅਤ ਨੂੰ ਦਿੱਲੀ ਦਾ ਉਪ ਰਾਜਪਾਲ ਨਿਯੁਕਤ ਕਰਨਾ ਪ੍ਰਧਾਨ ਮੰਤਰੀ ਦੇ ਸਿੱਖ ਭਾਈਚਾਰੇ ਪ੍ਰਤੀ ਡੂੰਘੇ ਸਤਿਕਾਰ ਅਤੇ ਉਨ੍ਹਾਂ ਦੇ ਹੱਕਾਂ ਤੇ ਮਰਿਆਦਾ ਲਈ ਕੀਤੇ ਸੰਘਰਸ਼ ਦੀ ਕਦਰ ਨੂੰ ਦਰਸਾਉਂਦਾ ਹੈ। ਸਿਰਸਾ ਨੇ ਤਰਨਜੀਤ ਸਿੰਘ ਸੰਧੂ ਦੇ ਸਫਲ ਕਾਰਜਕਾਲ ਲਈ ਆਪਣੀਆਂ ਦਿਲੀ ਸ਼ੁਭਕਾਮਨਾਵਾਂ ਵੀ ਭੇਟ ਕੀਤੀਆਂ।

## ਨਾਗਰਿਕਤਾ ਦੇ ਨਾਂ ’ਤੇ ਮਤੂਆ ਭਾਈਚਾਰੇ ਨੂੰ ਭੁਲੇਖੇ ’ਚ ਪਾ ਰਹੀ ਕੇਂਦਰ ਸਰਕਾਰ : ਮਮਤਾ

ਕੋਲਕਾਤਾ 6 ਮਾਰਚ। ਮਮਤਾ ਬੈਨਰਜੀ ਨੇ ਦੋਸ਼ ਲਾਇਆ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨਾਗਰਿਕਤਾ ਦੇ ਨਾਂ ’ਤੇ ਮਤੂਆ ਭਾਈਚਾਰੇ ਨੂੰ ਬੇਭਰੋਸਗੀ ਅਤੇ ਭੁਲੇਖੇ ਦੀ ਸਥਿਤੀ ’ਚ ਧੱਕ ਰਹੀ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮਤੂਆ ਭਾਈਚਾਰੇ ਦੀ ਕੁਲਮਾਤਾ ਵੀਣਾਪਾਣਿ ਦੇਵੀ (ਬੜੋ ਮਾ) ਦੀ ਬਰਸੀ ’ਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਸੋਸ਼ਲ ਮੀਡੀਆ ਮੰਚ ‘ਐਕਸ’ ’ਤੇ ਇਹ ਦੋਸ਼ ਲਾਇਆ। ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਮਤੂਆ ਭਾਈਚਾਰੇ ਦੇ ਲੋਕਾਂ ਦੀ ਪਛਾਣ ’ਤੇ ਹੀ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਮਮਤਾ ਬੈਨਰਜੀ ਨੇ ਕਿਹਾ ਕਿ ਐੱਸ. ਆਈ. ਆਰ. (ਵਿਸ਼ੇਸ਼ ਡੂੰਘਾਈ ਨਾਲ ਸਮੀਖਿਆ) ਰਾਹੀਂ ਮਤੂਆ ਭਾਈਚਾਰੇ ਦੇ ਲੋਕਾਂ ਨੂੰ ਵੋਟਰ ਸੂਚੀ ’ਚੋਂ ਜਾਣਬੁੱਝ ਕੇ ਬਾਹਰ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਜਿਹੜੇ ਲੋਕ ਪੀੜ੍ਹੀਆਂ ਤੋਂ ਇਸ ਦੇਸ਼ ਦੇ ਨਾਗਰਿਕ ਹਨ ਅਤੇ ਜਿਨ੍ਹਾਂ ਦੀ ਵੋਟ ਨਾਲ ਸਰਕਾਰਾਂ ਚੁਣੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਹੁਣ ਨਾਗਰਿਕਤਾ ਦੇ ਨਾਂ ’ਤੇ ਬੇਭਰੋਸਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਭਾਈਚਾਰੇ ਦੇ ਅਧਿਕਾਰਾਂ ਨੂੰ ਕਮਜ਼ੋਰ ਕਰਨ ਵਾਲੇ ਹਰ ਕਦਮ ਦਾ ਵਿਰੋਧ ਕਰੇਗੀ ਅਤੇ ਬੰਗਾਲ ਦੇ ਲੋਕਾਂ ਨੂੰ ਕੋਈ ਨੁਕਸਾਨ ਨਹੀਂ ਹੋਣ ਦੇਵੇਗੀ।

## ਭਾਰਤ-ਇੰਗਲੈਂਡ ਸੈਮੀਫਾਈਨਲ ਨੇ ਤੋੜੇ ਡਿਜੀਟਲ ਵਿਊਅਰਸ਼ਿਪ ਦੇ ਸਾਰੇ ਰਿਕਾਰਡ, ਜੈ ਸ਼ਾਹ ਨੇ ਸਾਂਝੀ ਕੀਤੀ ਖੁਸ਼ੀ

ਮੁੰਬਈ/ਨਵੀਂ ਦਿੱਲੀ 6 ਮਾਰਚ। ਭਾਰਤ ਅਤੇ ਇੰਗਲੈਂਡ ਵਿਚਕਾਰ ਖੇਡੇ ਗਏ ਟੀ-20 ਵਿਸ਼ਵ ਕੱਪ 2026 ਦੇ ਦੂਜੇ ਸੈਮੀਫਾਈਨਲ ਨੇ ਮੈਦਾਨ ਦੇ ਨਾਲ-ਨਾਲ ਡਿਜੀਟਲ ਪਲੇਟਫਾਰਮ ’ਤੇ ਵੀ ਇਤਿਹਾਸ ਰਚ ਦਿੱਤਾ ਹੈ। ਅੰਤਰਰਾਸ਼ਟਰੀ ਕ੍ਰਿਕਟ ਕੌਂਸਲ (ਆਈਸੀਸੀ) ਦੇ ਚੇਅਰਮੈਨ ਜੈ ਸ਼ਾਹ ਨੇ ਇਕ ਟਵੀਟ ਰਾਹੀਂ ਜਾਣਕਾਰੀ ਸਾਂਝੀ ਕੀਤੀ ਹੈ ਕਿ ਇਸ ਮੈਚ ਨੇ ਡਿਜੀਟਲ ਵਿਊਅਰਸ਼ਿਪ ਦੇ ਸਾਰੇ ਵਿਸ਼ਵ ਰਿਕਾਰਡ ਤੋੜ ਦਿੱਤੇ ਹਨ। ਜੈ ਸ਼ਾਹ ਅਨੁਸਾਰ, ਭਾਰਤ ਅਤੇ ਇੰਗਲੈਂਡ ਦੇ ਇਸ ਰੋਮਾਂਚਕ ਮੁਕਾਬਲੇ ਦੌਰਾਨ ਜੀਓ-ਹੌਟਸਟਾਰ ’ਤੇ ‘ਪੀਕ ਡਿਜੀਟਲ ਕਨਕਰੰਸੀ’ 65.2 ਮਿਲੀਅਨ (6.52 ਕਰੋੜ) ਦਰਸ਼ਕਾਂ ਤੱਕ ਪਹੁੰਚ ਗਈ। ਇਹ ਅੰਕੜਾ ਦੁਨੀਆ ਭਰ ਵਿੱਚ ਕਿਸੇ ਵੀ ਲਾਈਵ ਈਵੈਂਟ ਲਈ ਹੁਣ ਤੱਕ ਦੀ ਸਭ ਤੋਂ ਵੱਧ ਵਿਊਅਰਸ਼ਿਪ ਹੈ। ਇਹ ਪ੍ਰਾਪਤੀ ਦਰਸਾਉਂਦੀ ਹੈ ਕਿ ਭਾਰਤੀ ਪ੍ਰਸ਼ੰਸਕਾਂ ਵਿੱਚ ਕ੍ਰਿਕਟ ਪ੍ਰਤੀ ਕਿੰਨਾ ਵੱਡਾ ਜਨੂੰਨ ਹੈ। ਜੈ ਸ਼ਾਹ ਨੇ ਇਸ ਇਤਿਹਾਸਕ ਅੰਕੜੇ ’ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਦੀ ਆਈ.ਸੀ.ਸੀ. ਟੀਮ ਅਤੇ ਪਾਰਟਨਰ ਜੀਓ-ਸਟਾਰ ਦੀ ਮਿਹਨਤ ਦਾ ਨਤੀਜਾ ਹੈ, ਜਿਨ੍ਹਾਂ ਨੇ ਇੰਨੀ ਵੱਡੀ ਗਿਣਤੀ ਵਿੱਚ ਪ੍ਰਸ਼ੰਸਕਾਂ ਨੂੰ ਜੋੜਿਆ। ਉਨ੍ਹਾਂ ਕਿਹਾ ਕਿ ਇਹ ਖੇਡ, ਮੀਡੀਆ ਅਤੇ ਸਟ?ਰੀਮਿੰਗ ਦੀ ਦੁਨੀਆ ਵਿੱਚ ਨਵੇਂ ਗਲੋਬਲ ਮਾਪਦੰਡ ਸਥਾਪਤ ਕਰਨ ਵਾਲਾ ਪਲ ਹੈ। ਜ਼ਿਕਰਯੋਗ ਹੈ ਕਿ ਇਸ ਮੈਚ ਵਿੱਚ ਭਾਰਤ ਨੇ ਇੰਗਲੈਂਡ ਨੂੰ 7 ਦੌੜਾਂ ਨਾਲ ਹਰਾ ਕੇ ਫਾਈਨਲ ਵਿੱਚ ਜਗ?ਹਾ ਬਣਾਈ ਹੈ। ਮੈਚ ਵਿੱਚ ਸੰਜੂ ਸੈਮਸਨ ਦੀਆਂ 89 ਦੌੜਾਂ ਅਤੇ ਅੰਤਿਮ ਓਵਰਾਂ ਵਿੱਚ ਜਸਪ੍ਰੀਤ ਬੁਮਰਾਹ ਤੇ ਹਾਰਦਿਕ ਪੰਡਯਾ ਦੀ ਸ਼ਾਨਦਾਰ ਗੇਂਦਬਾਜ਼ੀ ਨੇ ਦਰਸ਼ਕਾਂ ਨੂੰ ਅੰਤ ਤੱਕ ਸਕ੍ਰੀਨਾਂ ਨਾਲ ਜੋੜੀ ਰੱਖਿਆ। ਹੁਣ ਭਾਰਤ ਦਾ ਮੁਕਾਬਲਾ 8 ਮਾਰਚ ਨੂੰ ਅਹਿਮਦਾਬਾਦ ਵਿੱਚ ਨਿਊਜ਼ੀਲੈਂਡ ਨਾਲ ਹੋਵੇਗਾ।

# ਪੰਜਾਬ ਦੇ ਘਰੇਲੂ, ਵਪਾਰਕ ਅਤੇ ਉਦਯੋਗਿਕ ਖਪਤਕਾਰਾਂ ਲਈ ਬਿਜਲੀ ਦਰਾਂ ਵਿੱਚ ਕਟੌਤੀ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ, 6 ਮਾਰਚ: ਪੰਜਾਬ ਭਰ ਵਿੱਚ ਘਰਾਂ, ਕਾਰੋਬਾਰਾਂ ਅਤੇ ਉਦਯੋਗਾਂ ਨੂੰ ਵੱਡੀ ਰਾਹਤ ਦਿੰਦਿਆਂ ਵਿੱਤੀ ਸਾਲ 2026-27 ਲਈ ਵੱਖ-ਵੱਖ ਸ੍ਰੇਣੀ ਦੇ ਖਪਤਕਾਰਾਂ ਲਈ ਬਿਜਲੀ ਦਰਾਂ ਵਿੱਚ ਕਟੌਤੀ ਕੀਤੀ ਗਈ ਹੈ, ਜਿਸ ਨਾਲ ਘਰੇਲੂ ਖਪਤਕਾਰਾਂ ਲਈ ਬਿਜਲੀ ਦਰਾਂ ਪ੍ਰਤੀ ਯੂਨਿਟ 1.5 ਰੁਪਏ ਤੱਕ, ਵਪਾਰਕ ਉਪਭੋਗਤਾਵਾਂ ਲਈ 79 ਪੈਸੇ ਪ੍ਰਤੀ ਯੂਨਿਟ ਅਤੇ ਉਦਯੋਗਿਕ ਇਕਾਈਆਂ ਲਈ 74 ਪੈਸੇ ਪ੍ਰਤੀ ਯੂਨਿਟ ਤੱਕ ਕਟੌਤੀ ਕੀਤੀ ਗਈ ਹੈ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਵਿਸ਼ਵਜੀਤ ਖੰਨਾ, ਆਈਏਐਸ (ਸੇਵਾਮੁਕਤ) ਦੀ ਪ੍ਰਧਾਨਗੀ ਅਤੇ ਮੈਂਬਰ ਰਵਿੰਦਰ ਸਿੰਘ ਸੈਣੀ (ਮੈਂਬਰ ਟੈਕਨੀਕਲ) ਅਤੇ ਰਵੀ ਕੁਮਾਰ (ਮੈਂਬਰ ਲੀਗਲ) ਮੌਜੂਦਗੀ ’ਚ ਜਾਰੀ ਕੀਤਾ ਗਿਆ ਨਵਾਂ ਟੈਰਿਫ ਆਰਡਰ 1 ਅਪ੍ਰੈਲ, 2026 ਤੋਂ 31 ਮਾਰਚ, 2027 ਤੱਕ ਲਾਗੂ ਹੋ ਜਾਵੇਗਾ। ਇਸ ਫੈਸਲੇ ਨੂੰ ਵੱਡਾ ਲੋਕ-ਪੱਖੀ ਕਦਮ ਕਰਾਰ ਦਿੰਦਿਆਂ ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਵੱਖ-ਵੱਖ ਸ਼?ਰੇਣੀਆਂ ਦੇ ਟੈਰਿਫ ਵਿੱਚ ਕਟੌਤੀ ਨਾਲ ਘਰੇਲੂ ਖ਼ਪਤਕਾਰਾਂ ਨੂੰ ਕਾਫ਼ੀ ਰਾਹਤ ਮਿਲੇਗੀ, ਐਮ.ਐਸ.ਐਮ.ਈ. ਨੂੰ ਮਜ਼ਬੂਤ ਹੋਣਗੇ ਅਤੇ ਪੰਜਾਬ ਵਿੱਚ ਉਦਯੋਗਿਕ ਮੁਕਾਬਲੇਬਾਜ਼ੀ ਨੂੰ ਹੁਲਾਰਾ ਮਿਲੇਗਾ। ਉਨ੍ਹਾਂ ਅੱਗੇ ਕਿਹਾ ਕਿ ਈ.ਵੀ. ਚਾਰਜਿੰਗ ਟੈਰਿਫ ਨੂੰ 5 ਰੁਪਏ ਪ੍ਰਤੀ ਯੂਨਿਟ ਤੱਕ ਕਟੌਤੀ, ਜੋ ਦੇਸ਼ ਵਿੱਚ ਸਭ ਤੋਂ ਘੱਟ ਹੈ, ਦੇ ਨਾਲ-ਨਾਲ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ) ਦੇ ਵਿੱਤੀ ਬਦਲਾਅ ਦੇ ਨਾਲ, ਜਿਸਨੇ ਏ+ ਰੇਟਿੰਗ ਪ੍ਰਾਪਤ ਕੀਤੀ ਹੈ ਅਤੇ 2634 ਕਰੋੜ ਦਾ ਮੁਨਾਫਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਇਹ ਫੈਸਲਾ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਦੇ ਬਿਜਲੀ ਖੇਤਰ ਦੀ ਵਧਦੀ ਕੁਸ਼ਲਤਾ ਦੀ ਮੂੰਹ ਬੋਲਦੀ ਤਸਵੀਰ ਹੈ। ਸੋਧੇ ਹੋਏ ਟੈਰਿਫ ਢਾਂਚੇ ਨਾਲ



ਬਿਜਲੀ ਖੇਤਰ ਦੀ ਵਿੱਤੀ ਮਜ਼ਬੂਤੀ ਦੇ ਨਾਲ-ਨਾਲ ਖਪਤਕਾਰਾਂ ਨੂੰ ਕਿਫ਼ਾਇਤੀ ਦਰਾਂ ਤੇ ਬਿਜਲੀ ਮਿਲੇਗੀ। ਘਰੇਲੂ ਖਪਤਕਾਰਾਂ ਨੂੰ ਖਪਤ ਸਲੈਬਾਂ ਦੇ ਆਧਾਰ ’ਤੇ ਪ੍ਰਤੀ ਯੂਨਿਟ 1.5 ਰੁਪਏ ਤੱਕ ਦੀ ਕਟੌਤੀ , ਵਪਾਰਕ ਅਦਾਰਿਆਂ ਨੂੰ ਪ੍ਰਤੀ ਯੂਨਿਟ 79 ਪੈਸੇ ਤੱਕ ਦੀ ਕਟੌਤੀ ਦਾ ਲਾਭ ਅਤੇ ਉਦਯੋਗਿਕ ਖਪਤਕਾਰਾਂ ਨੂੰ ਪ੍ਰਤੀ ਯੂਨਿਟ 74 ਪੈਸੇ ਤੱਕ ਦੀ ਕਟੌਤੀ ਦੀ ਰਾਹਤ ਮਿਲੇਗੀ। ਮੀਡੀਆ ਨਾਲ ਗੱਲਬਾਤ ਕਰਦਿਆਂ ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਕਿਹਾ, “ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਅਗਵਾਈ ਹੇਠ ਪੰਜਾਬ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਬਿਜਲੀ ਦਰਾਂ ਖਪਤਕਾਰ-ਅਨੁਕੂਲ ਰਹਿਣ ਅਤੇ ਸੂਬੇ ਵਿੱਚ ਉਦਯੋਗਿਕ ਵਿਕਾਸ ਅਤੇ ਆਰਥਿਕ ਵਿਕਾਸ ਨੂੰ ਵੀ ਹੁਲਾਰਾ ਮਿਲੇ।” ਘਰੇਲੂ ਖਪਤਕਾਰਾਂ ਨੂੰ ਮਿਲਣ ਵਾਲੇ ਲਾਭਾਂ ਬਾਰੇ ਦੱਸਦੇ ਹੋਏ ਸੰਜੀਵ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਮੁਫ਼ਤ ਬਿਜਲੀ ਪਹਿਲਕਦਮੀ ਰਾਹੀਂ ਸੂਬੇ ਦੇ ਲੋਕਾਂ ਨੂੰ ਕਾਫ਼ੀ ਸਹਾਇਤਾ ਪਹਿਲਾਂ ਵਾਂਗ ਮਿਲਦੀ ਰਹੇਗੀ। ਉਨ੍ਹਾਂ ਕਿਹਾ ,“ਪ੍ਰਤੀ ਮਹੀਨਾ 300 ਯੂਨਿਟ ਬਿਜਲੀ, ਅਤੇ ਜੋ ਪ੍ਰਤੀ ਬਿਲਿੰਗ ਸਾਈਕਲ 600 ਯੂਨਿਟ ਹੈ, ਰਾਹੀਂ ਘਰਾਂ ਲਈ ਪੂਰੀ ਤਰ੍ਹਾਂ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਪੰਜਾਬ ਦੇ 90 ਫੀਸਦੀ ਤੋਂ ਵੱਧ ਘਰ ਪਹਿਲਾਂ ਹੀ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁਫ਼ਤ ਬਿਜਲੀ ਯੋਜਨਾ ਦਾ ਲਾਭ ਲੈ ਰਹੇ ਹਨ,।” ਉਨ੍ਹਾਂ ਅੱਗੇ ਕਿਹਾ ਕਿ ਮੁਫ਼ਤ ਕੋਟੇ ਤੋਂ ਵੱਧ ਖ਼ਪਤ ਕਰਨ ਵਾਲੇ ਘਰਾਂ ਲਈ ਵੀ, ਟੈਰਿਫ ਘਟਾ ਦਿੱਤੇ ਗਏ ਹਨ। ਮੰਤਰੀ ਸੰਜੀਵ ਅਰੋੜਾ ਨੇ ਕਿਹਾ, “ 300 ਯੂਨਿਟਾਂ ਤੋਂ ਵੱਧ ਖਪਤ ਲਈ, ਟੈਰਿਫ ਵਿੱਚ ਪ੍ਰਤੀ ਯੂਨਿਟ 0.70 ਦੀ ਕਟੌਤੀ ਕੀਤੀ ਗਈ ਹੈ, ਜਿਸ ਨਾਲ ਵੱਧ ਖਪਤ ਵਾਲੇ ਘਰਾਂ ਨੂੰ ਵੀ ਕਾਫ਼ੀ ਰਾਹਤ ਮਿਲੇਗੀ । ਪੰਜਾਬ ਸਰਕਾਰ ਨੇ ਘਰੇਲੂ ਖਪਤਕਾਰਾਂ ਲਈ ਫਿਕਸਡ ਖ਼ਰਚੇ ਵੀ ਘਟਾ ਦਿੱਤੇ ਹਨ। 2 ਕਿਲੋਵਾਟ ਤੋਂ 7 ਕਿਲੋਵਾਟ ਦੇ ਵਿਚਕਾਰ ਲੋਡ ਵਾਲੇ ਘਰਾਂ ਲਈ, ਫਿਕਸਡ ਖਰਚਾ 5 ਪ੍ਰਤੀ ਕਿਲੋਵਾਟ , ਜਦਕਿ 7 ਕਿਲੋਵਾਟ ਤੋਂ 20 ਕਿਲੋਵਾਟ ਵਿਚਕਾਰ ਲੋਡ ਵਾਲੇ ਘਰਾਂ ਲਈ, ਫਿਕਸਡ ਖਰਚੇ 10 ਰੁਪਏ ਪ੍ਰਤੀ ਕਿਲੋਵਾਟ ਘਟਾ ਦਿੱਤੇ ਗਏ ਹਨ। **Contd.......page-3**



# ਪ੍ਰਸ਼ਾਦ ਦਾ ਲਾਲਚ ਦੇ ਕੇ ਤਿੰਨ ਬੱਚਿਆਂ ਨੂੰ ਕਾਰ ’ਚ ਲਿਜਾਣ ਦਾ ਦੋਸ਼, ਪੁਲਸ ਵਲੋਂ ਜਾਂਚ ਜਾਰੀ

**ਕੌਮੀ ਪਤ੍ਰਿਕਾ**

ਬਠਿੰਡਾ 6 ਮਾਰਚ। ਹੋਲੀ ਦੇ ਦਿਨ ਸ਼ਹਿਰ ਦੀ ਧੋਬਿਆਣਾ ਬਸਤੀ ’ਚ ਉਸ ਵੇਲੇ ਦਹਿਸ਼ਤ ਫੈਲ ਗਈ, ਜਦੋਂ ਇੱਕ ਕਾਰ ਸਵਾਰ ਮਰਦ ਅਤੇ ਔਰਤ ‘ਤੇ ਤਿੰਨ ਮਾਸੂਮ ਬੱਚਿਆਂ ਨੂੰ ਪ੍ਰਸ਼ਾਦ ਦਾ ਲਾਲਚ ਦੇ ਕੇ ਆਪਣੇ ਨਾਲ ਲੈ ਕੇ ਜਾਣ ਦਾ ਦੋਸ਼ ਲੱਗਾ। ਘਟਨਾ ਦੀ ਸੂਚਨਾ ਮਿਲਦੇ ਹੀ ਇਲਾਕੇ ’ਚ ਹੜਕੰਪ ਮਚ ਗਿਆ ਅਤੇ ਪਰਿਵਾਰਕ ਮੈਂਬਰਾਂ ਨੇ ਬੱਚਿਆਂ ਦੇ ਅਗਵਾ ਹੋਣ ਦੀ ਆਸ਼ੰਕਾ ਜਤਾਈ। ਸੂਚਨਾ ਮਿਲਣ ਉਪਰੰਤ ਪੀ. ਸੀ. ਆਰ. ਟੀਮਾਂ ਮੌਕੇ ‘ਤੇ ਪਹੁੰਚ ਗਈਆਂ ਅਤੇ ਕੰਟਰੋਲ ਰੂਮ ਰਾਹੀਂ ਅਲਰਟ ਜਾਰੀ ਕੀਤਾ ਗਿਆ। ਹਾਲਾਂਕਿ ਕੁੱਝ ਹੀ ਸਮੇਂ ਬਾਅਦ ਤਿੰਨੇ ਬੱਚੇ ਸੁਰੱਖਿਅਤ ਤੌਰ ‘ਤੇ ਬਸਤੀ ’ਚ ਵਾਪਸ ਆ ਗਏ, ਜਿਸ ਨਾਲ ਪਰਿਵਾਰ ਨੇ ਰਾਹਤ ਦਾ ਸਾਹ ਲਿਆ। ਜਾਣਕਾਰੀ ਅਨੁਸਾਰ ਹੋਲੀ ਦੇ ਦਿਨ ਫੂਲਨ ਕੁਮਾਰੀ ਨੇ ਆਪਣੇ ਚਾਰ ਬੱਚਿਆਂ ਨੂੰ ਨੇੜਲੀ ਦੁਕਾਨ ਤੋਂ ਸਮਾਨ ਲਿਆਉਣ ਲਈ ਭੇਜਿਆ ਸੀ। ਬੱਚਿਆਂ ਦੀ ਉਮਰ ਤਿੰਨ ਤੋਂ ਸੱਤ ਸਾਲ ਦਰਮਿਆਨ ਦੱਸੀ ਜਾ ਰਹੀ ਹੈ। ਇਨ੍ਹਾਂ ’ਚ ਦੋ ਮੁੰਡੇ ਅਤੇ ਦੋ ਕੁੜੀਆਂ ਸ਼ਾਮਲ ਸਨ। ਪਰਿਵਾਰ ਦੀ ਧੀ ਖੁਸ਼ਬੂ ਨੇ ਦੱਸਿਆ ਕਿ ਰਸਤੇ ’ਚ ਇੱਕ ਫੋਰਡ ਕਾਰ ’ਚ ਸਵਾਰ ਮਰਦ ਅਤੇ ਗੁਲਾਬੀ ਸੂਟ ਪਹਿਨੀ ਔਰਤ ਨੇ ਉਨ੍ਹਾਂ ਨੂੰ ਪ੍ਰਸ਼ਾਦ ਦਿਵਾਉਣ ਦੀ ਗੱਲ ਕਹੀ ਅਤੇ ਉਸ ਦੇ ਤਿੰਨ ਭੈਣ-ਭਰਾਵਾਂ ਨੂੰ ਕਾਰ ’ਚ ਬਿਠਾ ਕੇ ਲੈ ਗਏ। ਖੁਸ਼ਬੂ ਨੇ ਇਹ ਕਹਿ ਕੇ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਉਨ੍ਹਾਂ ਨੂੰ ਨਹੀਂ ਜਾਣਦੀ। ਇਸ ਤੋਂ ਬਾਅਦ ਉਸ ਨੇ ਤੁਰੰਤ ਬਸਤੀ ’ਚ ਆ ਕੇ ਪਰਿਵਾਰ ਨੂੰ ਜਾਣਕਾਰੀ ਦਿੱਤੀ। ਮਾਮਲੇ ਦੀ ਸੂਚਨਾ ਮਿਲਦੇ ਹੀ ਇਲਾਕੇ ’ਚ ਹੜਕੰਪ ਮਚ ਗਿਆ। ਪਰਿਵਾਰਕ ਮੈਂਬਰਾਂ ਨੇ ਧੋਬਿਆਣਾ ਬਸਤੀ ਦੇ ਨੇੜੇ ਹੋਲੀ ਦੌਰਾਨ ਹੁੜਦੰਗ ਰੋਕਣ ਲਈ ਤਾਇਨਾਤ ਪੀ. ਸੀ. ਆਰ. ਟੀਮਾਂ ਨੂੰ ਸੂਚਿਤ ਕੀਤਾ। ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਜਾਂਚ ਸ਼ੁਰੂ ਕਰ ਦਿੱਤੀ। ਇਸ ਦੌਰਾਨ ਬਸਤੀ ਦੇ ਰਹਿਣ ਵਾਲੇ ਕਰਨ ਨੂੰ ਤਿੰਨੋ ਬੱਚੇ ਰਸਤੇ ’ਚ ਮਿਲੇ, ਜਿਨ੍ਹਾਂ ਨੂੰ ਉਹ ਸੁਰੱਖਿਅਤ ਘਰ ਵਾਪਸ ਲੈ ਆਇਆ। ਬੱਚਿਆਂ ਦੇ ਵਾਪਸ ਆਉਣ ਤੋਂ ਬਾਅਦ ਪੁਲਸ ਨੇ ਨੇੜਲੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਖੰਗਾਲਣੀ ਸ਼ੁਰੂ ਕਰ ਦਿੱਤੀ ਹੈ। ਪੁਲਸ ਇਸ ਮਾਮਲੇ ਨੂੰ ਦੋ ਪੱਖਾਂ ਤੋਂ ਦੇਖ ਰਹੀ ਹੈ। ਇੱਕ ਪੱਖ ਇਹ ਹੈ ਕਿ ਕਿਤੇ ਇਹ ਧਾਰਮਿਕ ਪਰੰਪਰਾਵਾਂ ਅਨੁਸਾਰ ਪ੍ਰਸ਼ਾਦ ਖਿਲਾਉਣ ਲਈ ਲੈ ਜਾਣ ਦਾ ਮਾਮਲਾ ਤਾਂ ਨਹੀਂ, ਜਿਵੇਂ ਕਿ ਕੰਜਕ ਪੂਜਨ ਜਾਂ ਹੋਰ ਧਾਰਮਿਕ ਸਮਾਗਮਾਂ ਦੌਰਾਨ ਕਈ ਵਾਰ ਹੁੰਦਾ ਹੈ। ਹਾਲਾਂਕਿ ਆਮ ਤੌਰ ‘ਤੇ ਅਜਿਹੇ ਮੌਕਿਆਂ ‘ਤੇ ਪਰਿਵਾਰਕ ਮੈਂਬਰਾਂ ਤੋਂ ਇਜਾਜ਼ਤ ਲਈ ਜਾਂਦੀ ਹੈ। ਦੂਜੇ ਪੱਖ ਤੋਂ ਪੁਲਸ ਇਹ ਵੀ ਜਾਂਚ ਰਹੀ ਹੈ ਕਿ ਬੱਚਿਆਂ ਨੂੰ ਲੈ ਜਾਣ ਵਾਲੇ ਲੋਕ ਕੌਣ ਸਨ ਅਤੇ ਕਿਤੇ ਉਨ੍ਹਾਂ ਦੀ ਮੰਸ਼ਾ ਗਲਤ ਤਾਂ ਨਹੀਂ ਸੀ। ਥਾਣਾ ਸਿਵਲ ਲਾਈਨ ਦੇ ਸਬ ਇੰਸਪੈਕਟਰ ਰਘੁਵੀਰ ਸਿੰਘ ਨੇ ਦੱਸਿਆ ਕਿ ਪਰਿਵਾਰ ਅਤੇ ਸਥਾਨਕ ਲੋਕਾਂ ਦੇ ਬਿਆਨਾਂ ਦੇ ਆਧਾਰ ‘ਤੇ ਜਾਂਚ ਕੀਤੀ ਜਾ ਰਹੀ ਹੈ। ਕਾਰ ਸਵਾਰ ਮਰਦ ਅਤੇ ਔਰਤ ਦੀ ਪਛਾਣ ਲਈ ਕੋਸ਼ਿਸ਼ਾਂ ਜਾਰੀ ਹਨ ਅਤੇ ਸੀ. ਸੀ. ਟੀ. ਵੀ. ਫੁਟੇਜ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੂਰੀ ਜਾਂਚ ਤੋਂ ਬਾਅਦ ਹੀ ਅਗਲਾ ਖੁਲਾਸਾ ਕੀਤਾ ਜਾਵੇਗਾ। ਘਟਨਾ ਤੋਂ ਬਾਅਦ ਧੋਬਿਆਣਾ ਬਸਤੀ ਵਿੱਚ ਡਰ ਦਾ ਮਾਹੌਲ ਹੈ ਅਤੇ ਲੋਕਾਂ ਨੇ ਪੁਲਸ ਤੋਂ ਗਸ਼ਤ ਵਧਾਉਣ ਦੀ ਮੰਗ ਕੀਤੀ ਹੈ।

# ਫੈਕਟਰੀ ਮਾਲਕ ਦਾ ਚਾਕੂ ਮਾਰ ਕੇ ਕਤਲ, ਹਮਲਾਵਰ ਫਰਾਰ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 6 ਮਾਰਚ। ਦਿੱਲੀ ਦੇ ਨਰੇਲਾ ਇਲਾਕੇ ’ਚ ਸਥਿਤ ਇਕ ਫੈਕਟਰੀ ਦੇ ਬਾਹਰ ਉਸ ਦੇ ਮਾਲਕ ਦਾ ਅਣਪਛਾਤੇ ਹਮਲਾਵਰਾਂ ਨੇ ਚਾਕੂ ਮਾਰ ਕੇ ਕਤਲ ਕਰ ਦਿੱਤਾ। ਪੁਲਸ ਨੇ ਸ਼ਨੀਵਾਰ ਨੂੰ ਦੱਸਿਆ ਕਿ ਫੈਕਟਰੀ ਮਾਲਕ ਨੂੰ ਸ਼ੁੱਕਰਵਾਰ ਰਾਤ ਬੇਹੋਸ਼ੀ ਦੀ ਹਾਲਤ ’ਚ ਸੱਤਿਆਵਾਦੀ ਰਾਜਾ ਹਰੀਸ਼ ਚੰਦਰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਡਿਪਟੀ ਕਮਿਸ਼ਨਰ ਹਰੇਸ਼ਵਰ ਸਵਾਮੀ ਨੇ ਦੱਸਿਆ ਕਿ ਮੈਡੀਕਲ ਜਾਂਚ ’ਚ ਫੈਕਟਰੀ ਮਾਲਕ ਦੀ ਗਰਦਨ, ਮੋਢੇ ਅਤੇ ਪਿੱਠ ਦੇ ਹੇਠਲੇ ਹਿੱਸੇ ’ਤੇ ਚਾਕੂ ਦੇ ਕਈ ਜ਼ਖ਼ਮ ਮਿਲੇ। ਪੁਲਸ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ’ਚ ਪਤਾ ਲੱਗਾ ਕਿ ਰਵੀ (28) ਨੇ ਨਰੇਲਾ ਦੇ ਡੀਐੱਸਆਈਆਈਡੀਸੀ ਉਦਯੋਗਿਕ ਖੇਤਰ ’ਚ ਇਕ ਫੈਕਟਰੀ ਕਿਰਾਏ ’ਤੇ ਲਈ ਸੀ, ਜਿੱਥੇ ਉਹ ਬੂਟ ਬਣਾਉਣ ਦਾ ਵਪਾਰ ਕਰਦਾ ਸੀ। ਪੁਲਸ ਨੇ ਦੱਸਿਆ ਕਿ ਰਵੀ ਨਰੇਲਾ ’ਚ ਰਹਿੰਦਾ ਸੀ ਅਤੇ ਮੂਲ ਰੂਪ ਨਾਲ ਰਾਜਸਥਾਨ ਦੇ ਭਰਤਪੁਰ ਜ਼ਿਲ੍ਹੇ ਦਾ ਰਹਿਣ ਵਾਲਾ ਸੀ। ਪੁਲਸ ਨੇ ਦੱਸਿਆ ਕਿ 20 ਫਰਵਰੀ ਦੀ ਰਾਤ ਕਰੀਬ 8.30 ਵਜੇ ਫੈਕਟਰੀ ਬੰਦ ਕਰਨ ਤੋਂ ਬਾਅਦ ਇਕ ਠੇਕੇਦਾਰ ਨੂੰ ਚਾਬੀਆਂ ਦੇ ਕੇ ਰਵੀ ਇਕ ਹੋਰ ਸਾਥੀ ਨਾਲ ਮੋਟਰਸਾਈਕਲ ’ਤੇ ਜਾਣ ਲੱਗਾ




ਅਤੇ ਇਸ ਵਿਚ ਕੁਝ ਅਣਪਛਾਤੇ ਲੋਕਾਂ ਨੇ ਉਸ ’ਤੇ ਚਾਕੂ ਨਾਲ ਹਮਲਾ ਕਰ ਦਿੱਤਾ ਅਤੇ ਉਸ ਤੋਂ ਬਾਅਦ ਹਮਲਾਵਰ ਫਰਾਰ ਹੋ ਗਏ। ਪੁਲਸ ਨੇ ਦੱਸਿਆ ਕਿ ਸੰਬੰਧਤ ਧਾਰਾਵਾਂ ਦੇ ਅਧੀਨ ਇਕ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਹਮਲਾਵਰਾਂ ਦਾ ਪਤਾ ਲਗਾਉਣ ਲਈ ਕਈ ਟੀਮਾਂ ਗਠਿਤ ਕੀਤੀਆਂ ਗਈਆਂ ਹਨ।

# ਪੁਲਸ ਦੀ ਗੁੰਡਾਗਰਦੀ ! ਹਵਾਈ ਫੌਜ ਦੇ ਜਵਾਨ ਨੂੰ ਬੇਰਹਿਮੀ ਨਾਲ ਕੁੱਟਿਆ, ਪਾੜਿਆ ਕੰਨ ਦਾ ਪਰਦਾ

ਨੈਸ਼ਨਲ ਡੈਸਕ 6 ਮਾਰਚ। ਉੱਤਰ ਪ੍ਰਦੇਸ਼ ਦੇ ਕਾਨਪੁਰ ਤੋਂ ਖਾਕੀ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ, ਜਿੱਥੇ ਘਾਟਮਪੁਰ ਥਾਣੇ ਦੀ ਪੁਲਿਸ ’ਤੇ ਹਵਾਈ ਫੌਜ ਦੇ ਇੱਕ ਜਵਾਨ ਨਾਲ ਬੇਰਹਿਮੀ ਨਾਲ ਕੁੱਟਮਾਰ ਕਰਨ ਦੇ ਗੰਭੀਰ ਦੋਸ਼ ਲੱਗੇ ਹਨ। ਪੁਲਸ ਦੀ ਇਸ ਬਰਬਰਤਾ ਕਾਰਨ ਜਵਾਨ ਦੇ ਕੰਨ ਦਾ ਪਰਦਾ ਫਟ ਗਿਆ ਹੈ, ਜਿਸ ਦੀ ਪੁਸ਼ਟੀ ਇਲਾਜ ਦੌਰਾਨ ਹੋਈ ਹੈ। ਜਾਣਕਾਰੀ ਅਨੁਸਾਰ ਘਾਟਮਪੁਰ ਖੇਤਰ ਦੇ ਪਿੰਡ ਦੇਵਮਨਪੁਰ ਦਾ ਰਹਿਣ ਵਾਲਾ ਨਿਤੀਸ਼ ਸਚਾਨ ਹਵਾਈ ਫੌਜ ਵਿੱਚ ਤਾਇਨਾਤ ਹੈ। ਉਹ 19 ਫਰਵਰੀ ਦੀ ਰਾਤ ਨੂੰ ਇੱਕ ਵਿਆਹ ਸਮਾਗਮ ਵਿੱਚ ਸ਼ਾਮਲ ਹੋ ਕੇ ਪੈਦਲ ਵਾਪਸ ਪਰਤ ਰਿਹਾ ਸੀ। ਰਸਤੇ ਵਿੱਚ ਘਾਟਮਪੁਰ ਥਾਣੇ ਦੀ ਪੈਟਰੋਲਿੰਗ ਟੀਮ ਨੇ ਉਸ ਨੂੰ ਰੋਕ ਲਿਆ ਅਤੇ ਪੁੱਛਗਿੱਛ ਦੇ ਬਹਾਨੇ ਗਾਲੀ-ਗਲੋਚ ਸ਼ੁਰੂ ਕਰ ਦਿੱਤੀ। ਵਾਇਰਲ ਹੋਈ ਇੱਕ ਵੀਡੀਓ ਵਿੱਚ ਪੀੜਤ ਜਵਾਨ ਨੇ ਦੱਸਿਆ ਕਿ ਜਦੋਂ ਉਸ ਨੇ ਪੁਲਸ ਮੁਲਾਜ਼ਮਾਂ ਨੂੰ ਇੱਜ਼ਤ ਨਾਲ ਗੱਲ ਕਰਨ ਲਈ ਕਿਹਾ ਅਤੇ ਆਪਣੀ ਪਛਾਣ ਇੱਕ ਫੌਜੀ ਵਜੋਂ ਦਿੱਤੀ, ਤਾਂ ਪੁਲਸ ਮੁਲਾਜ਼ਮਾਂ ਨੇ ਕਥਿਤ ਤੌਰ ’ਤੇ ਕਿਹਾ, ਫੌਜੀ ਤਾਂ ਚੋਰ ਹੁੰਦੇ ਹਨ। ਇਸ ਤੋਂ ਬਾਅਦ ਪੁਲਸ ਉਸ ਨੂੰ ਜ਼ਬਰਦਸਤੀ ਗੱਡੀ ਵਿੱਚ ਬਿਠਾ ਕੇ ਥਾਣੇ ਲੈ ਗਈ, ਜਿੱਥੇ ਉਸ ਦੀ ਬੇਰਹਿਮੀ ਨਾਲ ਪਿਟਾਈ ਕੀਤੀ ਗਈ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਤੋਂ ਬਾਅਦ ਪੁਲਿਸ ਦੀ ਕਾਰਜਸ਼ੈਲੀ ’ਤੇ ਵੱਡੇ ਸਵਾਲ ਖੜ੍ਹੇ ਹੋ ਗਏ ਹਨ। ਮਾਮਲੇ ਨੂੰ ਤੂਲ ਫੜਦਾ ਦੇਖ ਡੀਜੀਪੀ ਨੇ ਇਸ ਪੂਰੀ ਘਟਨਾ ਦੀ ਜਾਂਚ ਦੇ ਹੁਕਮ ਜਾਰੀ ਕਰ ਦਿੱਤੇ ਹਨ। ਫਿਲਹਾਲ ਪੀੜਤ ਜਵਾਨ ਦਾ ਇਲਾਜ ਚੱਲ ਰਿਹਾ ਹੈ ਅਤੇ ਉਹ ਇਨਸਾਫ਼ ਦੀ ਮੰਗ ਕਰ ਰਿਹਾ ਹੈ।

## ਜਲੰਧਰ ’ਚ ਬੱਸ ਸਟੈਂਡ ਦੇ ਬਾਹਰ 20 ਰੁਪਏ ਦੀ ਸਵਾਰੀ ਨੂੰ ਲੈ ਕੇ ਈ-ਰਿਕਸ਼ਾ ਚਾਲਕਾਂ ’ਚ ਹੋਈ ਬਹਿਸਬਾਜ਼ੀ

ਜਲੰਧਰ 6 ਮਾਰਚ। ਬੱਸ ਸਟੈਂਡ ਦੇ ਬਾਹਰ ਸਵਾਰੀ ਨੂੰ ਲੈ ਕੇ ਰਿਕਸ਼ਾ ਚਾਲਕ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਗਏ। ਦਰਅਸਲ ਸਿਰਫ਼ 20 ਰੁਪਏ ਦੀ ਸਵਾਰੀ ਨੂੰ ਲੈ ਕੇ ਦੋ ਈ-ਰਿਕਸ਼ਾ ਚਾਲਕਾਂ ਵਿਚਕਾਰ ਝੜਪ ਹੋ ਗਈ। ਇਕ ਈ-ਰਿਕਸ਼ਾ ਚਾਲਕ ਨੇ ਦੂਜੇ ’ਤੇ ਪੈਸੇ ਮੰਗਣ ਦੇ ਦੋਸ਼ ਲਗਾਏ ਹਨ। ਪੀੜਤ ਦਾ ਦਾਅਵਾ ਹੈ ਕਿ ਉਸ ਨੇ 20 ਰੁਪਏ ਦੀ ਸਵਾਰੀ ਲਈ 50



ਰੁਪਏ ਮੰਗੇ ਸਨ। ਇਸ ਦੌਰਾਨ ਦੂਜੇ ਈ-ਰਿਕਸ਼ਾ ਚਾਲਕ ਨੇ ਉਸ ਨੂੰ ਮਾਂ ਸ਼ਬਦ ਦਾ ਇਸਤੇਮਾਲ ਕਰਦੇ ਹੋਏ 100 ਰੁਪਏ ਮੰਗਣ ਲਈ ਕਹਿਣ ਲੱਗਾ, ਜਿਸ ਤੋਂ ਬਾਅਦ ਦੋਵੇਂ ਚਾਲਕਾਂ ਵਿਚਾਲੇ ਝਗੜਾ ਹੋ ਗਿਆ। ਪੀੜਤ ਨੇ ਈ-ਰਿਕਸ਼ਾ ਚਾਲਕ ’ਤੇ ਪੈਸੇ ਨਾ ਦੇਣ ਨੂੰ ਲੈ ਕੇ ਕੁੱਟਮਾਰ ਕਰਨ ਦਾ ਦੋਸ਼ ਲਗਾਇਆ ਹੈ। ਇਕ ਹੋਰ ਈ-ਰਿਕਸ਼ਾ ਚਾਲਕ ਦਾ ਕਹਿਣਾ ਹੈ ਕਿ ਉਸ ਨੇ ਪਹਿਲਾਂ ਹੱਥੋਪਾਈ ਕੀਤੀ ਹੈ । ਝੜਪ ਦੀ ਇਕ ਵੀਡੀਓ ਸਾਹਮਣੇ ਆਈ ਹੈ, ਜਿਸ ਵਿੱਚ ਲਾਲ ਟੀ-ਸ਼ਰਟ ਪਹਿਨੇ ਇਕ ਵਿਅਕਤੀ ਨੂੰ ਗੁਲਾਬੀ ਕਮੀਜ਼ ਪਹਿਨੇ ਇਕ ਵਿਅਕਤੀ ਨਾਲ ਝੜਪ ਕਰਦੇ ਹੋਏ ਵਿਖਾਇਆ ਗਿਆ ਹੈ। ਲੋਕਾਂ ਨੇ ਕਿਹਾ ਕਿ ਕੁਝ ਵਿਅਕਤੀਆਂ ਵੱਲੋਂ ਸਵਾਰੀ ਨੂੰ ਲੈ ਕੇ ਇੰਝ ਹੀ ਪੈਸੇ ਵਸੂਲੇ ਜਾ ਰਹੇ ਹਨ।

## ਭਿੰਡ-ਗਵਾਲੀਅਰ ਹਾਈਵੇਅ ’ਤੇ ਬੱਸ-ਵੈਨ ਦੀ ਭਿਆਨਕ ਟੱਕਰ, ਪੰਜ ਲੋਕਾਂ ਦੀ ਮੌਤ

ਭਿੰਡ 6 ਮਾਰਚ। ਮੱਧ ਪ੍ਰਦੇਸ਼ ਦੇ ਭਿੰਡ-ਗਵਾਲੀਅਰ ਰਾਸ਼ਟਰੀ ਰਾਜਮਾਰਗ ਨੰਬਰ 719 ’ਤੇ ਇੱਕ ਬੱਸ ਅਤੇ ਵੈਨ ਵਿਚਕਾਰ ਆਹਮੋ-ਸਾਹਮਣੇ ਭਿਆਨਕ ਟੱਕਰ ਹੋ ਜਾਣ ਦੀ ਸੂਚਨਾ ਮਿਲੀ। ਇਸ ਹਾਦਸੇ ਦੌਰਾਨ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ ਸੱਤ ਹੋਰ ਗੰਭੀਰ ਜ਼ਖ਼ਮੀ ਹੋ ਗਏ। ਜ਼ਖ਼ਮੀ ਲੋਕਾਂ ਨੂੰ ਗਵਾਲੀਅਰ ਰੈਫਰ ਕਰ ਦਿੱਤਾ ਗਿਆ ਹੈ। ਸ਼ੁੱਕਰਵਾਰ ਅਤੇ ਸ਼ਨੀਵਾਰ ਦੀ ਦਰਮਿਆਨੀ ਰਾਤ ਲਗਭਗ 3 ਵਜੇ ਹੋਈ ਇਹ ਟੱਕਰ ਇੰਨੀ ਭਿਆਨਕ ਸੀ ਕਿ ਵੈਨ ਪੂਰੀ ਤਰ੍ਹਾਂ ਕੁਚਲ ਗਈ। ਹਾਦਸੇ ਤੋਂ ਬਾਅਦ ਯਾਤਰੀ ਅੰਦਰ ਫਸ ਗਏ ਸਨ। ਇਹ ਹਾਦਸਾ ਗੋਹਦ ਚੌਰਾਹਾ ਪੁਲਸ




ਸਟੇਸ਼ਨ ਦੀ ਸੀਮਾ ਅਧੀਨ ਆਉਂਦੇ ਛੀਮਕਾ ਪਿੰਡ ਨੇੜੇ ਵਾਪਰਿਆ ਹੈ। ਗੋਹਦ ਚੌਰਾਹਾ ਪੁਲਸ ਸਟੇਸ਼ਨ ਦੇ ਇੰਚਾਰਜ ਮਨੀਸ਼ ਧਾਕੜ ਦੇ ਅਨੁਸਾਰ ਈਕੋ ਵੈਨ ਗਵਾਲੀਅਰ ਤੋਂ ਯਾਤਰੀਆਂ ਨੂੰ ਲੈ ਕੇ ਭਿੰਡ ਵੱਲ ਆ ਰਹੀ ਸੀ, ਜਦੋਂ ਕਿ ਬੱਸ ਗਵਾਲੀਅਰ ਵੱਲ ਜਾ ਰਹੀ ਸੀ। ਹੁਣ ਤੱਕ ਮ੍ਰਿਤਕਾਂ ਵਿੱਚੋਂ ਦੋ ਦੀ ਪਛਾਣ ਹੋ ਚੁੱਕੀ ਹੈ। ਦੋਵੇਂ ਭਿੰਡ ਜ਼ਿਲ੍ਹੇ ਦੇ ਰਹਿਣ ਵਾਲੇ ਹਨ। ਉਨ੍ਹਾਂ ਦੇ ਨਾਮ ਅਤੁਲ ਸ਼ਿਵਹਰੇ ਵਾਸੀ ਫੂਪ ਅਤੇ ਜਗਦੀਸ਼ ਭਦੌਰੀਆ ਵਾਸੀ ਸਿਯੋਦਾ ਪਿੰਡ ਅਕੋੜਾ ਹਨ। ਬਾਕੀ ਪੀੜਤਾਂ ਦੀ ਪਛਾਣ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਪੁਲਸ ਪਰਿਵਾਰ ਦਾ ਪਤਾ ਲਗਾਉਣ ਲਈ ਦਸਤਾਵੇਜ਼ਾਂ ਅਤੇ ਵਾਹਨ ਨੰਬਰਾਂ ਦੀ ਵਰਤੋਂ ਕਰਕੇ ਵਾਹਨ ਦੀ ਪਛਾਣ ਦੀ ਜਾਂਚ ਕਰ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਹਾਦਸਾ ਇੱਕ ਅੰਨ੍ਹੇ ਮੋੜ ’ਤੇ ਹੋਇਆ। ਦੋਵੇਂ ਵਾਹਨਾਂ ਦੇ ਤੇਜ਼ ਰਫ਼ਤਾਰ ਹੋਣ ਦਾ ਸ਼ੱਕ ਹੈ। ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ। ਦੋਵੇਂ ਵਾਹਨਾਂ ਨੂੰ ਸੜਕ ਤੋਂ ਹਟਾ ਦਿੱਤਾ ਗਿਆ ਹੈ ਅਤੇ ਆਵਾਜਾਈ ਬਹਾਲ ਕਰ ਦਿੱਤੀ ਗਈ ਹੈ।

## ਸੜਕ ’ਤੇ ’ਨਾਗਿਨ’ ਬਣ ਰੀਲਾਂ ਬਣਾਉਣ ਲੱਗੀਆਂ ਕੁੜੀਆਂ ! ਪੁਲਸ ਨੇ ’ਸਪੇਰਾ’ ਬਣ ਕੀਤੀ ਕਾਰਵਾਈ

ਨੈਸ਼ਨਲ ਡੈਸਕ 6 ਮਾਰਚ। ਸੋਸ਼ਲ ਮੀਡੀਆ ’ਤੇ ਵਾਇਰਲ ਹੋਣ ਦਾ ਭੂਤ ਅੱਜਕੱਲ੍ਹ ਲੋਕਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ, ਪਰ ਕਈ ਵਾਰ ਇਹ ਜਨੂੰਨ ਮੁਸੀਬਤ ਦਾ ਸਬੱਬ ਬਣ ਜਾਂਦਾ ਹੈ। ਅਜਿਹਾ ਹੀ ਇੱਕ ਮਾਮਲਾ ਲਖਨਊ-ਕਾਨਪੁਰ ਹਾਈਵੇਅ ਤੋਂ ਸਾਹਮਣੇ ਆਇਆ ਹੈ, ਜਿੱਥੇ ਦੋ ਮੁਟਿਆਰਾਂ ਨੂੰ ਵਿਚਕਾਰ ਸੜਕ ’ਤੇ ’ਨਾਗਿਨ ਡਾਂਸ’ ਕਰਨਾ ਭਾਰੀ ਪੈ ਗਿਆ। ਸ਼ਾਮ ਦੇ ਸਮੇਂ ਜਦੋਂ ਹਾਈਵੇਅ ’ਤੇ ਗੱਡੀਆਂ ਆਪਣੀ ਰਫ਼ਤਾਰ ਨਾਲ ਗੁਜ਼ਰ ਰਹੀਆਂ ਸਨ, ਤਾਂ ਦੋ ਮੁਟਿਆਰਾਂ ਨੇ ਅਚਾਨਕ ਵਿਚਕਾਰ ਸੜਕ ’ਤੇ ਰੀਲ ਬਣਾਉਣ ਲਈ ਨੱਚਣਾ ਸ਼ੁਰੂ ਕਰ ਦਿੱਤਾ। ਕੁਝ ਹੀ ਸਕਿੰਟਾਂ ਦੀ ਇਹ ਵੀਡੀਓ ਇੰਟਰਨੈੱਟ ’ਤੇ ਤੇਜ਼ੀ ਨਾਲ ਵਾਇਰਲ ਹੋ ਗਈ। ਪਰ ਟ?ਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾਉਣ ਵਾਲਾ ਇਹ ਕਾਰਨਾਮਾ ਯੂ.ਪੀ. ਪੁਲਸ ਦੀ ਨਜ਼ਰ ਤੋਂ ਬਚ ਨਹੀਂ ਸਕਿਆ। ਉੱਤਰ ਪ੍ਰਦੇਸ਼ ਪੁਲਸ ਨੇ ਇਸ ਮਾਮਲੇ ਵਿੱਚ ਬੇਹੱਦ ਸਖ਼ਤ ਅਤੇ ਫਿਲਮੀ ਰੁਖ਼ ਅਪਣਾਇਆ ਹੈ। ਪੁਲਸ ਨੇ ਦੋਵਾਂ ਮੁਟਿਆਰਾਂ ਖਿਲਾਫ਼ ਦਰਜ ਕਰ ਲਈ ਹੈ। ਇਸ ਦੇ ਨਾਲ ਹੀ ਪੁਲਿਸ ਨੇ ਸੋਸ਼ਲ ਮੀਡੀਆ ’ਤੇ ਇੱਕ 56 ਸਕਿੰਟ ਦੀ ਵੀਡੀਓ ਸਾਂਝੀ ਕੀਤੀ ਹੈ, ਜਿਸ ਵਿੱਚ ਫਿਲਮ ’ਨਾਗਿਨ’ ਦਾ ਕਲਿੱਪ ਜੋੜ ਕੇ ਇੱਕ ਮਜ਼ੇਦਾਰ ਕੈਪਸ਼ਨ ਦਿੱਤਾ ਗਿਆ: ਨਾਗਿਨ ਸਟੈੱਪ ਪਰਫੈਕਟ ਸੀ, ਪਰ ਲੋਕੇਸ਼ਨ ਫਲਾਪ। ਸਪੇਰਾ ਆਇਆ ਅਤੇ ਸ਼ੋਅ ਸਟਾਪ। ਪੁਲਸ ਨੇ ਸਾਫ਼ ਸੰਦੇਸ਼ ਦਿੱਤਾ ਹੈ ਕਿ ਸੜਕਾਂ ਸਟੇਜ ਨਹੀਂ ਹੁੰਦੀਆਂ ਅਤੇ ਰੋਡ ਸੇਫਟੀ ਨਿਯਮ ਸਾਰਿਆਂ ਦੀ ਜਾਨ ਬਚਾਉਣ ਲਈ ਬਣਾਏ ਗਏ ਹਨ। ਵਾਇਰਲ ਹੋਣ ਦੀ ਇੱਛਾ ਜੇਕਰ ਦੂਜਿਆਂ ਦੀ ਜ਼ਿੰਦਗੀ ਖ਼ਤਰੇ ਵਿੱਚ ਪਾਉਂਦੀ ਹੈ, ਤਾਂ ਕਾਨੂੰਨ ਦਾ ਡੰਡਾ ਚੱਲਣਾ ਲਾਜ਼ਮੀ ਹੈ। ਹੁਣ ਇਹ ’ਰੀਲਬਾਜ਼’ ਮੁਟਿਆਰਾਂ ਪੁਲਸ ਦੇ ਸ਼ਿਕੰਜੇ ਵਿੱਚ ਹਨ।

# ਮਹਿੰਗੀ ਚਾਕਲੇਟ ਨੇ ਫਸਾ ’ਤੀ ਨੌਜਵਾਨ ਦੀ ਜਾਨ ! ਲੋਕਾਂ ਨੇ ਹਾਰ ਪਾ ਕੱਢਿਆ ਜਲੂਸ, ਹੈਰਾਨ ਕਰੇਗਾ ਮਾਮਲਾ

**ਕੌਮੀ ਪਤ੍ਰਿਕਾ**

ਜਲੰਧਰ 6 ਮਾਰਚ। ਜਲੰਧਰ ਵਿਖੇ ਇਕ ਨੌਜਵਾਨ ਨੂੰ ਮਠਿਆਈ ਦੀ ਦੁਕਾਨ ਵਿਚੋਂ ਚਾਕਲੇਟਾਂ ਚੋਰੀ ਕਰਨੀਆਂ ਮਹਿੰਗੀਆਂ ਪੈ ਗਈਆਂ। ਲੋਕਾਂ ਨੇ ਪੱਛਮੀ ਹਲਕੇ ਦੇ ਭਾਰਗੋ ਕੈਂਪ ਵਿੱਚ ਬੇਲੀ ਰਾਮ ਸਵੀਟਸ ਸ਼ਾਪ ਐਂਡ ਬੇਕਰ ਸਮੇਤ ਹੋਰ ਦੁਕਾਨਾਂ ਤੋਂ ਮਹਿੰਗੀਆਂ ਚਾਕਲੇਟਾਂ ਚੋਰੀ ਕਰਨ ਵਾਲੇ ਇਕ ਚੋਰ ਨੂੰ ਫੜਿਆ। ਉਸ ਦੀ ਪਛਾਣ ਸ਼ਿਵ ਦਾਨਿਸ਼ਮੰਦਾ ਵਜੋਂ ਹੋਈ ਹੈ। ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੇ ਉਸ ਨੂੰ ਬਸਤੀ ਦਾਨਿਸ਼ਮੰਦਾ ਤੋਂ ਫੜਿਆ ਹੈ। ਉਕਤ ਚੋਰ ਨੇ ਬੇਲੀ ਰਾਮ ਸਵੀਟਸ ਸ਼ਾਪ ਐਂਡ ਬੇਕਰ ਤੋਂ ਦੇਸੀ ਘਿਓ ਵੀ ਚੋਰੀ ਕੀਤਾ ਸੀ। ਬਾਅਦ ਵਿੱਚ ਲੋਕਾਂ ਨੇ ਚੋਰ ਦਾ ਗਲੇ ਵਿੱਚ ਹਾਰ ਪਾ ਕੇ ਜਲੂਸ ਕੱਢਿਆ ਅਤੇ ਉਸ ਨੂੰ ਇਕ ਵਿਲੱਖਣ ਤਰੀਕੇ ਨਾਲ ਬਾਜ਼ਾਰ ਵਿੱਚ ਘੁੰਮਾਇਆ। ਚੋਰ ਨੇ ਕਬੂਲ ਕੀਤਾ ਕਿ ਉਹ ਨਸ਼ੇ ਦਾ ਆਦੀ ਹੈ ਅਤੇ ਆਪਣੀਆਂ ਨਸ਼ੀਲੀਆਂ ਦਵਾਈਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵੱਖ-ਵੱਖ ਦੁਕਾਨਾਂ ਤੋਂ ਚੋਰੀ ਕਰਦਾ ਹੈ। ਚੋਰ ਨੇ ਪੁੱਛਗਿੱਛ ਦੌਰਾਨ ਖ਼ੁਲਾਸਾ ਕੀਤਾ ਕਿ ਉਹ ਚੋਰੀ ਦਾ ਸਾਮਾਨ ਬੱਸ ਸਟੈਂਡ



ਨੇੜੇ ਕੁੰਦਰਾ ਨਾਮਕ ਕਰਿਆਨੇ ਦੀ ਦੁਕਾਨ ’ਤੇ ਸਪਲਾਈ ਕਰਦਾ ਸੀ। ਲੋਕਾਂ ਨੇ ਕਿਹਾ ਕਿ ਉਨ੍ਹਾਂ ਨੇ ਘਟਨਾ ਬਾਰੇ ਪੁਲਸ ਨੂੰ ਸੂਚਿਤ ਕੀਤਾ ਪਰ ਪੁਲਸ ਕਾਫ਼ੀ ਸਮੇਂ ਤੱਕ ਨਹੀਂ ਪਹੁੰਚੀ। ਬਾਅਦ ਵਿੱਚ ਲੋਕਾਂ ਨੇ ਚੋਰ ਨੂੰ ਛੱਡ ਦਿੱਤਾ। ਲੋਕਾਂ ਨੇ ਦੱਸਿਆ ਕਿ ਪੁਲਸ ਦੋ ਘੰਟਿਆਂ ਤੱਕ ਘਟਨਾ ਸਥਾਨ ’ਤੇ ਨਹੀਂ ਪਹੁੰਚੀ। ਇਸ ਦੌਰਾਨ ਭਾਰਗੋ ਕੈਂਪ ਪੁਲਸ ਸਟੇਸ਼ਨ ਦੇ ਏ. ਐੱਸ. ਆਈ. ਪ੍ਰਵੀਨ ਕੁਮਾਰ ਮੌਕੇ ’ਤੇ ਪਹੁੰਚੇ ਅਤੇ ਦੱਸਿਆ ਕਿ ਚੋਰ ਨੂੰ ਲੋਕਾਂ ਨੇ ਛੱਡ ਦਿੱਤਾ ਹੈ। ਦੋ ਘੰਟਿਆਂ ਬਾਅਦ ਪੁਲਸ ਦੇ ਆਉਣ ਬਾਰੇ ਪੁੱਛੇ ਜਾਣ ’ਤੇ ਉਨ੍ਹਾਂ ਕਿਹਾ ਕਿ ਉਹ ਸੂਚਨਾ ਮਿਲਣ ਤੋਂ ਤੁਰੰਤ ਬਾਅਦ ਮੌਕੇ ’ਤੇ ਪਹੁੰਚੇ ਸਨ। ਲੋਕਾਂ ਨੇ ਪੁਲਸ ਦੀਆਂ ਕਾਰਵਾਈਆਂ ’ਤੇ ਸਵਾਲ ਚੁੱਕਦੇ ਹੋਏ ਕਿਹਾ ਕਿ ਪੱਛਮੀ ਹਲਕੇ ਵਿੱਚ ਕਈ ਘਟਨਾਵਾਂ ਵਾਪਰੀਆਂ ਹਨ ਪਰ ਪੁਲਸ ਲੋਕਾਂ ਨੂੰ ਇਨਸਾਫ਼ ਦੇਣ ਵਿੱਚ ਅਸਫ਼ਲ ਰਹੀ ਹੈ। ਜਿਸ ਦੇ ਕਾਰਨ ਉਹ ਖ਼ੁਦ ਹੀ ਚੋਰ ਦੇ ਗਲੇ ਵਿਚ ਹਾਰ ਪਹਿਨਾ ਕੇ ਉਸ ਨੂੰ ਬਾਜ਼ਾਰ ਵਿਚ ਘੁੰਮਾਉਣ ਤੋਂ ਬਾਅਦ ਛੱਡ ਰਹੇ ਹਨ।

# ਹੁਣ ਵਿਆਹ ਲਈ ਮਾਪਿਆਂ ਦੀ ਰਜ਼ਾਮੰਦੀ ਜ਼ਰੂਰੀ ! ਗੈਰ-ਹਾਜ਼ਰੀ ’ਚ ਨਹੀਂ ਮਿਲੇਗੀ ਮਨਜ਼ੂਰੀ, ਗੁਜਰਾਤ ਸਰਕਾਰ ਦਾ ਇਤਿਹਾਸਕ ਕਦਮ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 6 ਮਾਰਚ। ਗੁਜਰਾਤ ਸਰਕਾਰ ਨੇ ਵਿਧਾਨ ਸਭਾ ’ਚ ਵਿਆਹ ਰਜਿਸਟ?ਰੇਸ਼ਨ ਨਿਯਮਾਂ ’ਚ ਸੋਧ ਕਰਨ ਲਈ ਇਕ ਨਵਾਂ ਡਰਾਫਟ ਪੇਸ਼ ਕੀਤਾ ਹੈ। ਪ੍ਰਸਤਾਵਿਤ ਸੋਧ ਅਨੁਸਾਰ, ਹੁਣ ਪ੍ਰੇਮ ਵਿਆਹ (ਲਵ-ਮੈਰਿਜ) ਲਈ ਅਰਜ਼ੀ ਦੇਣ ’ਤੇ ਮੁੰਡੇ ਅਤੇ ਕੁੜੀ ਦੇ ਮਾਪਿਆਂ ਨੂੰ ਵਟਸਐਪ ਰਾਹੀਂ ਸੂਚਿਤ ਕੀਤਾ ਜਾਵੇਗਾ। ਇਸ ਦੇ ਨਾਲ ਹੀ, ਵਿਆਹ ਦਾ ਸਰਟੀਫਿਕੇਟ ਅਰਜ਼ੀ ਦੇਣ ਦੇ 40ਵੇਂ ਦਿਨ ਜਾਰੀ ਕੀਤਾ ਜਾਵੇਗਾ। ਗੁਜਰਾਤ ਦੇ ਡਿਪਟੀ ਸੀ.ਐੱਮ. ਹਰਸ਼ ਸੰਘਵੀ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਸਰਕਾਰ ਨੂੰ ਪ੍ਰੇਮ ਵਿਆਹ ਤੋਂ ਕੋਈ ਇਤਰਾਜ਼ ਨਹੀਂ ਹੈ, ਪਰ ਇਹ ਕਦਮ ਪਾਰਦਰਸ਼ਤਾ ਅਤੇ ਕੁੜੀਆਂ ਦੀ ਸੁਰੱਖਿਆ ਲਈ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੀ ਵਿਵਸਥਾ ਬਣਾਈ ਗਈ ਹੈ ਤਾਂ ਜੋ ਕੋਈ ਵੀ ਆਪਣੀ ਝੂਠੀ ਪਛਾਣ ਦੱਸ



ਕੇ ਕਿਸੇ ਧੀ ਨੂੰ ਗੁੰਮਰਾਹ ਨਾ ਕਰ ਸਕੇ। ਨਵੀਂ ਵਿਵਸਥਾ ਤਹਿਤ ਨੋਟਰੀ ਦਾ ਕੰਮ ਵੀ ਸਾਰਿਆਂ ਦੀ ਮੌਜੂਦਗੀ ’ਚ ਕਰਨਾ ਲਾਜ਼ਮੀ ਹੋਵੇਗਾ। ਸਰਕਾਰ ਪ੍ਰੇਮ ਵਿਆਹਾਂ ਦੀ ਰਜਿਸਟ?ਰੇਸ਼ਨ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਇਕ ਵੱਖਰਾ ਆਨਲਾਈਨ ਪੋਰਟਲ ਸ਼ੁਰੂ ਕਰਨ ਦੀ ਤਿਆਰੀ ਕਰ ਰਹੀ ਹੈ। ਨਵੇਂ ਨਿਯਮਾਂ ਅਨੁਸਾਰ ਲਾੜਾ-ਲਾੜੀ ਦੇ ਨਾਲ ਆਉਣ ਵਾਲੇ ਗਵਾਹਾਂ ਦੇ ਪੂਰੇ ਵੇਰਵੇ, ਤਸਵੀਰਾਂ ਅਤੇ ਆਧਾਰ ਕਾਰਡ ਦੀਆਂ ਕਾਪੀਆਂ ਦੇਣਾ ਲਾਜ਼ਮੀ ਹੋਵੇਗਾ। ਅਦਾਲਤ ’ਚ ਸਰਕਾਰ ਕੋਲ ਰਜਿਸਟ?ਰੇਸ਼ਨ ਕਰਵਾਉਣਾ ਲਾਜ਼ਮੀ ਹੋਵੇਗਾ। ਜੇਕਰ ਵਿਆਹ ਤੋਂ ਬਾਅਦ ਕੁੜੀ ਨੂੰ ਦਾਜ ਜਾਂ ਜਾਇਦਾਦ ਲਈ ਤੰਗ ਕੀਤਾ ਜਾਂਦਾ ਹੈ, ਤਾਂ ਗੁਜਰਾਤ ਪੁਲਸ ਅਜਿਹੇ ਮਾਮਲਿਆਂ ’ਚ ਸਖ਼ਤ ਕਾਰਵਾਈ ਕਰੇਗੀ। ਸਰਕਾਰ ਨੇ ਇਨ੍ਹਾਂ ਸੋਧਾਂ ’ਤੇ ਜਨਤਾ ਤੋਂ ਇਤਰਾਜ਼ ਅਤੇ ਸੁਝਾਅ ਮੰਗੇ ਹਨ। ਪ੍ਰਾਪਤ ਸੁਝਾਵਾਂ ’ਤੇ ਵਿਚਾਰ ਕਰਨ ਤੋਂ ਬਾਅਦ ਹੀ ਅੰਤਿਮ ਨਿਯਮ ਲਾਗੂ ਕੀਤੇ ਜਾਣਗੇ ਤਾਂ ਜੋ ਪੂਰੀ ਪ੍ਰਕਿਰਿਆ ਪਾਰਦਰਸ਼ੀ ਹੋ ਸਕੇ।

## ਨਹਿਰ ਕਿਨਾਰੇ ਮਿਲੀ ਕਾਰ ’ਚ 2 ਨੌਜਵਾਨਾਂ ਦੀਆਂ ਲਾਸ਼ਾਂ ਬਰਾਮਦ

ਰੁੜਕੀ 6 ਮਾਰਚ। ਉੱਤਰਾਖੰਡ ਦੇ ਰੁੜਕੀ ਨੇੜੇ ਮੰਗਲੌਰ ਮੋੜ ਵਿਖੇ ਸਥਿਤ ਰਾਣਾ ਸਟੀਲ ਫੈਕਟਰੀ ਨੇੜੇ ਨਹਿਰ ਦੇ ਕੰਢੇ ਸ਼ਨੀਵਾਰ ਨੂੰ ਇਕ ਕਾਰ ’ਚੋਂ ਦੋ ਨੌਜਵਾਨਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ। ਰਿਪੋਰਟਾਂ ਅਨੁਸਾਰ, ਨੁਕਸਾਨੀ ਗਈ ਕਾਰ ਅੱਧੀ ਨਹਿਰ ’ਚ ਡੁੱਬੀ ਹੋਈ ਸੀ, ਜਦੋਂ ਕਿ ਬਾਕੀ ਹਿੱਸਾ ਝਾੜੀਆਂ ’ਚ ਫਸਿਆ ਹੋਇਆ ਸੀ। ਘਟਨਾ ਦੀ ਜਾਣਕਾਰੀ ਮਿਲਣ ’ਤੇ ਪੁਲਸ ਮੌਕੇ ’ਤੇ ਪਹੁੰਚੀ ਅਤੇ ਦੋਵਾਂ ਲਾਸ਼ਾਂ ਨੂੰ ਕਬਜ਼ੇ ’ਚ ਲੈ ਕੇ ਸਰਕਾਰੀ ਹਸਪਤਾਲ ਦੇ ਮੁਰਦਾਘਰ ’ਚ ਭੇਜ ਦਿੱਤਾ। ਪੁਲਸ ਜਾਣਕਾਰੀ ਅਨੁਸਾਰ, ਅੱਜ ਸਵੇਰੇ ਲਗਭਗ 7:45 ਵਜੇ, ਚੇਤਕ ਮੋਬਾਈਲ ਕਾਂਸਟੇਬਲ ਦਿਨੇਸ਼ ਚੌਹਾਨ ਨੂੰ ਸਥਾਨਕ ਨਿਵਾਸੀਆਂ ਨੇ ਸੂਚਿਤ ਕੀਤਾ ਕਿ ਨਹਿਰ ਕਿਨਾਰੇ ਇਕ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ ਹੈ ਅਤੇ ਉਸ ’ਚ 2 ਵਿਅਕਤੀ ਮ੍ਰਿਤਕ ਮਿਲੇ ਹਨ। ਇਸ ਤੋਂ ਬਾਅਦ ਡਾਇਲ 112 ’ਤੇ ਸਵੇਰੇ 8:03 ਵਜੇ ਇਕ ਕਾਲ ਆਈ। ਸੂਚਨਾ ’ਤੇ ਪਹੁੰਚੀ ਪੁਲਸ ਫ਼ੋਰਸ ਨੇ ਦੋਵਾਂ ਮ੍ਰਿਤਕਾਂ ਨੂੰ 108 ਐਂਬੂਲੈਂਸ ਦੀ ਮਦਦ ਨਾਲ ਸਰਕਾਰੀ ਹਸਪਤਾਲ ਦੇ ਮੁਰਦਾਘਰ ’ਚ ਰਖਵਾਇਆ। ਕੁਝ ਹੀ ਦੇਰ ਬਾਅਦ ਪਰਿਵਾਰ ਵਾਲੇ ਹਸਪਤਾਲ ਪਹੁੰਚੇ ਅਤੇ ਮ੍ਰਿਤਕਾਂ ਦੀ ਪਛਾਣ ਕੀਤੀ। ਮ੍ਰਿਤਕਾਂ



ਦੀ ਪਛਾਣ ਗਣੇਸ਼ਪੁਰ ਵਾਸੀ ਸਚਿਨ ਧੀਮਾਨ (38) ਅਤੇ ਰਾਜੇਂਦਰ ਨਗਰ ਵਾਸੀ ਅਮਨ ਤਿਆਗੀ (35) ਵਜੋਂ ਕੀਤੀ ਗਈ। ਪੁਲਸ ਨੇ ਘਟਨਾ ਦੀ ਜਾਣਕਾਰੀ ਸੀਨੀਅਰ ਅਧਿਕਾਰੀਆਂ ਨੂੰ ਦਿੰਦੇ ਹੋਏ ਸ਼ਿਕਾਇਤ ਦਿੰਦੇ ਹੋਏ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸ਼ੁਰੂਆਤੀ ਜਾਂਚ ’ਚ ਮਾਮਲਾ ਸੜਕ ਹਾਦਸੇ ਦਾ ਪ੍ਰਤੀਤ ਹੋ ਰਿਹਾ ਹੈ, ਹਾਲਾਂਕਿ ਪੁਲਸ ਸਾਰੇ ਸੰਭਾਵਿਤ ਪਹਿਲੂਆਂ ਦੀ ਜਾਂਚ ਕਰ ਰਹੀ ਹੈ।

## ਅਰੁਣਾਚਲ ਦੀਆਂ ਔਰਤਾਂ ’ਤੇ ਨਸਲੀ ਟਿੱਪਣੀ ਕਰਨ ਵਾਲੇ ਪਤੀ-ਪਤਨੀ ਗ੍ਰਿਫ਼ਤਾਰ

ਨਵੀਂ ਦਿੱਲੀ 6 ਮਾਰਚ। ਦਿੱਲੀ ਦੀ ਇਕ ਅਦਾਲਤ ਨੇ ਪੂਰਬ-ਉੱਤਰ ਦੀਆਂ ਤਿੰਨ ਔਰਤਾਂ ’ਤੇ ਨਸਲੀ ਟਿੱਪਣੀ ਕਰਨ ਦੇ ਦੋਸ਼ੀ ਇਕ ਜੋੜੇ ਨੂੰ ਬੁੱਧਵਾਰ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ ’ਚ ਭੇਜ ਦਿੱਤਾ। ਜੋੜੇ ਨੂੰ ਬੁੱਧਵਾਰ ਨੂੰ ਮੈਜਿਸਟ?ਰੇਟ ਭਾਨੂ ਪ੍ਰਤਾਪ ਸਿੰਘ ਦੇ ਸਾਹਮਣੇ ਪੇਸ਼ ਕੀਤਾ ਗਿਆ, ਜਿੱਥੋਂ ਉਨ੍ਹਾਂ ਨੂੰ 16 ਮਾਰਚ ਤੱਕ ਨਿਆਇਕ ਹਿਰਾਸਤ ’ਚ ਭੇਜ ਦਿੱਤਾ ਗਿਆ। ਦਿੱਲੀ ਪੁਲਸ ਨੇ ਦੱਖਣੀ ਦਿੱਲੀ ਦੇ ਮਾਲਵੀਯ ਨਗਰ ਇਲਾਕੇ ’ਚ ਪੂਰਬ-ਉੱਤਰ ਦੀਆਂ ਰਹਿਣ ਵਾਲੀਆਂ ਆਪਣੀ ਤਿੰਨ ਗੁਆਂਢਣਾਂ ’ਤੇ ਨਸਲੀ ਟਿੱਪਣੀ ਕਰਨ ਦੇ ਦੋਸ਼ ’ਚ ਬੁੱਧਵਾਰ ਨੂੰ ਰੂਬੀ ਜੈਨ ਅਤੇ ਉਸ ਦੇ ਪਤੀ ਹਰਸ਼ ਨੂੰ ਗ੍ਰਿਫ਼ਤਾਰ ਕੀਤਾ ਸੀ। ਮਾਲਵੀਯ ਨਗਰ ਪੁਲਸ ਥਾਣੇ ’ਚ ਦਰਜ ਐੱਫਆਈਆਰ ਦੀ ਜਾਂਚ ਤੋਂ ਬਾਅਦ ਜੋੜੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਸ ਅਨੁਸਾਰ 20 ਫਰਵਰੀ ਨੂੰ ਕਿਰਾਏ ਦੇ ਮਕਾਨ ’ਚ ਮੁਰੰਮਤ ਕੰਮ ਨੂੰ ਲੈ ਕੇ ਹੋਏ ਵਿਵਾਦ ਦੌਰਾਨ ਰੂਬੀ ਜੈਨ ਨੇ ਅਰੁਣਾਚਲ ਪ੍ਰਦੇਸ਼ ਦੀਆਂ ਤਿੰਨ ਔਰਤਾਂ ਖ਼?ਲਾਫ਼ ਅਪਮਾਨਜਨਕ ਟਿੱਪਣੀਆਂ ਕੀਤੀਆਂ। ਪੁਲਸ ਨੇ ਐੱਫਆਈਆਰ ’ਚ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ (ਅੱਤਿਆਚਾਰ ਰੋਕਥਾਮ) ਐਕਟ ਦੀ ਧਾਰਾ ਨੂੰ ਵੀ ਸ਼ਾਮਲ ਕੀਤਾ ਹੈ। ਪੁਲਸ ਨੇ ਦੱਸਿਆ ਕਿ ਸ਼ੁਰੂ ’ਚ ਮਾਮਲਾ ਭਾਰਤੀ ਨਿਆਂ ਸੰਹਿਤਾ ਦੀਆਂ ਵੱਖ-ਵੱਖ ਧਾਰਾਵਾਂ ਦੇ ਅਧੀਨ ਦਰਜ ਕੀਤਾ ਗਿਆ ਸੀ, ਜਿਨ੍ਹਾਂ ’ਚ ਅਪਰਾਧਕ ਧਮਕੀ, ਔਰਤ ਦੇ ਮਾਣ ਦਾ ਅਪਮਾਨ ਅਤੇ ਵੱਖ-ਵੱਖ ਸਮੂਹਾਂ ਵਿਚਾਲੇ ਦੁਸ਼ਮਣੀ ਫੈਲਾਉਣ ਨਾਲ ਸੰਬੰਧਤ ਦੋਸ਼ ਸ਼ਾਮਲ ਹਨ।

## ਫੈਕਟਰੀ ’ਚ ਲੱਗੀ ਅੱਗ ਕਾਰਨ ਫੈਕਟਰੀ ਮਾਲਕ ਦੇ ਪੁੱਤਰ ਤੇ 2 ਫਾਇਰ ਬ੍ਰਿਗੇਡ ਕਰਮਚਾਰੀਆਂ ਸਣੇ 5 ਦੀ ਮੌਤ

ਨੈਸ਼ਨਲ ਡੈਸਕ 6 ਮਾਰਚ। ਹਰਿਆਣਾ ਦੇ ਫਰੀਦਾਬਾਦ ਦੇ ਮੁਜੇਸਰ ਇਲਾਕੇ ਵਿੱਚ ਪਿਛਲੇ ਹਫ਼ਤੇ ਇੱਕ ਲੁਬਰੀਕੈਂਟ ਫੈਕਟਰੀ ਵਿੱਚ ਲੱਗੀ ਭਿਆਨਕ ਅੱਗ ਦੀ ਘਟਨਾ ਵਿੱਚ ਮਰਨ ਵਾਲਿਆਂ ਦੀ ਗਿਣਤੀ ਹੁਣ 5 ਹੋ ਗਈ ਹੈ। ਸੋਮਵਾਰ ਸਵੇਰੇ ਇੱਕ ਹੋਰ ਫਾਇਰ ਬ੍ਰਿਗੇਡ ਕਰਮਚਾਰੀ ਦੀ ਇਲਾਜ ਦੌਰਾਨ ਮੌਤ ਹੋ ਗਈ। ਮ੍ਰਿਤਕ ਦਮਕਲ ਕਰਮੀ ਦੀ ਪਛਾਣ ਅਤਾਲੀ ਪਿੰਡ ਦੇ ਰਹਿਣ ਵਾਲੇ ਰਣਵੀਰ ਸਿੰਘ (48) ਵਜੋਂ ਹੋਈ ਹੈ। ਉਹ ਪਿਛਲੇ 5 ਸਾਲਾਂ ਤੋਂ ਫਾਇਰ ਬ੍ਰਿਗੇਡ ਵਿਭਾਗ ਵਿੱਚ ਸੇਵਾ ਨਿਭਾ ਰਹੇ ਸਨ। ਉਹ ਆਪਣੇ ਪਿੱਛੇ ਦੋ ਪੁੱਤਰ ਅਤੇ ਇੱਕ ਧੀ ਛੱਡ ਗਏ ਹਨ। ਇਸ ਦਰਦਨਾਕ ਹਾਦਸੇ ਵਿੱਚ ਹੁਣ ਤੱਕ ਇੱਕ ਪੁਲਸ ਮੁਲਾਜ਼ਮ, ਦੋ ਫਾਇਰ ਬ੍ਰਿਗੇਡ ਕਰਮਚਾਰੀ, ਫੈਕਟਰੀ ਮਾਲਕ ਦਾ ਪੁੱਤਰ ਅਤੇ ਇੱਕ ਕਰਮਚਾਰੀ ਆਪਣੀ ਜਾਨ ਗੁਆ ਚੁੱਕੇ ਹਨ। ਜ਼ਿਕਰਯੋਗ ਹੈ ਕਿ ਪਿਛਲੇ ਸੋਮਵਾਰ ਨੂੰ ਸੈਕਟਰ-24 ਸਥਿਤ ਕਾਲਕਾਜੀ ਲੁਬਰੀਕੈਂਟਸ ਅਤੇ ਸ਼ਿਵ ਸਟੀਲ ਕੰਪਨੀ ਵਿੱਚ ਅੱਗ ਲੱਗੀ ਸੀ। ਇਸ ਹਾਦਸੇ ਵਿੱਚ 3 ਪੁਲਸ ਮੁਲਾਜ਼ਮਾਂ ਅਤੇ 2 ਫਾਇਰ ਬ੍ਰਿਗੇਡ ਕਰਮਚਾਰੀਆਂ ਸਮੇਤ ਕੁੱਲ 37 ਲੋਕ ਝੁਲਸ ਗਏ ਸਨ। ਗੰਭੀਰ ਰੂਪ ਵਿੱਚ ਝੁਲਸੇ ਕਈ ਲੋਕਾਂ ਦਾ ਅਜੇ ਵੀ ਦਿੱਲੀ ਦੇ ਸਫਦਰਜੰਗ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ, ਜਦਕਿ ਮਾਮੂਲੀ ਜ਼ਖ਼ਮੀਆਂ ਨੂੰ ਛੁੱਟੀ ਦੇ ਦਿੱਤੀ ਗਈ ਹੈ।

## ਲੜਕੀ ਨੂੰ ਗਲਤ ਕੁਮੈਂਟਸ ਕਰਨ ਦਾ ਉਲਾਂਭਾ ਦੇਣ ਗਈ ਔਰਤ ਨੂੰ ਦਿੱਤੀਆਂ ਧਮਕੀਆਂ

ਗੁਰੂਹਰਸਹਾਏ 6 ਮਾਰਚ। ਗੁਰੂਹਰਸਹਾਏ ਵਿਖੇ ਇਕ ਲੜਕੀ ਨੂੰ ਗਲਤ ਕੁਮੈਂਟਸ ਕਰਨ ਦਾ ਉਲਾਂਭੇ ਦੇਣ ਗਈ ਔਰਤ ਨੂੰ ਧਮਕੀਆਂ ਦੇਣ ਅਤੇ ਘਰ ਦੇ ਬਾਹਰ ਕਾਪੇ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧ ਵਿਚ ਥਾਣਾ ਗੁਰੂਹਰਸਹਾਏ ਪੁਲਸ ਨੇ ਤਿੰਨ ਵਿਅਕਤੀਆਂ ਖਿਲਾਫ 74, 78, 79, 351 (2), 3 (5) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਨਾਬਾਲਿਗ ਲੜਕੀ ਦੀ ਮਾਂ ਨੇ ਦੱਸਿਆ ਕਿ ਉਸ ਦੀ ਲੜਕੀ ਜੋ ਦਸਵੀਂ ਕਲਾਸ ਵਿਚ ਪੜ੍ਹਦੀ ਹੈ, ਅੱਜ ਤੋਂ ਕਰੀਬ ਇਕ ਮਹੀਨਾ ਪਹਿਲਾਂ ਦੋਸ਼ੀਅਨ ਗੁਰਪ੍ਰੀਤ ਸਿੰਘ ਪੁੱਤਰ ਓਮ ਪ੍ਰਕਾਸ਼, ਅਮਨਦੀਪ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀਅਨ ਪਿੰਡ ਕੁਤਬਗੜ੍ਹਾ ਭਾਟਾ ਅਤੇ ਗੁਰਪ੍ਰੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਲੱਖਾ ਹਾਜ਼ੀ ਉਸ ਦੀ ਲੜਕੀ ਦਾ ਸਕੂਲ ਆਉਣ ਤੇ ਜਾਣ ਸਮੇਂ ਪਿੱਛਾ ਕਰਕੇ ਗਲਤ ਕੁਮੈਂਟਸ ਕਰਦੇ ਸਨ। ਲੜਕੀ ਦੀ ਮਾਂ ਨੇ ਦੱਸਿਆ ਕਿ ਜਦ ਉਸ ਦੀ ਲੜਕੀ ਨੇ ਇਸ ਬਾਰੇ ਘਰ ਦੱਸਿਆ ਤਾਂ ਉਹ ਦੋਸ਼ੀਅਨ ਦੇ ਘਰ ਉਲਾਂਭਾ ਦੇਣ ਗਈ ਤਾਂ ਉਕਤ ਦੋਸ਼ੀ ਤੈਸ਼ ਵਿਚ ਆ ਕੇ ਮਿਤੀ 12 ਫਰਵਰੀ 2026 ਨੂੰ ਉਸ ਦੇ ਘਰ ਦੇ ਬਾਹਰ ਧਮਕੀਆਂ ਦਿੱਤੀਆਂ ਤੇ ਗੇਟ ਤੇ ਕਾਪੇ ਮਾਰੇ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਸਪਾਲ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ’ਤੇ ਉਕਤ ਦੋਸ਼ੀਅਨ ਖਿਲਾਫ ਮਾਮਲੇ ਦਰਜ ਕਰ ਲਏ ਗਏ ਹਨ।

# 20 ਹਜ਼ਾਰ ਰੁਪਏ ਦੇ ਝਗੜੇ ਨੇ ਲਈ ਜਾਨ ! ਪ੍ਰਵਾਸੀ ਨੇ ਰਿਸ਼ਤੇਦਾਰ ਨੂੰ ਉਤਾਰਿਆ ਮੌਤ ਦੇ ਘਾਟ

**ਕੌਮੀ ਪਤ੍ਰਿਕਾ**

ਭਵਾਨੀਗੜ੍ਹ, 6 ਮਾਰਚ। ਪੈਸਿਆਂ ਦੇ ਲੈਣ-ਦੇਣ ਦੇ ਮਾਮਲੇ ’ਚ ਬੀਤੀ ਰਾਤ ਪਿੰਡ ਘਰਾਚੋਂ ਵਿਖੇ ਇਕ ਪ੍ਰਵਾਸੀ ਨੇ ਲੋਹੇ ਦੀ ਪਾਈਪ ਨਾਲ ਵਾਰ ਕਰ ਕੇ ਆਪਣੇ ਰਿਸ਼ਤੇਦਾਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਪੁਲਸ ਨੇ ਮੁਲਜ਼ਮ ਖ਼?ਲਾਫ਼ ਕਤਲ ਦਾ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਨਿਤਿਨ ਕੁਮਾਰ ਸੈਣੀ (32) ਪੁੱਤਰ ਲਾਲ ਬਹਾਦੁਰ ਉਰਫ਼ ਛੋਟੇ ਵਾਸੀ ਮੁਹੱਲਾ ਮੈਦਾਨਪੁਰਾ ਜ਼ਿਲ੍ਹਾ ਹਰਦੋਈ (ਉੱਤਰ ਪ੍ਰਦੇਸ਼) ਹਾਲ ਅਬਾਦ ਪੋਲਟਰੀ ਫਾਰਮ ਗੁਰਦੀਪ ਸਿੰਘ ਪਿੰਡ ਭੈਣੀ ਵਾਗਾ ਮਾਨਸਾ ਨੇ ਦੱਸਿਆ ਕਿ ਉਸਦਾ 60 ਸਾਲਾ ਪਿਤਾ ਲਾਲ ਬਹਾਦੁਰ ਉਰਫ਼ ਛੋਟੇ ਜੋ ਮੂਨਕ ਦੇ ਪਿੰਡ ਹਮੀਰਗੜ੍ਹ ਵਿਖੇ ਕੰਮ ਕਰਦਾ ਸੀ। ਬੀਤੀ ਸ਼ਾਮ ਉਹ ਆਪਣੇ ਪਿਤਾ ਨਾਲ ਆਪਣੇ ਰਿਸ਼ਤੇਦਾਰ ਸ਼ਾਮੂ ਪੁੱਤਰ ਲੰਕੁਸ਼ ਨਾਰਾਇਣ ਵਾਸੀ ਛੋਛਪੁਰ ਜ਼ਿਲ੍ਹਾ ਹਰਦੋਈ (ਉੱਤਰ ਪ੍ਰਦੇਸ਼) ਕੋਲ ਪਿੰਡ ਘਰਾਚੋਂ ਘੁਮਾਣ ਮੁਰਗੀ ਫਾਰਮ ‘ਤੇ ਆਏ ਸਨ। ਨਿਤਿਨ ਮੁਤਾਬਕ ਉਸਦੇ ਪਿਤਾ ਲਾਲ ਬਹਾਦੁਰ ਨੇ ਉਕਤ ਸ਼ਾਮੂ ਤੋਂ 20 ਹਜ਼ਾਰ ਰੁਪਏ ਲੈਣੇ ਸਨ। ਪੈਸਿਆਂ ਦੀ ਮੰਗ ਕਰਨ ‘ਤੇ ਸ਼ਾਮੂ ਉਨ੍ਹਾਂ ਨੂੰ ਅੱਖਾਂ ਦਿਖਾਉਣ ਲੱਗ ਪਿਆ। ਇਸ ਦੌਰਾਨ ਮੌਕੇ ’ਤੇ ਆਏ ਪੋਲਟਰੀ ਫਾਰਮ ਦੇ ਮਾਲਕ ਨੇ ਸ਼ਾਮੂ ਨੂੰ ਸਮਝਾਉਂਦੇ ਹੋਏ ਮਿਲ ਬੈਠ ਕੇ ਮਾਮਲਾ ਸੁਲਝਾਉਣ ਦੀ ਗੱਲ ਕੀਤੀ। ਇਸ ‘ਤੇ ਸ਼ਾਮੂ ਨੇ ਪਿਆਰ ਨਾਲ ਗੱਲ ਕਰਦੇ ਹੋਏ ਉਨ੍ਹਾਂ ਨੂੰ ਰਾਤ ਨੂੰ ਆਪਣੇ ਕੋਲ ਪੋਲਟਰੀ ਫਾਰਮ ਵਿਖੇ ਹੀ ਰੋਕ ਲਿਆ। ਸ਼ਿਕਾਇਤਕਰਤਾ ਨੇ ਦੱਸਿਆ ਕਿ



ਰਾਤ ਨੂੰ ਉਸਦਾ ਪਿਤਾ ਤੇ ਸ਼ਾਮੂ ਹੇਠਲੇ ਕਮਰੇ ਵਿਚ ਪਏ ਸਨ ਜਦੋਂਕਿ ਉਹ ਉੱਪਰਲੇ ਕਮਰੇ ਵਿਚ ਸੋ ਰਿਹਾ ਸੀ। ਰਾਤ ਕਰੀਬ 11:30 ਵਜੇ ਉਸਨੂੰ ਆਪਣੇ ਪਿਤਾ ਦੀਆਂ ਚੀਖਾਂ ਦੀ ਆਵਾਜ਼ ਸੁਣਾਈ ਦਿੱਤੀ ਤਾਂ ਉਸਨੇ ਦੇਖਿਆ ਕਿ ਸ਼ਾਮੂ ਲੋਹੇ ਦੀ ਪਾਈਪ ਨਾਲ ਉਸਦੇ ਪਿਤਾ ਦੀ ਕੁੱਟਮਾਰ ਕਰ ਰਿਹਾ ਸੀ ਤੇ ਉਸਨੂੰ ਦੇਖਦੇ ਹੀ ਸ਼ਾਮੂ ਨੇ ਲੋਹੇ ਦੀ ਪਾਈਪ ਉਸਦੇ ਪਿਤਾ ਦੇ ਸਿਰ ’ਤੇ ਦੇ ਮਾਰੀ ਜਿਸ ਨਾਲ ਉਸਦਾ ਪਿਤਾ ਜ਼ਮੀਨ ’ਤੇ ਡਿੱਗ ਪਿਆ। ਰੌਲ?ਾ ਪਾਉਣ ‘ਤੇ ਸ਼ਾਮੂ ਉਸਨੂੰ ਵੀ ਮਾਰਨ ਲਈ ਦੌੜਿਆ ਜਿਸ ਤੋਂ ਡਰ ਕੇ ਉਸਨੇ ਆਪਣੇ ਆਪ ਨੂੰ ਕਮਰੇ ਅੰਦਰ ਬੰਦ ਕਰ ਲਿਆ। ਇਸ ਤੋਂ ਬਾਅਦ ਸ਼ਾਮੂ ਖੇਤਾਂ ਵੱਲ ਭੱਜ ਗਿਆ। ਨਿਤਿਨ ਸੈਣੀ ਨੇ ਦੱਸਿਆ ਕਿ ਸਵੇਰ ਹੋਣ ‘ਤੇ ਪੋਲਟਰੀ ਫਾਰਮ ਮਾਲਕ ਦੇ ਆਉਣ ‘ਤੇ ਉਹ ਕਮਰੇ ਤੋਂ ਬਾਹਰ ਨਿਕਲਿਆ ਤਾਂ ਉਸਨੇ ਦੇਖਿਆ ਕਿ ਪੌੜੀ ਕੋਲ ਉਸਦਾ ਪਿਤਾ ਲਾਲ ਬਹਾਦੁਰ ਮ੍ਰਿਤਕ ਪਿਆ ਸੀ। ਪੁਲਸ ਨੇ ਸ਼ਿਕਾਇਤ ਦੇ ਆਧਾਰ ‘ਤੇ ਕਥਿਤ ਮੁਲਜ਼ਮ ਸ਼ਾਮੂ ਦੇ ਵਿਰੁੱਧ ਕਤਲ ਦਾ ਮਾਮਲਾ ਦਰਜ ਕਰ ਲਿਆ। ਥਾਣਾ ਭਵਾਨੀਗੜ੍ਹ ਦੇ ਐਸ.ਐਚ.ਓ. ਇੰਸਪੈਕਟਰ ਮਾਲਵਿੰਦਰ ਸਿੰਘ ਨੇ ਸੋਮਵਾਰ ਸ਼ਾਮ ਨੂੰ ਦੱਸਿਆ ਕਿ ਮਾਮਲੇ ’ਚ ਮੁਲਜ਼ਮ ਦੀ ਗ੍ਰਿਫ਼ਤਾਰੀ ਹਾਲੇ ਨਹੀਂ ਹੋਈ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਨਿਤਿਸ਼ ਕੁਮਾਰ ਨੇ ਬਿਹਾਰ ਤੋਂ ਰਾਜ ਸਭਾ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖਲ ਕੀਤੇ

**ਪਟਨਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬਿਹਾਰ ਦੇ ਮੁੱਖ ਮੰਤਰੀ ਨੀਤੀਸ਼ ਕੁਮਾਰ ਨੇ ਵੀਰਵਾਰ ਨੂੰ ਰਾਜ ਸਭਾ ਚੋਣਾਂ ਲਈ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰ ਦਿੱਤੇ ਹਨ। ਜਨਤਾ ਦਲ-ਯੂਨਾਈਟਿਡ (JDU) ਦੇ ਮੁਖੀ ਨੇ ਵਿਧਾਨ ਸਭਾ ਸਕੱਤਰ ਖ਼ਿਆਤੀ ਸਿੰਘ ਦੇ ਦਫ਼ਤਰ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੌਜੂਦਗੀ ਵਿੱਚ ਨਾਮਜ਼ਦਗੀ ਦਾਖਲ ਕੀਤੀ।

ਬਿਹਾਰ ਦੇ ਸਭ ਤੋਂ ਲੰਬੇ ਸਮੇਂ ਤੱਕ ਰਹਿਣ ਵਾਲੇ ਮੁੱਖ ਮੰਤਰੀ ਨੀਤੀਸ਼ ਕੁਮਾਰ ਨੇ ਦਿਨ ਦੇ ਸ਼ੁਰੂ ਵਿੱਚ ਰਾਜ ਸਭਾ ਵਿੱਚ ਜਾਣ ਦੇ ਆਪਣੇ ਇਰਾਦੇ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਇਹ ਇਕੋ-ਇਕ ਸਦਨ ਹੈ ਜਿਸ ਦੇ ਉਹ ਹੁਣ ਤੱਕ ਮੈਂਬਰ ਨਹੀਂ ਰਹੇ ਸਨ।

ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਇੱਕ ਪੋਸਟ ਵਿੱਚ, ਨੀਤੀਸ਼ ਨੇ ਇਸ ਕਦਮ ਦਾ ਐਲਾਨ ਕੀਤਾ ਜੋ ਬਿਹਾਰ ਦੀ ਰਾਜਨੀਤੀ ਦੇ ਸਮੀਕਰਨਾਂ ਨੂੰ ਬਦਲ ਦੇਵੇਗਾ। ਹੁਣ ਰਾਜ ਵਿੱਚ ਭਾਜਪਾ (BJP) ਦਾ ਆਪਣਾ ਮੁੱਖ ਮੰਤਰੀ ਹੋਵੇਗਾ ਅਤੇ ਨੀਤੀਸ਼ ਦੇ ਪੁੱਤਰ ਨਿਸ਼ਾਂਤ ਉਪ ਮੁੱਖ ਮੰਤਰੀ ਹੋਣਗੇ।



ਇਸ ਤੋਂ ਪਹਿਲਾਂ ਸੂਬਾ ਮੰਤਰੀ ਵਿਜੇ ਕੁਮਾਰ ਚੌਧਰੀ ਨੇ ਬੁੱਧਵਾਰ ਨੂੰ ਪੁਸ਼ਟੀ ਕੀਤੀ ਸੀ ਕਿ ਕੁਮਾਰ ਰਾਜ ਸਭਾ ਵਿੱਚ ਜਾਣ ਬਾਰੇ ਵਿਚਾਰ ਕਰ ਰਹੇ ਹਨ, ਜਿਸ ਨਾਲ ਰਾਜ ਦੇ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਕਰਨ ਵਾਲੇ ਮੁੱਖ ਮੰਤਰੀ ਵਜੋਂ ਉਨ੍ਹਾਂ ਦਾ ਕਾਰਜਕਾਲ ਖਤਮ ਹੋ ਜਾਵੇਗਾ।

ਜੇਡੀਯੂ ਮੁਖੀ ਨੀਤੀਸ਼ ਕੁਮਾਰ ਨੇ ਵੀਰਵਾਰ ਨੂੰ ਐਲਾਨ ਕੀਤਾ ਹੈ ਉਹ ਰਾਜ ਸਭਾ ਚੋਣਾਂ ਲੜਨਗੇ, ਜਿਸ ਨਾਲ ਬਿਹਾਰ ਦੇ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਨਿਭਾਉਣ ਵਾਲੇ ਮੁੱਖ ਮੰਤਰੀ ਵਜੋਂ ਉਨ੍ਹਾਂ ਦੇ ਕਾਰਜਕਾਲ ਦਾ ਅੰਤ ਹੋ ਜਾਵੇਗਾ। ਸਾਲ 2005 ਤੋਂ ਮੁੱਖ ਮੰਤਰੀ ਵਜੋਂ ਸੇਵਾਵਾਂ ਨਿਭਾਅ ਰਹੇ ਕੁਮਾਰ ਨੇ ਕਿਹਾ ਕਿ ਸੂਬੇ ਵਿੱਚ ਬਣਨ ਵਾਲੀ ਨਵੀਂ ਸਰਕਾਰ ਨੂੰ ਉਨ੍ਹਾਂ ਦਾ ਪੂਰਾ ਸਹਿਯੋਗ ਅਤੇ ਮਾਰਗਦਰਸ਼ਨ ਮਿਲੇਗਾ।

ਸੂਬੇ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ, ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਤੁਸੀਂ ਮੇਰੇ 'ਤੇ ਲਗਾਤਾਰ ਭਰੋਸਾ ਜਤਾਇਆ ਹੈ ਅਤੇ ਇਸੇ ਭਰੋਸੇ ਦੇ ਦਮ 'ਤੇ ਅਸੀਂ ਪੂਰੀ ਤਨਦੇਹੀ ਨਾਲ ਬਿਹਾਰ ਦੀ ਸੇਵਾ ਕੀਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਆਪਣੀ ਸੰਸਦੀ ਯਾਤਰਾ ਦੇ ਸ਼ੁਰੂਆਤ ਤੋਂ ਹੀ ਉਹ ਬਿਹਾਰ ਵਿਧਾਨ ਸਭਾ ਦੇ ਦੋਵਾਂ ਸਦਨਾਂ ਅਤੇ ਸੰਸਦ ਦੇ ਦੋਵਾਂ ਸਦਨਾਂ ਦਾ ਮੈਂਬਰ ਬਣਨਾ ਚਾਹੁੰਦੇ ਸਨ ਅਤੇ ਇਸੇ ਇੱਛਾ ਦੇ ਤਹਿਤ ਉਹ ਇਸ ਵਾਰ ਰਾਜ ਸਭਾ ਮੈਂਬਰ ਬਣਨਾ ਚਾਹੁੰਦੇ ਹਨ।

2025 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸੱਤਾਧਾਰੀ ਐਨਡੀਏ ਨੂੰ ਸ਼ਾਨਦਾਰ ਜਿੱਤ ਦਿਵਾਉਣ ਤੋਂ ਬਾਅਦ ਕੁਮਾਰ ਦੇ ਅਹੁਦਾ ਛੱਡਣ ਨਾਲ ਹੁਣ ਕਿਸੇ ਭਾਜਪਾ ਆਗੂ ਦੇ ਮੁੱਖ ਮੰਤਰੀ ਬਣਨ ਦੀ ਉਮੀਦ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਬਿਹਾਰ ਨੂੰ ਆਪਣਾ ਪਹਿਲਾ ਭਾਜਪਾ ਮੁੱਖ ਮੰਤਰੀ ਮਿਲੇਗਾ। ਬਿਹਾਰ ਦੀਆਂ ਪੰਜ ਰਾਜ ਸਭਾ ਸੀਟਾਂ ਲਈ 16 ਮਾਰਚ ਨੂੰ ਵੋਟਾਂ ਪੈਣਗੀਆਂ ਅਤੇ ਵੀਰਵਾਰ ਨਾਮਜ਼ਦਗੀ ਦਾ ਆਖਰੀ ਦਿਨ ਹੈ। ਰਾਜ ਵਿਧਾਨ ਸਭਾ ਦੇ ਅੰਕੜਿਆਂ ਅਨੁਸਾਰ ਕੁਮਾਰ ਦੀ ਉਪਰਲੇ ਸਦਨ ਲਈ ਚੋਣ ਲਗਪਗ ਤੈਅ ਹੈ।

# ਇਰਾਨੀ ਜਹਾਜ਼ ਨੂੰ ਡੁਬਾਉਣ ਲਈ ਅਮਰੀਕਾ ਨੂੰ ਬੁਰੀ ਤਰ੍ਹਾਂ ਪਛਤਾਉਣਾ ਪਵੇਗਾ: ਇਰਾਨ ਦੀ ਚੇਤਾਵਨੀ; ਹਮਲੇ ਤੋਂ ਬਾਅਦ ਕਈ ਮਲਾਹ ਹੋਏ ਲਾਪਤਾ

**ਨਵੀਂ ਦਿੱਲੀ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀਲੰਕਾ ਦੇ ਤੱਟ ਤੋਂ ਦੂਰ ਇੱਕ ਅਮਰੀਕੀ ਪਣਡੁੱਬੀ ਵੱਲੋਂ ਇਰਾਨੀ ਜਲ ਸੈਨਾ ਦੇ ਜੰਗੀ ਜਹਾਜ਼ ਨੂੰ ਡੁਬੋਣ ਦੇ ਇੱਕ ਦਿਨ ਬਾਅਦ, ਇਰਾਨ ਦੇ ਵਿਦੇਸ਼ ਮੰਤਰੀ ਸੱਯਦ ਅੱਬਾਸ ਅਰਾਗਚੀ ਨੇ ਚਿਤਾਵਨੀ ਦਿੱਤੀ ਹੈ ਕਿ ਅੰਤਰਰਾਸ਼ਟਰੀ ਪਾਣੀਆਂ ਵਿੱਚ ਜਹਾਜ਼ ਨੂੰ ਨਿਸ਼ਾਨਾ ਬਣਾਉਣ ਲਈ ਅਮਰੀਕਾ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ।

ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਪੋਸਟ ਕਰਦੇ ਹੋਏ ਅਰਾਗਚੀ ਨੇ ਕਿਹਾ, ਅਮਰੀਕਾ ਨੇ ਸਮੁੰਦਰ ਵਿੱਚ, ਇਰਾਨ ਦੇ ਤੱਟਾਂ ਤੋਂ 2,000 ਮੀਲ ਦੂਰ ਹਮਲਾ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਫ੍ਰੀਗੇਟ IRIW Dena, ਜੋ ਕਿ ਭਾਰਤੀ ਜਲ ਸੈਨਾ ਦਾ ਮਹਿਮਾਨ ਸੀ ਅਤੇ ਲਗਪਗ 130 ਮਲਾਹਾਂ ਨੂੰ ਲੈ ਕੇ ਜਾ ਰਿਹਾ ਸੀ। ਅੰਤਰਰਾਸ਼ਟਰੀ ਪਾਣੀਆਂ ਵਿੱਚ ਬਿਨਾਂ ਕਿਸੇ ਚੇਤਾਵਨੀ ਦੇ ਹਮਲਾ ਕੀਤਾ ਗਿਆ। ਇਰਾਨੀ ਵਿਦੇਸ਼ ਮੰਤਰੀ ਨੇ ਕਿਹਾ, ਮੇਰੇ ਸ਼ਬਦ ਯਾਦ ਰੱਖਣਾ: ਅਮਰੀਕਾ ਨੂੰ ਇਸ ਮਿਸਾਲ (ਘਟਨਾ) 'ਤੇ ਬਹੁਤ ਪਛਤਾਵਾ ਹੋਵੇਗਾ ਜੋ ਉਸ ਨੇ ਕਾਇਮ ਕੀਤੀ ਹੈ।



ਇਸ ਤੋਂ ਪਹਿਲਾਂ ਅਮਰੀਕੀ ਰੱਖਿਆ ਸਕੱਤਰ ਪੀਟ ਹੇਗਸੇਥ ਨੇ ਬੁੱਧਵਾਰ ਨੂੰ ਪੁਸ਼ਟੀ ਕੀਤੀ ਕਿ ਇੱਕ ਅਮਰੀਕੀ ਪਣਡੁੱਬੀ ਨੇ ਟਾਰਪੀਡੋ ਦਾਗਿਆ ਅਤੇ ਸ੍ਰੀਲੰਕਾ ਦੇ ਪੱਛਮ ਵਿੱਚ ਇਰਾਨੀ ਜਲ ਸੈਨਾ ਦੇ ਜਹਾਜ਼ ਨੂੰ ਡੁਬੋ ਦਿੱਤਾ। ਇੱਕ ਤਰ੍ਹਾਂ ਨਾਲ, ਇਰਾਨ ਅਤੇ ਅਮਰੀਕਾ-ਇਜ਼ਰਾਈਲ ਸੰਘਰਸ਼ ਭਾਰਤੀ ਤੱਟ ਦੇ ਨੇੜੇ ਪਹੁੰਚ ਗਿਆ ਹੈ। ਸਮੁੰਦਰ ਵਿੱਚ ਹੋਇਆ ਇਹ ਹਮਲਾ ਇਰਾਨ ਤੋਂ ਲਗਪਗ 4,000 ਕਿਲੋਮੀਟਰ ਦੂਰ ਸੀ, ਜਿਸ ਨਾਲ ਜੰਗ ਦਾ ਘੇਰਾ ਕਾਫ਼ੀ ਵਧ ਗਿਆ ਹੈ।

ਪਹਿਲਾਂ ਹੀ, ਇਰਾਨੀ ਮਿਜ਼ਾਈਲ ਹਮਲਿਆਂ ਦੇ ਡਰੋਂ, ਕਈ ਅਮਰੀਕੀ ਜੰਗੀ ਜਹਾਜ਼ ਪੂਰਬ ਵੱਲ ਭਾਰਤ ਦੇ ਨੇੜੇ ਆ ਗਏ ਹਨ।

ਭਾਰਤ ਨੇ ਇਨ੍ਹਾਂ ਰਿਪੋਰਟਾਂ ਦਾ ਖੰਡਨ ਕੀਤਾ ਹੈ ਕਿ ਕੋਈ ਵੀ ਅਮਰੀਕੀ ਜਲ ਸੈਨਾ ਸੰਪਤੀ ਭਾਰਤੀ ਬੰਦਰਗਾਹਾਂ ਦੀ ਵਰਤੋਂ ਕਰ ਰਹੀ ਸੀ। ਬੁੱਧਵਾਰ ਨੂੰ ਹਮਲੇ ਦਾ ਸ਼ਿਕਾਰ ਹੋਇਆ ਇਰਾਨੀ ਜਹਾਜ਼, ਵਿਸ਼ਾਖਾਪਟਨਮ ਵਿੱਚ ਭਾਰਤ ਵੱਲੋਂ ਆਯੋਜਿਤ ਅੰਤਰਰਾਸ਼ਟਰੀ ਫਲੀਟ ਰਿਵਿਊ ਅਤੇ 'ਅਭਿਆਸ ਮਿਲਨ' ਵਿੱਚ ਹਿੱਸਾ ਲੈਣ ਤੋਂ ਬਾਅਦ ਵਾਪਸ ਪਰਤ ਰਿਹਾ ਸੀ।

ਇਰਾਨੀ ਜਹਾਜ਼ ਸਵਾਰ ਲਗਪਗ 130 ਮਲਾਹਾਂ ਸਮੇਤ ਡੁੱਬ ਗਿਆ, ਜੋ ਕਿ ਲਾਪਤਾ ਹਨ। ਸ੍ਰੀਲੰਕਾ ਦੀ ਜਲ ਸੈਨਾ ਨੇ ਬਚਾਅ ਸੰਦੇਸ਼'ਤੇ ਕਾਰਵਾਈ ਕਰਦੇ ਹੋਏ 32 ਇਰਾਨੀ ਮਲਾਹਾਂ ਨੂੰ ਬਚਾਇਆ। ਹੇਗਸੇਥ ਨੇ ਅਮਰੀਕੀ ਬਲਾਂ ਦੀ ਇਸ ਕਾਰਵਾਈ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਜਹਾਜ਼ ਹਿੰਦ ਮਹਾਸਾਗਰ ਵਿੱਚ ਡੁੱਬਿਆ ਸੀ, ਇੱਕ ਇਰਾਨੀ ਜੰਗੀ ਜਹਾਜ਼ ਜਿਸ ਨੇ ਸੋਚਿਆ ਸੀ ਕਿ ਉਹ ਅੰਤਰਰਾਸ਼ਟਰੀ ਪਾਣੀਆਂ ਵਿੱਚ ਸੁਰੱਖਿਅਤ ਹ, ਇਸ ਦੀ ਬਜਾਏ, ਇਹ ਇੱਕ ਟਾਰਪੀਡੋ ਨਾਲ ਡੁਬੋ ਦਿੱਤਾ ਗਿਆ। ਹਾਲਾਂਕਿ ਹੇਗਸੇਥ ਨੇ ਹਮਲੇ ਦਾ ਸ਼ਿਕਾਰ ਹੋਏ ਇਰਾਨੀ ਜਹਾਜ਼ ਦਾ ਨਾਂ ਨਹੀਂ ਲਿਆ, ਪਰ ਇਸ ਤੋਂ ਪਹਿਲਾਂ ਸ੍ਰੀਲੰਕਾ ਦੀ ਜਲ ਸੈਨਾ ਨੇ IRIS Dena ਤੋਂ ਬਚਾਅ ਦੀ ਕਾਲ ਮਿਲਣ ਦੀ ਰਿਪੋਰਟ ਦਿੱਤੀ ਸੀ ਜਦੋਂ ਇਹ ਟਾਪੂ ਦੇ ਦੱਖਣ-ਪੱਛਮੀ ਹਿੱਸੇ ਵਿੱਚ ਸਥਿਤ ਗਾਲੇ ਤੋਂ ਲਗਪਗ 40 ਕਿਲੋਮੀਟਰ ਪੱਛਮ ਵਿੱਚ ਸੀ। 16 ਫਰਵਰੀ ਨੂੰ, ਇਹ ਇਰਾਨੀ ਜਹਾਜ਼ ਵਿਸ਼ਾਖਾਪਟਨਮ ਦੀ ਬੰਦਰਗਾਹ 'ਤੇ ਪਹੁੰਚਿਆ ਸੀ, ਜਿੱਥੇ 74 ਦੇਸ਼ਾਂ ਨੇ ਹਿੱਸਾ ਲਿਆ ਸੀ।

ਅਮਰੀਕੀ ਜਲ ਸੈਨਾ ਨੇ 'ਮਿਲਨ' ਅਭਿਆਸ ਵਿੱਚ ਆਪਣਾ ਗਾਈਡਡ-ਮਿਜ਼ਾਈਲ ਵਿਨਾਸ਼ਕਾਰੀ ਭੇਜਣਾ ਸੀ, ਪਰ 15 ਫਰਵਰੀ ਨੂੰ ਇਸ ਨੂੰ ਸਿੰਗਾਪੁਰ ਵੱਲ ਮੋੜ ਦਿੱਤਾ ਗਿਆ ਸੀ। ਅਮਰੀਕਾ ਨੇ ਇਸ ਅਭਿਆਸ ਵਿੱਚ ਹਿੱਸਾ ਨਹੀਂ ਲਿਆ ਕਿਉਂਕਿ ਉੱਥੇ ਰੂਸ ਅਤੇ ਇਰਾਨ ਦੇ ਜਹਾਜ਼ ਮੌਜੂਦ ਸਨ। ਇਹ ਅਭਿਆਸ 25 ਫਰਵਰੀ ਨੂੰ ਖਤਮ ਹੋਇਆ। ਤਿੰਨ ਦਿਨ ਬਾਅਦ, 28 ਫਰਵਰੀ ਨੂੰ, ਅਮਰੀਕਾ ਅਤੇ ਇਜ਼ਰਾਈਲ ਨੇ 'ਅਪਰੇਸ਼ਨ ਐਪਿਕ ਫਿਊਰੀ' ਸ਼ੁਰੂ ਕੀਤਾ।

IRIS Dena ਨੇ ਅੱਜ ਸਵੇਰੇ 5:08 ਵਜੇ ਬਚਾਅ ਕਾਲ ਜਾਰੀ ਕੀਤੀ। ਸ੍ਰੀਲੰਕਾ ਦੇ ਵਿਦੇਸ਼ ਮੰਤਰੀ ਵਿਜੀਥਾ ਹੇਰਾਥ ਨੇ ਸੰਸਦ ਨੂੰ ਦੱਸਿਆ ਕਿ ਦੋ ਜਲ ਸੈਨਾ ਜਹਾਜ਼ ਅਤੇ ਇੱਕ ਜਹਾਜ਼ ਤੈਨਾਤ ਕੀਤਾ ਗਿਆ ਸੀ। 30 ਚਾਲਕ ਦਲ ਦੇ ਮੈਂਬਰਾਂ ਨੂੰ ਬਚਾ ਕੇ ਗਾਲੇ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਇੱਕ ਰਿਪੋਰਟ ਅਨੁਸਾਰ 101 ਮਲਾਹ ਲਾਪਤਾ ਹਨ ਅਤੇ 78 ਜ਼ਖਮੀ ਹਨ, ਜਦਕਿ ਦੂਜੀ ਰਿਪੋਰਟ ਵਿੱਚ 32 ਗੰਭੀਰ ਜ਼ਖਮੀਆਂ ਦੀ ਜਾਣਕਾਰੀ ਦਿੱਤੀ ਗਈ ਹੈ।

# ਸੋਸ਼ਲ ਮੀਡੀਆ 'ਤੇ ਗੰਦੀ ਬਿਆਨਬਾਜ਼ੀ ਕਰਨ ਵਾਲੀ ਨੈਨਸੀ ਗਰੇਵਾਲ ਦਾ ਕਤਲ

**ਚੰਡੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲਾਸਾਲ ਪੁ✚ਲਸ ਨੇ ਇੱਕ ਤਾਜ਼ਾ ਮਾਮਲੇ ਵਿੱਚ ਚਾਕੂ ਮਾਰ ਕੇ ਕਤਲ ਕੀਤੀ ਗਈ ਮਹਿਲਾ ਦੀ ਪਛਾਣ ਵਿੰਡਸਰ ਦੀ 45 ਸਾਲਾ ਨੈਂਸੀ ਗਰੇਵਾਲ ਵਜੋਂ ਕੀਤੀ ਹੈ। ਵਿੰਡਸਰ ਸਟਾਰ ਦੀ ਰਿਪੋਰਟ ਦੇ ਅਨੁਸਾਰ ਪੁਲੀਸ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ ਕਿਹਾ, ਲਾਸਾਲ ਪੁਲੀਸ ਸਰਵਿਸ ਗਰੇਵਾਲ ਉਰਫ਼ ਅਗਨੀਹੋਤਰੀ ਦੇ ਪਰਿਵਾਰ ਅਤੇ ਦੋਸਤਾਂ ਨਾਲ ਹਮਦਰਦੀ ਪ੍ਰਗਟ ਕੀਤੀ। ਜਨਤਕ ਚਿੰਤਾ ਨੂੰ ਘੱਟ ਕਰਨ ਲਈ,ਅਸੀਂ ਸਾਂਝਾ ਕਰ ਰਹੇ ਹਾਂ ਕਿ ਜਾਂਚਕਰਤਾ ਇਸ ਨੂੰ ਇੱਕ ਅਲੱਗ ਘਟਨਾ ਵਜੋਂ ਦੇਖ ਰਹੇ ਹਨ। ਹਾਲਾਂਕਿ ਜਾਂਚਕਰਤਾਵਾਂ ਨੇ ਇਸ ਮਾਮਲੇ ਨੂੰ ਇੱਕ ਵੱਖਰੀ ਘਟਨਾ ਦੇ ਤੌਰ



'ਤੇ ਦੱਸਿਆ ਹੈ,ਪਰ ਉਨ੍ਹਾਂ ਨੇ ਇਹ ਖੁਲਾਸਾ ਨਹੀਂ ਕੀਤਾ ਕਿ ਕੋਈ ਸ਼ੱਕੀ ਹਿਰਾਸਤ ਵਿੱਚ ਹੈ ਜਾਂ ਨਹੀਂ। ਪੁਲੀਸ ਅਤੇ ਪੈਰਾਮੈਡਿਕਸ ਮੰਗਲਵਾਰ ਰਾਤ 9:30 ਵਜੇ ਤੋਂ ਕੁਝ ਸਮਾਂ ਪਹਿਲਾਂ ਟੌਡ ਲੇਨ ਦੇ 2400 ਬਲਾਕ ਵਿੱਚ ਚਾਕੂ ਮਾਰਨ ਦੀ ਸੂਚਨਾ ਮਿਲਣ 'ਤੇ ਪਹੁੰਚੇ ਸਨ।

# ਕਿਸੇ ਵੀ ਮਸਲੇ ਦਾ ਹੱਲ ਫੌਜੀ ਟਕਰਾਅ ਰਾਹੀਂ ਨਹੀਂ ਹੋ ਸਕਦਾ: ਮੋਦੀ

## ਫਿਨਲੈਂਡ ਦੇ ਰਾਸ਼ਟਰਪਤੀ ਨਾਲ ਗੱਲਬਾਤ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਦਿੱਤਾ ਸ਼ਾਂਤੀ ਦਾ ਹੋਕਾ

**ਨਵੀਂ ਦਿੱਲੀ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੱਛਮੀ ਏਸ਼ੀਆ ਅਤੇ ਯੂਕਰੇਨ ਦੇ ਸੰਘਰਸ਼ਾਂ ਨੂੰ ÷ਜਲਦੀ ਖਤਮ÷ ਕਰਨ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਫੌਜੀ ਟਕਰਾਅ ਰਾਹੀਂ ਕਿਸੇ ਵੀ ਮਸਲੇ ਦਾ ਹੱਲ ਨਹੀਂ ਕੀਤਾ ਜਾ ਸਕਦਾ।

ਮੋਦੀ ਨੇ ਇਹ ਟਿੱਪਣੀਆਂ ਫਿਨਲੈਂਡ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਸਟੱਬ ਨਾਲ ਵਿਆਪਕ ਗੱਲਬਾਤ ਕਰਨ ਤੋਂ ਬਾਅਦ ਕੀਤੀਆਂ।



ਉਨ੍ਹਾਂ ਆਪਣੇ ਮੀਡੀਆ ਬਿਆਨ ਵਿੱਚ ਕਿਹਾ, ÷ਭਾਰਤ ਅਤੇ ਫਿਨਲੈਂਡ ਦੋਵੇਂ ਕਾਨੂੰਨ ਦੇ ਰਾਜ, ਸੰਵਾਦ ਅਤੇ ਕੂਟਨੀਤੀ ਵਿੱਚ ਵਿਸ਼ਵਾਸ ਰੱਖਦੇ ਹਨ। ਅਸੀਂ ਇਸ ਗੱਲ 'ਤੇ ਸਹਿਮਤ ਹਾਂ ਕਿ ਕੋਈ ਵੀ ਮਸਲਾ ਇਕੱਲੇ ਫੌਜੀ ਟਕਰਾਅ ਰਾਹੀਂ ਹੱਲ ਨਹੀਂ ਕੀਤਾ ਜਾ ਸਕਦਾ। ਚਾਹੇ ਯੂਕਰੇਨ ਹੋਵੇ ਜਾਂ ਪੱਛਮੀ ਏਸ਼ੀਆ, ਅਸੀਂ ਸੰਘਰਸ਼ਾਂ ਦੇ ਜਲਦੀ ਅੰਤ ਅਤੇ ਸ਼ਾਂਤੀ ਵੱਲ ਹਰ ਯਤਨ ਦਾ ਸਮਰਥਨ ਕਰਨਾ ਜਾਰੀ ਰੱਖਾਂਗੇ।

ਗੱਲਬਾਤ ਦੌਰਾਨ, ਦੋਵਾਂ ਪੱਖਾਂ ਨੇ ਡਿਜੀਟਲਾਈਜ਼ੇਸ਼ਨ ਅਤੇ ਸਥਿਰਤਾ ਵਿੱਚ ਭਾਰਤ-ਫਿਨਲੈਂਡ ਸਬੰਧਾਂ ਨੂੰ ਇੱਕ ਰਣਨੀਤਕ ਸਾਂਝੇਦਾਰੀ ਵਜੋਂ ਸਵੀਕਾਰ ਕਰਨ 'ਤੇ ਵੀ ਸਹਿਮਤੀ ਜਤਾਈ।

# ਭਾਰਤ ਨੂੰ ਮਜ਼ਬੂਤ ਹੱਥਾਂ ਦੀ ਲੋੜ ਹੈ ਪਰ ਦੇਸ਼ ਕੋਲ 'ਸਮਝੌਤਾ ਪ੍ਰਧਾਨ ਮੰਤਰੀ' ਹੈ: ਰਾਹੁਲ

**ਨਵੀਂ ਦਿੱਲੀ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਹਮਲਾ ਕਰਦਿਆਂ ਕਿਹਾ ਕਿ ਪੱਛਮੀ ਏਸ਼ੀਆ ਦਾ ਸੰਘਰਸ਼ ਭਾਰਤ ਦੇ ਵਿਹੜੇ ਤੱਕ ਪਹੁੰਚ ਗਿਆ ਹੈ ਪਰ ਉਹ ਚੁੱਪ ਹਨ ਅਤੇ ਜਦੋਂ ਦੇਸ਼ ਨੂੰ ਸੱਤਾ ਦੀ ਵਾਗਡੋਰ ਸੰਭਾਲਣ ਲਈ ਇੱਕ ਮਜ਼ਬੂਤ ਹੱਥ ਦੀ ਲੋੜ ਸੀ, ਤਾਂ ਇਸ ਕੋਲ ਇੱਕ ਸਮਝੌਤਾਵਾਦੀ ਪ੍ਰਧਾਨ ਮੰਤਰੀ ਹੈ ਜਿਸ ਨੇ ਸਾਡੀ ਰਣਨੀਤਕ ਖੁਦਮੁਖਤਿਆਰੀ ਦਾ ਸਮਰਪਣ ਕਰ ਦਿੱਤਾ ਹੈ।

ਗਾਂਧੀ ਨੇ ਕਿਹਾ ਕਿ ਦੁਨੀਆ ਇੱਕ ਅਸਥਿਰ ਦੌਰ ਵਿੱਚ ਦਾਖਲ ਹੋ ਗਈ ਹੈ ਅਤੇ ਅੱਗੇ ਤੂਫਾਨੀ ਸਮੁੰਦਰ ਹਨ। ਉਨ੍ਹਾਂ 'X' 'ਤੇ ਕਿਹਾ, ਭਾਰਤ ਦੀ ਤੇਲ ਸਪਲਾਈ ਖਤਰੇ ਵਿੱਚ ਹੈ, ਕਿਉਂਕਿ ਸਾਡੀ ਦਰਾਮਦ ਦਾ 40 ਫੀਸਦੀ ਤੋਂ ਵੱਧ ਹਿੱਸਾ ਸਟ੍ਰੇਟ ਆਫ ਹਾਰਮੁਜ਼ ਰਾਹੀਂ ਆਉਂਦਾ ਹੈ। ਐਲਪੀਜੀ (LPG) ਅਤੇ ਐਲਐਨਜੀ (LNG) ਲਈ ਸਥਿਤੀ ਹੋਰ ਵੀ ਮਾੜੀ ਹੈ।



ਗਾਂਧੀ ਨੇ ਕਿਹਾ, ਹਿੰਦ ਮਹਾਸਾਗਰ ਵਿੱਚ ਇੱਕ ਈਰਾਨੀ ਜੰਗੀ ਜਹਾਜ਼ ਦੇ ਡੁੱਬਣ ਨਾਲ ਸੰਘਰਸ਼ ਸਾਡੇ ਵਿਹੜੇ ਤੱਕ ਪਹੁੰਚ ਗਿਆ ਹੈ। ਫਿਰ ਵੀ ਪ੍ਰਧਾਨ ਮੰਤਰੀ ਨੇ ਕੁਝ ਨਹੀਂ ਕਿਹਾ। ਉਨ੍ਹਾਂ ਦੋਸ਼ ਲਾਇਆ ਕਿ ਅਜਿਹੇ ਸਮੇਂ ਵਿੱਚ ਭਾਰਤ ਨੂੰ ਇੱਕ ਸਥਿਰ ਅਗਵਾਈ ਦੀ ਲੋੜ ਹੈ, ਪਰ ਇਸ ਦੀ ਬਜਾਏ ਭਾਰਤ ਕੋਲ ਇੱਕ ਅਜਿਹਾ ਪ੍ਰਧਾਨ ਮੰਤਰੀ ਹੈ ਜਿਸ ਨੇ ਰਣਨੀਤਕ ਸੁਤੰਤਰਤਾ ਗੁਆ ਦਿੱਤੀ ਹੈ।

ਉਨ੍ਹਾਂ ਦੀਆਂ ਇਹ ਟਿੱਪਣੀਆਂ ਇੱਕ ਅਮਰੀਕੀ ਪਣਡੁੱਬੀ ਦੁਆਰਾ ਸ਼੍ਰੀਲੰਕਾ ਦੇ ਤੱਟ ਨੇੜੇ ਅੰਤਰਰਾਸ਼ਟਰੀ ਪਾਣੀਆਂ ਵਿੱਚ ਇੱਕ ਈਰਾਨੀ ਜੰਗੀ ਜਹਾਜ਼ ਨੂੰ ਟਾਰਪੀਡੋ ਨਾਲ ਡੁਬੋਣ ਤੋਂ ਇੱਕ ਦਿਨ ਬਾਅਦ ਆਈਆਂ ਹਨ, ਜੋ ਭਾਰਤ ਦੁਆਰਾ ਆਯੋਜਿਤ 'ਮਿਲਾਨ' ਜਲ ਸੈਨਾ ਅਭਿਆਸ ਵਿੱਚ ਹਿੱਸਾ ਲੈ ਕੇ ਵਾਪਸ ਜਾ ਰਿਹਾ ਸੀ। ਅਮਰੀਕੀ ਰੱਖਿਆ ਸਕੱਤਰ ਪੀਟ ਹੇਗਸੇਥ ਨੇ ਪੈਂਟਾਗਨ ਵਿੱਚ ਪੁਸ਼ਟੀ ਕੀਤੀ ਕਿ ਦੂਜੀ ਵਿਸ਼ਵ ਜੰਗ ਤੋਂ ਬਾਅਦ ਟਾਰਪੀਡੋ ਦੁਆਰਾ ਦੁਸ਼ਮਣ ਦੇ ਜੰਗੀ ਜਹਾਜ਼ ਨੂੰ ਡੁਬੋਣ ਦੀ ਇਹ ਪਹਿਲੀ ਘਟਨਾ ਹੈ।

ਐਸੋਸੀਏਟਡ ਪ੍ਰੈਸ ਨੇ ਸ਼੍ਰੀਲੰਕਾਈ ਜਲ ਸੈਨਾ ਦੇ ਹਵਾਲੇ ਨਾਲ ਦੱਸਿਆ ਕਿ 87 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ ਅਤੇ 'IRIS DenaÓ ਜਹਾਜ਼ ਦੇ ਡੁੱਬਣ ਤੋਂ ਬਾਅਦ 32 ਲੋਕਾਂ ਨੂੰ ਬਚਾਇਆ ਗਿਆ ਹੈ। ਇਹ ਘਟਨਾ ਅਮਰੀਕਾ ਅਤੇ ਈਰਾਨ ਵਿਚਕਾਰ ਸੰਘਰਸ਼ ਦੇ ਵੱਡੇ ਪੱਧਰ 'ਤੇ ਵਧਣ ਦਾ ਸੰਕੇਤ ਹੈ, ਜੋ ਹੁਣ ਹਿੰਦ ਮਹਾਸਾਗਰ ਤੱਕ ਫੈਲ ਗਿਆ ਹੈ।

# ਪੀ.ਪੀ.ਸੀ.ਬੀ. ਵੱਲੋਂ ਐਸ.ਜੀ.ਪੀ.ਸੀ. ਦੇ ਸਹਿਯੋਗ ਸਫਲਤਾਪੂਰਵਕ ਚਲਾਈ ਗਈ- 'ਪਲਾਸਟਿਕ-ਮੁਕਤ ਹੋਲਾ ਮਹੱਲਾ' ਮੁਹਿੰਮ



**ਚੰਡੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖ ਧਰਮ ਦੇ ਸਭ ਤੋਂ ਵੱਡੇ ਤਿਉਹਾਰ 'ਹੋਲਾ ਮਹੱਲਾ' ਦੀ ਪਵਿੱਤਰਤਾ ਅਤੇ ਵਾਤਾਵਰਣ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਣ ਲਈ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ (ਪੀ.ਪੀ.ਸੀ.ਬੀ.) ਨੇ ਇਸ ਸਮਾਗਮ ਨੂੰ ਪਲਾਸਟਿਕ ਮੁਕਤ ਬਣਾਉਣ ਲਈ ਇੱਕ ਵਿਆਪਕ ਮੁਹਿੰਮ ਸਫਲਤਾਪੂਰਵਕ ਚਲਾਈ ਗਈ। ਇਸ ਮੁਹਿੰਮ ਤਹਿਤ ਪੀ.ਪੀ.ਸੀ.ਬੀ.ਨੇ ਇੱਕ ਵੱਡੀ ਵਾਤਾਵਰਣ-ਪੱਖੀ ਪਹਿਲਕਦਮੀ ਕਰਦਿਆਂ ਸ੍ਰੀ ਆਨੰਦਪੁਰ ਸਾਹਿਬ ਵਿੱਚ ਵੱਖ-ਵੱਖ ਕਮੇਟੀਆਂ ਵੱਲੋਂ ਚਲਾਏ ਜਾ ਰਹੇ ਲੰਗਰਾਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਬਾਇਓਡੀਗ੍ਰੇਡੇਬਲ ਅਤੇ ਕੰਪੋਸਟੇਬਲ ਡਿਸਪੋਜ਼ੇਬਲ ਵਸਤੂਆਂ ਮੁਫ਼ਤ ਮੁਹੱਈਆ ਕਰਵਾਈਆਂ ਗਈਆਂ।

ਇਸ ਬਾਬਤ ਜਾਣਕਾਰੀ ਦਿੰਦਿਆਂ ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਇਸ ਮੁਹਿੰਮ ਦਾ ਰਸਮੀ ਉਦਘਾਟਨ 1 ਮਾਰਚ 2026 ਨੂੰ ਪੀ.ਪੀ.ਸੀ.ਬੀ. ਦੀ ਚੇਅਰਪਰਸਨ ਸ਼੍ਰੀਮਤੀ ਰੀਨਾ ਗੁਪਤਾ ਅਤੇ ਮੈਂਬਰ ਸਕੱਤਰ ਸ਼੍ਰੀ ਲਵਨੀਤ ਦੂਬੇ ਦੀ ਅਗਵਾਈ ਵਿੱਚ ਇੱਕ ਵਫ਼ਦ ਨੇ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕਰਕੇ ਇਸ ਮੁਹਿੰਮ ਦਾ ਆਗਾਜ਼ ਕੀਤਾ ਸੀ।

\ ਇਸ ਮੁਹਿੰਮ ਨੂੰ ਚਲਾਉਣ ਤੋਂ ਪਹਿਲਾਂ ਵਿਭਾਗ ਵੱਲੋਂ ਮੁੱਢਲੀਆਂ ਤਿਆਰੀਆਂ ਹਫਤੇ ਪਹਿਲਾਂ ਹੀ ਸ਼ੁਰੂ ਕਰ ਦਿੱਤਾ ਸੀ। ਜਿਸ ਵਿੱਚ ਲੰਗਰ ਕਮੇਟੀਆਂ ਨਾਲ ਸੰਪਰਕ ਕਰਨਾ, ਲੋੜਾਂ ਦਾ ਮੁਲਾਂਕਣ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਤਾਲਮੇਲ ਸ਼ਾਮਲ ਸੀ।

ਬੁਲਾਰੇ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਵਿਸੇਸ਼ ਤੌਰ ਤੇ ਈਕੋ-ਫਰੈਂਡਲੀ ਬੁਨਿਆਦੀ ਢਾਂਚੇ ਦਾ ਵਿਸਥਾਰ ਕਰਨ ਤੇ ਧਿਆਨ ਕੇਂਦਰਿਤ ਕੀਤਾ ਗਿਆ ਜਿਸ ਤਹਿਤ ਸਿੰਗਲ-ਯੂਜ਼ ਪਲਾਸਟਿਕ ਦੀ ਵਰਤੋਂ ਨੂੰ ਰੋਕਣ ਲਈ, ਪੀ.ਪੀ.ਸੀ.ਬੀ. 20 ਲੱਖ ਤੋਂ ਵੱਧ ਉੱਚ-ਗੁਣਵੱਤਾ ਵਾਲੇ ਬਾਇਓਡੀਗ੍ਰੇਡੇਬਲ ਬਦਲਾਂ ਦੀ ਸਪਲਾਈ ਯਕੀਨੀ ਬਣਾਈ। ਹੋਲੇ ਮਹੱਲੇ ਦੌਰਾਨ 7 ਲੱਖ ਬਾਇਓਡੀਗ੍ਰੇਡੇਬਲ ਪਲਾਸਟਿਕ ਕੱਪ, 6.5 ਲੱਖ ਬਾਇਓਡੀਗ੍ਰੇਡੇਬਲ ਚਮਚੇ, 2.5 ਲੱਖ ਪਲੇਟਾਂ, 5 ਲੱਖ ਬਾਇਓਡੀਗ੍ਰੇਡੇਬਲ ਕੌਲੀਆਂ ਅਤੇ ਹੋਰ ਸਮਾਨ, 5,000 ਬਾਇਓਡੀਗ੍ਰੇਡੇਬਲ ਕੂੜਾ ਕਰਕਟ ਵਾਲੇ ਬੈਗ, 30,000 ਬਾਇਓਡੀਗ੍ਰੇਡੇਬਲ ਕੈਰੀ ਬੈਗ (ਕੜਾਹ ਪ੍ਰਸ਼ਾਦ ਲਈ) ਦੀ ਸਪਲਾਈ ਵੱਖ-ਵੱਖ ਲੰਗਰਾਂ ਅਤੇ ਗੁਰਦੁਆਰਾ ਸਾਹਿਬਾਨਾਂ ਵਿੱਚ ਕੀਤੀ ਗਈ।

ਬੁਲਾਰੇ ਨੇ ਦੱਸਿਆ ਕਿ ਇਸ ਵਡਕਾਰੀ ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਚਲਾਉਣ ਲਈ ਪੀ.ਪੀ.ਸੀ.ਬੀ. ਦੀਆਂ 20 ਸਮਰਪਿਤ ਟੀਮਾਂ ਅਤੇ ਵਲੰਟੀਅਰਾਂ ਵੱਲੋਂ ਵੱਡੇ ਪੱਧਰ ਤੇ ਸਹਿਯੋਗ ਕੀਤਾ ਗਿਆ। ਇਹ ਕਾਰਜ 27 ਫਰਵਰੀ, 2026 ਤੋਂ 4 ਮਾਰਚ, 2026 ਤੱਕ ਪੂਰੇ ਜ਼ੋਰ ਸ਼ੋਰ ਨਾਲ ਕੀਤਾ ਗਿਆ।

# ਸਮੁੰਦਰ ਵਿੱਚ ਘਾਤਕ ਅਮਰੀਕੀ ਹਮਲੇ ਤੋਂ ਬਾਅਦ ਸ੍ਰੀਲੰਕਾ ਦੂਜੇ ਇਰਾਨੀ ਜਹਾਜ਼ ਦੀ ਕਰ ਰਿਹਾ ਨਿਗਰਾਨੀ

**ਕੋਲੰਬੋ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀਲੰਕਾ ਦੇ ਦੱਖਣੀ ਤੱਟ 'ਤੇ ਅਮਰੀਕੀ ਪਣਡੁੱਬੀ ਦੇ ਹਮਲੇ ਵਿੱਚ ਇਰਾਨੀ ਜੰਗੀ ਜਹਾਜ਼ ਦੇ ਡੁੱਬਣ ਅਤੇ 87 ਲੋਕਾਂ ਦੀ ਮੌਤ ਤੋਂ ਇੱਕ ਦਿਨ ਬਾਅਦ, ਹੁਣ ਸ੍ਰੀਲੰਕਾ ਆਪਣੇ ਸਮੁੰਦਰੀ ਖੇਤਰ ਦੇ ਨੇੜੇ ਮੌਜੂਦ ਇੱਕ ਦੂਜੇ ਇਰਾਨੀ ਜਹਾਜ਼ 'ਤੇ ਸਵਾਰ ਲੋਕਾਂ ਦੀਆਂ ÷ਜਾਨਾਂ ਬਚਾਉਣ÷ ਦੀ ਕੋਸ਼ਿਸ਼ ਕਰ ਰਿਹਾ ਹੈ। ਅਧਿਕਾਰੀ ਇਸ ਦੂਜੇ ਜਹਾਜ਼ ਦੀ ਸਥਿਤੀ 'ਤੇ ਲਗਾਤਾਰ ਨਜ਼ਰ ਰੱਖ ਰਹੇ ਹਨ। ਸਰਕਾਰੀ ਬੁਲਾਰੇ ਨਲਿੰਦਾ ਜੈਤਿਸਾ ਨੇ ਸੰਸਦ ਨੂੰ ਦੱਸਿਆ ਕਿ ਅਧਿਕਾਰੀ ਸ੍ਰੀਲੰਕਾ ਦੇ ਵਿਸ਼ੇਸ਼ ਆਰਥਿਕ ਖੇਤਰ ਦੇ ਅੰਦਰ ਇੱਕ ਹੋਰ ਇਰਾਨੀ ਜਹਾਜ਼ ਦੀ ਮੌਜੂਦਗੀ ਬਾਰੇ ਜਾਣੂ ਹਨ ਅਤੇ ਸਥਿਤੀ ਦੀ ਨਿਗਰਾਨੀ ਕਰ ਰਹੇ ਹਨ। ਉਨ੍ਹਾਂ ਨੇ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਕਿ ਜਹਾਜ਼ ਫੌਜੀ ਸੀ ਜਾਂ ਨਹੀਂ, ਪਰ ਕਿਹਾ ਕਿ ਅਧਿਕਾਰੀ ÷ਜਾਨਾਂ ਦੀ ਰਾਖੀ ਲਈ ਆਪਣੀ ਪੂਰੀ ਕੋਸ਼ਿਸ਼ ਕਰ ਰਹੇ ਹਨ।÷

ਇਰਾਨੀ ਜੰਗੀ ਜਹਾਜ਼ 'ਤੇ ਦੱਖਣੀ ਬੰਦਰਗਾਹ ਸ਼ਹਿਰ ਗਾਲੇ ਤੋਂ ਲਗਪਗ 19 ਸਮੁੰਦਰੀ ਮੀਲ ਦੂਰ ਹਮਲਾ ਕੀਤਾ ਗਿਆ ਸੀ। ਸ੍ਰੀਲੰਕਾ ਦੀਆਂ ਬਚਾਅ ਟੀਮਾਂ ਨੇ ਬੁੱਧਵਾਰ ਤੜਕੇ ਮਿਲੀ ਬਚਾਅ ਕਾਲ ) ਤੋਂ ਬਾਅਦ 32 ਜਿਉਂਦੇ ਬਚੇ ਲੋਕਾਂ ਨੂੰ ਕੱਢ ਲਿਆ। ਵੀਰਵਾਰ ਨੂੰ ਅਜੇ ਵੀ ਲਾਪਤਾ ਲਗਪਗ 10 ਮਲਾਹਾਂ ਦੀ ਭਾਲ ਲਈ ਮੁਹਿੰਮ ਜਾਰੀ ਰਹੀ। ਅਧਿਕਾਰੀਆਂ ਨੇ ਦੱਸਿਆ ਕਿ ਬਚਾਏ ਗਏ ਮਲਾਹਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ ਅਤੇ ਉਨ੍ਹਾਂ ਨੂੰ ਜਲਦੀ ਹੀ ਹਸਪਤਾਲ ਤੋਂ ਛੁੱਟੀ ਦਿੱਤੀ ਜਾ ਸਕਦੀ ਹੈ। ਸ੍ਰੀਲੰਕਾ ਦੇ ਅਧਿਕਾਰੀਆਂ ਨੇ ਇਹ ਵੀ ਦੱਸਿਆ ਕਿ ਸਮੁੰਦਰ ਵਿੱਚੋਂ ਬਰਾਮਦ ਕੀਤੀਆਂ ਲਾਸ਼ਾਂ ਨੂੰ ਰੱਖਣ ਲਈ ਕੋਲੰਬੋ ਤੋਂ ਦੋ ਰੈਫ੍ਰਿਜੇਰੇਟਿਡ ਯੂਨਿਟ ਭੇਜੇ ਗਏ ਹਨ। ਇਰਾਨ ਨੇ ਇਸ ਹਮਲੇ ਦੀ ਸਖ਼ਤ ਨਿਖੇਧੀ ਕੀਤੀ ਹੈ। ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਕਿਹਾ ਕਿ ਜਹਾਜ਼ ਨੂੰ ਖਾੜੀ ਸੰਘਰਸ਼ ਖੇਤਰ ਤੋਂ ਹਜ਼ਾਰਾਂ ਮੀਲ ਦੂਰ ਅੰਤਰਰਾਸ਼ਟਰੀ ਪਾਣੀਆਂ ਵਿੱਚ ਬਿਨਾਂ ਕਿਸੇ ਚਿਤਾਵਨੀ ਦੇ ਨਿਸ਼ਾਨਾ ਬਣਾਇਆ ਗਿਆ ਸੀ। ਅਰਾਗਚੀ ਨੇ X 'ਤੇ ਲਿਖਿਆ, ਅਮਰੀਕਾ ਨੂੰ ਇਸ ਮਿਸਾਲ 'ਤੇ ਬਹੁਤ ਪਛਤਾਵਾ ਹੋਵੇਗਾ ਜੋ ਉਸ ਨੇ ਕਾਇਮ ਕੀਤੀ ਹੈ।IRIS Dena ਨੇ ਹਾਲ ਹੀ ਵਿੱਚ ਬੰਗਾਲ ਦੀ ਖਾੜੀ ਵਿੱਚ ਭਾਰਤ ਵੱਲੋਂ ਆਯੋਜਿਤ ਜਲ ਸੈਨਾ ਅਭਿਆਸ ਵਿੱਚ ਹਿੱਸਾ ਲਿਆ ਸੀ ਅਤੇ ਜਦੋਂ ਇਸ ਉੱਤੇ ਹਮਲਾ ਹੋਇਆ ਤਾਂ ਇਹ ਘਰ ਵਾਪਸ ਜਾ ਰਿਹਾ ਸੀ।

# ਮਾਨ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਦੇ 4,817 ਲਾਭਪਾਤਰੀਆਂ ਲਈ 24.57 ਕਰੋੜ ਜਾਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਨਿਆਂ ਅਤੇ ਸਰਵਪੱਖੀ ਵਿਕਾਸ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਅਮਲੀ ਰੂਪ ਦਿੰਦਿਆਂ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਾਸ਼ੀਆਗ੍ਰਸਤ ਅਤੇ ਪੱਛੜੇ ਵਰਗਾਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਲਈ ਯੋਜਨਾ-ਬੱਧ ਭਲਾਈ ਸਕੀਮਾਂ ਰਾਹੀਂ ਲਗਾਤਾਰ ਕੰਮ ਕਰ ਰਹੀ ਹੈ। ਇਸੇ ਦਿਸ਼ਾ ਵਿੱਚ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਚਾਲੂ ਵਿੱਤੀ ਸਾਲ 2025-26 ਦੌਰਾਨ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਧੀਆਂ ਦੇ ਵਿਆਹ ਲਈ 4,817 ਯੋਗ ਲਾਭਪਾਤਰੀਆਂ ਨੂੰ ?24.57 ਕਰੋੜ ਦੀ ਵਿੱਤੀ ਸਹਾਇਤਾ ਜਾਰੀ ਕੀਤੀ ਗਈ ਹੈ।



ਕੈਬਨਿਟ ਮੰਤਰੀ ਨੇ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਸ੍ਰੀ ਅੰਮ੍ਰਿਤਸਰ ਸਾਹਿਬ, ਬਰਨਾਲਾ, ਫਰੀਦਕੋਟ, ਸ੍ਰੀ ਫਤਹਿਗੜ੍ਹ ਸਾਹਿਬ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਮੋਗਾ, ਸ੍ਰੀ ਮੁਕਤਸਰ ਸਾਹਿਬ, ਪਟਿਆਲਾ, ਐਸ.ਏ.ਐਸ. ਨਗਰ, ਸੰਗਰੂਰ, ਮਾਲੇਰਕੋਟਲਾ ਅਤੇ ਤਰਨਤਾਰਨ — ਇਨ੍ਹਾਂ 15 ਜ਼ਿਲ੍ਹਿਆਂ ਤੋਂ ਕੁੱਲ 4,817 ਅਰਜ਼ੀਆਂ ਅਸ਼ੀਰਵਾਦ ਪੋਰਟਲ ਰਾਹੀਂ ਪ੍ਰਾਪਤ ਹੋਈਆਂ, ਜਿਨ੍ਹਾਂ ਸਭ ਨੂੰ ਕਵਰ ਕਰਦਿਆਂ ਰਾਸ਼ੀ ਜਾਰੀ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਇਸ ਰਾਸ਼ੀ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਦੇ 739, ਬਰਨਾਲਾ ਦੇ 172, ਫਰੀਦਕੋਟ ਦੇ 190, ਸ੍ਰੀ ਫਤਹਿਗੜ੍ਹ ਸਾਹਿਬ ਦੇ 124, ਗੁਰਦਾਸਪੁਰ ਦੇ 437, ਹੁਸ਼ਿਆਰਪੁਰ ਦੇ 471 ਅਤੇ ਜਲੰਧਰ ਦੇ 135 ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ। ਇਸੇ ਤਰ੍ਹਾਂ ਲੁਧਿਆਣਾ (272), ਮੋਗਾ (260), ਸ੍ਰੀ ਮੁਕਤਸਰ ਸਾਹਿਬ (410), ਪਟਿਆਲਾ (519), ਐਸ.ਏ.ਐਸ. ਨਗਰ (124), ਸੰਗਰੂਰ (305), ਮਾਲੇਰਕੋਟਲਾ (98) ਅਤੇ ਤਰਨਤਾਰਨ (561) ਦੇ ਲਾਭਪਾਤਰੀਆਂ ਨੂੰ ਵੀ ਇਸ ਸਕੀਮ ਅਧੀਨ ਲਾਭ ਦਿੱਤਾ ਗਿਆ ਹੈ।

# ਮੋਹਾਲੀ ਹਲਕੇ ਲਈ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਵੱਡੀ ਸੌਗਾਤ; ਵਿਧਾਇਕ ਕੁਲਵੰਤ ਸਿੰਘ ਨੇ ਕੀਤਾ ਰੂਲਰ ਹੈਲਥ ਟ੍ਰੇਨਿੰਗ ਸੈਂਟਰ ਸਨੇਟਾ ਦਾ ਦੌਰਾ

**ਮੁਹਾਲੀ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਮੋਹਾਲੀ ਕੁਲਵੰਤ ਸਿੰਘ ਦੀ ਤਰਫੋਂ ਰੂਲਰ ਹੈਲਥ ਟ੍ਰੇਨਿੰਗ ਸੈਂਟਰ (ਆਰ.ਐਚ. ਟੀ.ਸੀ.) ਸਨੇਟਾ ਦਾ ਦੌਰਾ ਕੀਤਾ ਗਿਆ , ਇਸ ਮੌਕੇ ਤੇ ਵਿਧਾਇਕ ਕੁਲਵੰਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਭਗਵੰਤ ਸਿੰਘ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜਿੰਮੇਵਾਰੀ ਸੰਭਾਲੀ ਹੈ, ਉਸ ਤੋਂ ਕੁਝ ਦਿਨਾਂ ਦੇ ਵਿੱਚ ਹੀ ਉਹਨਾਂ ਵੱਲੋਂ ਕੀਤੇ ਗਏ ਵਾਅਦੇ ਅਤੇ ਦਿੱਤੀਆਂ ਗਈਆਂ ਗਰੰਟੀਆਂ ਦੇ ਵਿੱਚੋਂ ਪੰਜਾਬ ਦੇ ਲੋਕਾਂ ਦੀ ਸਹੂਲਤ ਦੇ ਲਈ ਬਿਜਲੀ ਦੇ 600 ਯੂਨਿਟ ਮਾਫ ਕਰਨ ਦਾ ਐਲਾਨ ਕੀਤਾ ਗਿਆ। ਅਤੇ ਅੱਜ 80% ਤੋਂ ਵੀ ਵੱਧ ਪਰਿਵਾਰ ਮੁਫਤ ਬਿਜਲੀ ਦਾ ਫਾਇਦਾ ਉਠਾ ਰਹੇ ਹਨ, ਉਹਨਾਂ ਕਿਹਾ ਕਿ ਸਰਕਾਰ ਵੱਲੋਂ ਸ਼ੁਰੂ ਤੋਂ ਹੀ ਪੰਜਾਬ ਵਿੱਚ ਬੁਨਿਆਦੀ ਸਹੂਲਤਾਂ ਜਿਵੇਂ ਸਿਹਤ ਅਤੇ ਸਿੱਖਿਆ ਦੇ ਵੱਲ ਉਚੇਚੇ ਤੌਰ ਤੇ ਧਿਆਨ ਦਿੱਤਾ ਗਿਆ ਸੀ ਅਤੇ ਦਿੱਤਾ



ਜਾ ਰਿਹਾ ਹੈ।

ਉਹਨਾਂ ਕਿਹਾ ਕਿ ਵੱਡੀ ਪੱਧਰ ਤੇ ਮੁਹੱਲਾ ਕਲੀਨਿਕ, ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਡਾਕਟਰਾਂ ਅਤੇ ਲੋੜੀਂਦੇ ਸਟਾਫ ਦੀ ਭਰਤੀ ਕੀਤੀ ਗਈ, ਜਿਸ ਨਾਲ ਕੰਮ ਸੁਚਾਰੂ ਤਰੀਕੇ ਨਾਲ ਚੱਲਣ ਲੱਗ ਪਿਆ ਅਤੇ ਇਸ ਤੋਂ ਇਲਾਵਾ ਪੰਜਾਬ ਦੇ ਸਾਰੇ ਸਕੂਲਾਂ ਦੇ ਵਿੱਚ ਵੀ ਲੋੜੀਂਦੇ ਸਟਾਫ ਨੂੰ ਪੂਰਾ ਕੀਤਾ ਗਿਆ , ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਰੂਲਰ ਹੈਲਥ ਟ੍ਰੇਨਿੰਗ ਸੈਂਟਰ ਦੇ ਵਿੱਚ ਮੈਡੀਕਲ ਡਾਕਟਰ ਬੀ. ਆਰ. ਅੰਬੇਡਕਰ ਮੈਡੀਕਲ ਕਾਲਜ ਵਿੱਚ ਪੜ੍ਹ ਰਹੇ ਵਿਦਿਆਰਥੀ ਡਾਕਟਰ ਇੱਥੇ ਟ੍ਰੇਨਿੰਗ ਹਾਸਲ ਕਰਨਗੇ ਅਤੇ ਇੱਥੇ ਹਰ ਵੇਲੇ ਪ੍ਰੋਫੈਸਰ/ ਡਾਕਟਰ ਮੌਜੂਦ ਰਹਿਣਗੇ ਅਤੇ ਲੋਕਾਂ ਲਈ ਮੈਡੀਕਲ ਸਹੂਲਤ ਵੀ ਉਪਲਧ ਰਹੇਗੀ, ਉਹਨਾਂ ਕਿਹਾ ਕਿ ਓ.ਪੀ.ਡੀ. ਚਾਲੂ ਹੋ ਚੁੱਕੀ ਹੈ, ਐਕਸਰੇ ਮਸ਼ੀਨ ਆ ਚੁੱਕੀ ਹੈ ਅਤੇ ਡੈਂਟਲ ਕਲੀਨਿਕ ਵੀ ਖੁੱਲ ਚੁੱਕਾ ਹੈ, ਉਹਨਾਂ ਕਿਹਾ ਕਿ ਮੈਡੀਕਲ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀ ਪਿੰਡਾਂ ਦੇ ਵਿੱਚ ਜਾ ਕੇ ਪਰਿਵਾਰਾਂ ਦੇ ਨਾਲ ਬੈਠਣਗੇ ਅਤੇ ਉਹਨਾਂ ਨੂੰ ਵੱਖ-ਵੱਖ ਬਿਮਾਰੀਆਂ ਅਤੇ ਉਹਨਾਂ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਇਕੱਤਰ ਕਰਨਗੇ ਅਤੇ ਉਹਨਾਂ ਨੂੰ ਮੌਕੇ ਤੇ ਹੀ ਮੈਡੀਕਲ ਸਹੂਲਤ ਵੀ ਉਪਲਬਧ ਕਰਵਾਈ ਜਾਵੇਗੀ। ਮੁੱਖ ਮੰਤਰੀ ਭਗਵੰਤ ਸਿੰਘ ਦੀ ਸਰਕਾਰ ਵੱਲੋਂ ਮੋਹਾਲੀ ਹਲਕੇ ਦੇ ਲੋਕਾਂ ਨੂੰ ਦਿੱਤੀ ਗਈ ਇਹ ਵੱਡੀ ਸੌਗਾਤ ਹੈ ਅਤੇ ਲੋਕਾਂ ਨੂੰ ਇਸ ਦਾ ਫਾਇਦਾ ਉਠਾਉਣਾ ਚਾਹੀਦਾ ਹੈ, ਉਹਨਾਂ ਕਿਹਾ ਕਿ ਮੈਂ ਇਲਾਕੇ ਦੇ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਮਾਹਰ ਡਾਕਟਰਾਂ ਦੀ ਟੀਮ ਤੋਂ ਆਪਣੇ ਇਲਾਜ ਕਰਵਾਉਣ ਲਈ ਪਹੁੰਚਣ, ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਸਰਕਾਰੀ ਡਾਕਟਰ ਸੇਵਾ ਭਾਵਨਾ ਦੇ ਨਾਲ ਮਰੀਜ਼ਾਂ ਦਾ ਇਲਾਜ ਕਰਦੇ ਹਨ, ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਹੁਣ ਲੋਕਾਂ ਦੇ ਉੱਪਰ ਸਿਹਤ ਨਾਲ ਸੰਬੰਧਿਤ ਕੋਈ ਵੀ ਆਰਥਿਕ ਬੋਝ ਨਹੀਂ ਰਿਹਾ, ਕਿਉਂਕਿ ਮੁਹੱਲਾ ਕਲੀਨਿਕ ਪਹਿਲਾਂ ਹੀ ਵੱਡੇ ਪੱਧਰ ਤੇ ਕੰਮ ਕਰ ਰਹੇ ਹਨ ਅਤੇ ਹੁਣ 10 ਲੱਖ ਰੁਪਏ ਦੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਤਹਿਤ ਲੋਕਾਂ ਦੇ ਕਾਰਡ ਵੱਡੇ ਪੱਧਰ ਤੇ ਬਣ ਰਹੇ ਹਨ ਅਤੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਤਹਿਤ ਇਲਾਜ ਸ਼ੁਰੂ ਵੀ ਹੋ ਚੁੱਕਾ ਹੈ। ਇਸ ਮੌਕੇ ਤੇ ਡਾਕਟਰ ਨਵਦੀਪ ਸਿੰਘ ਸੈਣੀ ਡਾਇਰੈਕਟਰ-ਪ੍ਰਿੰਸੀਪਲ /ਡਾਕਟਰ ਬੀ. ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਮੋਹਾਲੀ ਰਹਿਨੁਮਾਈ ਹੇਠ ਡਾਕਟਰ ਨਵਦੀਪ ਸਿੰਘ, ਡਾਕਟਰ ਅਮਿਤ ਕੌਰ ਵਿਰਕ -ਹੈਡ ਆਫ ਦਾ ਡਿਪਾਰਟਮੈਂਟ ਆਫ ਕਮਿਊਨਿਟੀ ਮੈਡੀਸਨ, ਡਾਕਟਰ ਅਕਸ਼ੈ ਕੁਮਾਰ ਅਸਿਸਟੈਂਟ ਪ੍ਰੋਫੈਸਰ, ਐਸ.ਐਮ.ਓ-ਵਨ- ਐਚ.ਐਸ ਚੀਮਾ, ਐਸ.ਐਮ.ਓ -ਟੂ ਡਾਕਟਰ ਪਰਮਿੰਦਰ ਸਿੰਘ ਤੋਂ ਇਲਾਵਾ ਕੁਲਦੀਪ ਸਿੰਘ ਸਮਾਣਾ, ਅਵਤਾਰ ਸਿੰਘ ਮੌਲੀ, ਰਜਿੰਦਰ ਪ੍ਰਸਾਦ ਸ਼ਰਮਾ, ਜਸਪਾਲ ਮਟੌਰ ,ਗੁਰਦੇਸ਼ ਸਿੰਘ ਸਰਪੰਚ ਸਨੇਟਾ, ਨਿਰਮੈਲ ਸਿੰਘ ਸਨੇਟਾ, ਪਾਲ ਸਿੰਘ ਸਾਬਕਾ ਪੰਚ, ਰੂਪ ਚੰਦ ਸਨੇਟਾ, ਰਾਮੇਸ਼ਵਰ ਸਨੇਟਾ, ਹਰਜਿੰਦਰ ਸਿੰਘ ਸਰਪੰਚ ਧੀਰਪੁਰ, ਵੀ ਹਾਜ਼ਰ ਸਨ

# ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਖ਼ਾਲਸਾ ਸਾਜਨਾ ਦਿਵਸ ਮੌਕੇ ਜੱਥੇ ਨੂੰ ਪਾਕਿਸਤਾਨ ਯਾਤਰਾ ਲਈ ਪ੍ਰਵਾਨਗੀ

**ਨਵੀਂ ਦਿੱਲੀ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਖ਼ਾਲਸਾ ਸਾਜਨਾ ਦਿਵਸ ਦੇ ਪਵਿੱਤਰ ਮੌਕੇ 'ਤੇ ਭਾਰਤੀ ਸ਼ਰਧਾਲੂਆਂ ਦੇ ਜੱਥੇ ਨੂੰ ਪਾਕਿਸਤਾਨ ਭੇਜਣ ਲਈ ਪ੍ਰਵਾਨਗੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਫ਼ੈਸਲੇ ਨਾਲ ਦੇਸ਼ ਭਰ ਦੀ ਸਿੱਖ ਸੰਗਤ ਵਿੱਚ ਉਤਸ਼ਾਹ ਅਤੇ ਖੁਸ਼ੀ ਦੀ ਲਹਿਰ ਦੌੜ ਗਈ ਹੈ।

ਉਨ੍ਹਾਂ ਦੱਸਿਆ ਕਿ ਪਿਛਲੀ ਵਾਰ ਅਪਰੇਸ਼ਨ ਸਿੰਦੂਰ ਕਾਰਨ ਜੱਥੇ ਦੀ ਪ੍ਰਵਾਨਗੀ ਦਾ ਮਸਲਾ ਲਟਕ ਗਿਆ ਸੀ। ਇਸ ਸੰਬੰਧ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਤੀਨਿਧ ਮੰਡਲ ਨੇ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮਿਲ ਕੇ ਮਾਮਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਸੀ, ਜਿਸ ਉਪਰੰਤ ਭਾਰਤ ਸਰਕਾਰ ਵੱਲੋਂ ਜੱਥਾ ਭੇਜਣ ਦੀ ਮਨਜ਼ੂਰੀ ਦਿੱਤੀ ਗਈ ਸੀ।ਉਨ੍ਹਾਂ ਦੱਸਿਆ ਕਿ ਇਸ



ਵਾਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲਾਂ ਹੀ ਗ੍ਰਹਿ ਮੰਤਰੀ ਨੂੰ ਪੱਤਰ ਲਿਖ ਕੇ 3000 ਸ਼ਰਧਾਲੂਆਂ ਦਾ ਜੱਥਾ ਖ਼ਾਲਸਾ ਸਾਜਨਾ ਦਿਵਸ ਮੌਕੇ ਭੇਜਣ ਦੀ ਬੇਨਤੀ ਕੀਤੀ ਸੀ, ਜਿਸਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੇ ਸਵੀਕਾਰ ਕਰ ਲਿਆ ਹੈ। ਸਰਦਾਰ ਕਾਲਕਾ ਨੇ ਇਸ ਲਈ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਵਿਸ਼ੇਸ਼ ਧੰਨਵਾਦ ਪ੍ਰਗਟਾਇਆ।

ਉਨ੍ਹਾਂ ਦੱਸਿਆ ਕਿ ਮਿਲੀ ਪ੍ਰਵਾਨਗੀ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1800 ਸ਼ਰਧਾਲੂ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 550 ਸ਼ਰਧਾਲੂ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 300 ਸ਼ਰਧਾਲੂ ਬਾਕੀ ਹੋਰ ਸੂਬਿਆਂ ਤੋਂ ਸੰਗਤਾਂ ਇਹ ਪਵਿੱਤਰ ਜੱਥਾ 10 ਅਪ੍ਰੈਲ,2026 ਨੂੰ ਭਾਰਤ ਤੋਂ ਰਵਾਨਾ ਹੋਵੇਗਾ।ਸਰਦਾਰ ਕਾਲਕਾ ਨੇ ਦਿੱਲੀ ਅਤੇ ਦੇਸ਼ ਭਰ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਾਸਪੋਰਟ ਅਤੇ ਜ਼ਰੂਰੀ ਦਸਤਾਵੇਜ਼ ਸਮੇਂ ਸਿਰ ਆਪਣੀਆਂ ਸਬੰਧਤ ਸੰਸਥਾਵਾਂ ਦਿੱਲੀ ਸਿੱਖ ਗੁਰਦੁਆਰਾ ਕਮੇਟੀ, ਸ਼੍ਰੋਮਣੀ ਕਮੇਟੀ ਜਾਂ ਹੋਰ ਅਧਿਕਾਰਤ ਸੰਗਠਨਾਂ ਕੋਲ ਜਮ੍ਹਾਂ ਕਰਵਾਉਣ, ਤਾਂ ਜੋ ਯਾਤਰਾ ਸੰਬੰਧੀ ਸਾਰੀ ਕਾਰਵਾਈ ਨਿਯਮ ਅਨੁਸਾਰ ਅਤੇ ਸਮੇਂ ਸਿਰ ਪੂਰੀ ਕੀਤੀ ਜਾ ਸਕੇ।

# ਹਰਚੰਦ ਸਿੰਘ ਬਰਸਟ ਨੇ ਝੂਠੇ ਸ਼ਰਾਬ ਘੁਟਾਲੇ ਮਾਮਲੇ ਵਿੱਚੋਂ ਬਰੀ ਹੋਣ ਤੇ ਸ੍ਰੀ ਅਰਵਿੰਦ ਕੇਜਰੀਵਾਲ ਨੂੰ ਮਿਲ ਕੇ ਦਿੱਤੀਆਂ ਵਧਾਈਆਂ

**ਪਟਿਆਲਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

- ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਅੱਜ ਦਿੱਲੀ ਵਿਖੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਦਿੱਲੀ ਦੀ ਮਾਣਯੋਗ ਅਦਾਲਤ ਵੱਲੋਂ ਬਰੀ ਹੋਣ ਤੇ ਵਧਾਈਆਂ ਦਿੱਤੀਆਂ।

ਇਸ ਦੌਰਾਨ ਸ. ਬਰਸਟ ਨੇ ਦਿੱਲੀ ਦੀ ਮਾਣਯੋਗ ਅਦਾਲਤ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਆਖ਼ਰ ਸੱਚ ਦੀ ਜਿੱਤ ਹੋਈ ਹੈ। ਸੱਚ ਨੂੰ ਕੁਝ ਸਮੇਂ ਲਈ ਦਬਾਇਆ ਜਾ ਸਕਦਾ ਹੈ, ਪਰ ਇਸਨੂੰ ਹਰਾਇਆ ਨਹੀਂ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਮਾਣਯੋਗ ਅਦਾਲਤ ਦੇ ਫੈਸਲੇ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਵਿਰੁੱਧ ਬਣਾਇਆ ਇਹ ਪੂਰਾ ਮਾਮਲਾ ਸਿਰਫ਼ ਤੇ ਸਿਰਫ਼ ਸਿਆਸੀ ਬਦਲਾਖੋਰੀ ਦੀ ਭਾਵਨਾ ਤੋਂ ਪ੍ਰੇਰਿਤ ਸੀ।

ਉਨ੍ਹਾਂ ਮਾਣਯੋਗ ਅਦਾਲਤ ਵੱਲੋਂ ਆਪ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ, ਪੰਜਾਬ ਪ੍ਰਭਾਰੀ ਸ੍ਰੀ ਮਨੀਸ਼ ਸਿਸੋਦੀਆ ਅਤੇ ਹੋਰਨਾਂ ਨੂੰ ਬਰੀ ਕੀਤੇ ਜਾਣ ਦੇ ਫੈਸਲੇ ਨੂੰ ਸੱਚਾਈ, ਇਨਸਾਫ਼ ਅਤੇ ਇਮਾਨਦਾਰ ਰਾਜਨੀਤੀ ਦੀ ਵੱਡੀ ਅਤੇ ਇਤਿਹਾਸਕ ਜਿੱਤ ਕਰਾਰ ਦਿੱਤਾ ਹੈ।



ਉਨ੍ਹਾਂ ਕਿਹਾ ਕਿ ਇਹ ਸਿਰਫ਼ ਆਮ ਆਦਮੀ ਪਾਰਟੀ ਜਾਂ ਸ੍ਰੀ ਅਰਵਿੰਦ ਕੇਜਰੀਵਾਲ ਦੀ ਜਿੱਤ ਨਹੀਂ, ਸਗੋਂ ਇਮਾਨਦਾਰ ਰਾਜਨੀਤੀ ਅਤੇ ਸੱਚਾਈ ਦੀ ਜਿੱਤ ਹੈ। ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਸ੍ਰੀ ਅਰਵਿੰਦ ਕੇਜਰੀਵਾਲ ਵਰਗੇ ਇਮਾਨਦਾਰ ਨੇਤਾ ਨੂੰ ਝੂਠੇ ਮਾਮਲੇ ਵਿੱਚ ਫਸਾਉਣ ਦੀਆਂ ਸਾਜ਼ਿਸ਼ਾਂ ਆਖ਼ਿਰਕਾਰ ਨਾਕਾਮ ਰਹੀਆਂ ਹਨ ਅਤੇ ਹੁਣ ਇਸ ਫੈਸਲੇ ਨਾਲ ਕੇਂਦਰ ਸਰਕਾਰ ਦੇ ਝੂਠ ਦਾ ਪਰਦਾਫਾਸ਼ ਹੋ ਗਿਆ ਹੈ। ਸ. ਬਰਸਟ ਨੇ ਕਿਹਾ ਕਿ ਇਹ ਫੈਸਲਾ ਲੋਕਤੰਤਰ ਵਿੱਚ ਲੋਕਾਂ ਦੇ ਭਰੋਸੇ ਨੂੰ ਹੋਰ ਮਜ਼ਬੂਤ ਕਰਦਾ ਹੈ ਅਤੇ ਸਾਬਤ ਕਰਦਾ ਹੈ ਕਿ ਇਨਸਾਫ਼ ਦੀ ਜਿੱਤ ਨਿਸ਼ਚਿਤ ਹੁੰਦੀ ਹੈ। ਇਸ ਮੌਕੇ ਐਡਵੋਕੇਟ ਗਗਨਇੰਦਰ ਸਿੰਘ ਬਰਸਟ ਵੀ ਮੌਜੂਦ ਰਹੇ।

# ਅਰਬਨ ਅਸਟੇਟ ਨਿਵਾਸੀਆਂ ਦੇ ਸਾਰੇ ਮੁੱਖ ਮੁੱਦੇ ਇੱਕ ਨਿਸ਼ਚਿਤ ਸਮਾਂ-ਸੀਮਾ ਦੇ ਅੰਦਰ ਹੱਲ ਕੀਤੇ ਜਾਣਗੇ: ਡਾ. ਬਲਬੀਰ ਸਿੰਘ

## ➢ ਅਰਬਨ ਅਸਟੇਟ ਵਿਖੇ ਕਮਿਊਨਿਟੀ ਹੈਲਥ ਸੈਂਟਰ ਤੇ ਨਵਾਂ ਸਕੂਲ ਖੋਲ੍ਹਣ ਦੀ ਵੀ ਤਜਵੀਜ਼ ➢ ਮੁਸ਼ਕਲਾਂ ਦੇ ਹੱਲ ਲਈ, ਸਿਹਤ ਮੰਤਰੀ ਵੱਲੋਂ ਪੀਡੀਏ ਅਧਿਕਾਰੀਆਂ ਅਤੇ ਸਥਾਨਕ ਨਿਵਾਸੀਆਂ ਨਾਲ ਮੀਟਿੰਗ



ਪਟਿਆਲਾ, 6 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਵਿਕਾਸ ਅਥਾਰਟੀ ਦੇ ਸੀਏ ਅਪਰਨਾ ਐਮਬੀ, ਏਸੀਏ ਪਰਮਦੀਪ ਸਿੰਘ ਅਤੇ ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨਾਂ ਦੇ ਮੈਂਬਰਾਂ ਨਾਲ ਅਰਬਨ ਅਸਟੇਟ, ਪਟਿਆਲਾ ਦੇ ਨਿਵਾਸੀਆਂ ਨੂੰ ਦਰਪੇਸ਼ ਮੁੱਖ ਮੁਸ਼ਕਲਾਂ ਦੇ ਹੱਲ ਲਈ ਇੱਕ ਬੈਠਕ ਦੀ ਪ੍ਰਧਾਨਗੀ ਕੀਤੀ। ਡਾ. ਬਲਬੀਰ ਸਿੰਘ ਨੇ ਨਿਵਾਸੀਆਂ ਦੁਆਰਾ ਉਠਾਈਆਂ ਗਈਆਂ ਸਾਰੀਆਂ ਮੁਸ਼ਕਲਾਂ ਸੁਣਦਿਆਂ ਭਰੋਸਾ ਦਿੱਤਾ ਕਿ ਅਰਬਨ ਅਸਟੇਟ ਦੀਆਂ ਸਾਰੀਆਂ ਪ੍ਰਮੁੱਖ ਸਮੱਸਿਆਵਾਂ ਨੂੰ ਇੱਕ ਨਿਸ਼ਚਿਤ ਸਮਾਂ-ਸੀਮਾ ਦੇ ਅੰਦਰ ਹੱਲ ਕੀਤਾ ਜਾਵੇਗਾ। ਉਨ੍ਹਾਂ ਐਲਾਨ ਕੀਤਾ ਕਿ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਅਰਬਨ ਅਸਟੇਟ ਵਿੱਚ ਇੱਕ ਕਮਿਊਨਿਟੀ ਹੈਲਥ ਸੈਂਟਰ ਸਥਾਪਤ ਕੀਤਾ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਇਲਾਕੇ ਵਿੱਚ ਇੱਕ ਨਵਾਂ ਸਰਕਾਰੀ ਸਕੂਲ ਖੋਲ੍ਹਣ ਦੇ ਪ੍ਰਸਤਾਵ 'ਤੇ ਸਿੱਖਿਆ ਮੰਤਰੀ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਇਸ ਦੌਰਾਨ, ਪ੍ਰੋਜੈਕਟ ਲਈ ਢੁਕਵੀਂ ਜ਼ਮੀਨ ਦੀ ਪਛਾਣ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿਹਤ ਅਤੇ ਸਿੱਖਿਆ ਭਗਵੰਤ ਸਿੰਘ ਮਾਨ ਸਰਕਾਰ ਦੀਆਂ ਪ੍ਰਮੁੱਖ ਤਰਜੀਹਾਂ ਹਨ, ਜਿਸ ਕਰਕੇ ਅਰਬਨ ਅਸਟੇਟ ਨਿਵਾਸੀਆਂ ਨੂੰ ਵੀ ਇਸ ਦਾ ਲਾਭ ਮਿਲੇਗਾ। ਸਿਹਤ ਮੰਤਰੀ ਨੇ ਵਸਨੀਕਾਂ ਨੂੰ ਇਹ ਵੀ ਭਰੋਸਾ ਦਿੱਤਾ ਕਿ ਉਹ ਵਿਭਾਗ ਵੱਲੋਂ ਕੀਤੀ ਪ੍ਰਗਤੀ ਦਾ ਮੁਲਾਂਕਣ ਕਰਨ ਲਈ ਮਾਰਚ ਦੇ ਤੀਜੇ ਹਫ਼ਤੇ ਉਹ ਦੁਬਾਰਾ ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨ ਨਾਲ ਸਮੀਖਿਆ ਮੀਟਿੰਗ ਕਰਨਗੇ। ਮੀਟਿੰਗ ਦੌਰਾਨ, ਵਸਨੀਕਾਂ ਨੇ ਕਈ ਮੰਗਾਂ ਉਠਾਈਆਂ, ਜਿਨ੍ਹਾਂ ਵਿੱਚ ਫੇਜ਼-1 ਵਿੱਚ ਇੱਕ ਇਨਡੋਰ ਬੈਡਮਿੰਟਨ ਕੋਰਟ ਦਾ ਨਿਰਮਾਣ, ਸੇਵਾ ਕੇਂਦਰ ਤੇ ਇੱਕ ਕਮਿਊਨਿਟੀ ਸੈਂਟਰ ਬਣਾਉਣਾ, ਸੜਕਾਂ ਦੀ ਮੁਰੰਮਤ, ਮੀਂਹ ਦੇ ਪਾਣੀ ਦੀ ਨਿਕਾਸੀ, ਟ੍ਰੈਫਿਕ ਭੀੜ ਦੇ ਪ੍ਰਬੰਧਨ ਲਈ ਉਪਾਅ, ਅਵਾਰਾ ਕੁੱਤਿਆਂ ਅਤੇ ਅਵਾਰਾ ਪਸ਼ੂਆਂ 'ਤੇ ਕਾਬੂ, ਕੂੜਾ ਇਕੱਠਾ ਕਰਨ ਵਿੱਚ ਸੁਧਾਰ, ਅਤੇ ਵਾਧੂ ਜਨਤਕ ਪਖਾਨੇ ਅਤੇ ਹੋਰ ਨਾਗਰਿਕ ਸਹੂਲਤਾਂ ਦੀ ਵਿਵਸਥਾ ਸ਼ਾਮਲ ਹੈ।

ਡਾ. ਬਲਬੀਰ ਸਿੰਘ ਨੇ ਸੀਏ ਪੀਡੀਏ ਅਤੇ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਕਿ ਸਾਰੇ ਲੋੜੀਂਦੇ ਕੰਮ ਇੱਕ ਨਿਸ਼ਚਿਤ ਸਮਾਂ ਸੀਮਾ ਦੇ ਅੰਦਰ ਪੂਰੇ ਕੀਤੇ ਜਾਣ। ਸੀਏ ਅਪਰਨਾ ਐਮਬੀ ਨੇ ਸਿਹਤ ਮੰਤਰੀ ਨੂੰ ਭਰੋਸਾ ਦਿੱਤਾ ਕਿ ਹਦਾਇਤਾਂ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

ਮੀਟਿੰਗ ਵਿੱਚ ਪ੍ਰੀਤਇੰਦਰ ਸਿੰਘ, ਮੌਂਟੀ ਘੁੰਮਣ, ਪ੍ਰੋ. ਆਰ.ਐਸ. ਘੁੰਮਣ, ਵਰਿੰਦਰ ਸੂਦ, ਮੌਦਗਿੱਲ, ਟਰੇਡ ਵਿੰਗ ਦੇ ਪ੍ਰਧਾਨ ਸੁਰਵੀਰ ਸਿੰਘ ਸਮੇਤ ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨ ਦੇ ਹੋਰ ਮੈਂਬਰ ਅਤੇ ਪੀਡੀਏ ਦੇ ਅਧਿਕਾਰੀ ਸ਼ਾਮਲ ਸਨ।

# ਗੁ: ਸਾਹਿਬ ਸੁਰਾਜਪੁਰ ਵਿਖੇ ਮਹਾਨ ਗੁਰਮਤਿ ਸਮਾਗਮ ਖਾਲਸਾਈ ਜਾਹੋ ਜਲਾਲ ਨਾਲ ਹੋਇਆ ਸੰਪੰਨ



ਨਾਭਾ, 6 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਰਿਆਸਤੀ ਸ਼ਹਿਰ ਨਾਭਾ ਦੇ ਨੇੜਲੇ ਪਿੰਡ ਸੁਰਾਜਪੁਰ ਵਿਖੇ ਸੁਸ਼ੋਭਤ ਗੁਰ ਅਸਥਾਨ ਗੁਰਦੁਆਰਾ ਸੰਤ ਈਸਰ ਸਿੰਘ ਜੀ ਆਸਰਮ ਸਰਾਜਪੁਰ ਵਿਖੇ ਦਸਾਂ ਪਾਤਸ਼ਾਹੀਆਂ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਅਤੇ ਨਵੇ ਬਣੇ ਦਰਬਾਰ ਸਾਹਿਬ ਵਿੱਚ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਸੱਚਖੰਡਿ ਵਾਸੀ ਸ੍ਰੀ ਮਾਨ ਸੰਤ ਬਾਬਾ ਹਰਭਜਨ ਸਿੰਘ ਜੀ ਦੁਆਰਾ ਚਲਾਈ ਪਰਪਾਟੀ ਅਨੁਸਾਰ ਗੁਰ ਅਸਥਾਨ ਦੇ ਮੌਜੂਦਾ ਮੁਖੀ ਸੰਤ ਬਾਬਾ ਬਲਬੀਰ ਸਿੰਘ ਜੀ ਦੇ ਉੱਦਮ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਸਦਕਾ ਕਰਵਾਇਆ ਗਿਆ ਮਹਾਨ ਗੁਰਮਤਿ ਸਮਾਗਮ ਖਾਲਸਾਈ ਜਾਹੋ ਜਲਾਲ ਨਾਲ ਸੰਪੂਰਨ ਹੋਇਆ ਗੁਰਮਤਿ ਸਮਾਗਮ ਦੌਰਾਨ ਪੰਥ ਦੇ ਮਹਾਨ ਰਾਗੀ ਢਾਡੀ ਪ੍ਰਚਾਰਕਾਂ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਪੰਥ ਦੇ ਮਹਾਨ ਕੀਰਤਨੀਏ ਸੰਤ ਬਾਬਾ ਅਵਤਾਰ ਸਿੰਘ ਜੀ ਧੂਲਕੋਟ ਵਾਲਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਗੁਰੂ ਚਰਨਾਂ ਨਾਲ ਜੋੜਦਿਆਂ ਕਿਹਾ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਮਈ ਬਾਣੀ ਸਾਨੂੰ ਵਿਕਾਰਾਂ ਦੇ ਹਨੇਰੇ ਵਿੱਚੋਂ ਕੱਢ ਕੇ ਹਿਰਦੇ ਦਾ ਪ੍ਰਕਾਸ਼ ਬਖਸ਼ਦੀ ਹੈ ਜਿਸ ਨਾਲ ਸਾਨੂੰ ਜੀਵਨ ਜਿਉਣ ਲਈ ਜਾਗਰੂਕਤਾ ਪ੍ਰਾਪਤ ਹੁੰਦੀ ਹੈ ਜੋ ਕਿ ਅਜੋਕੇ ਸਮੇਂ ਵਿੱਚ ਪੈਦਾ ਹੋਏ ਦੇਹਧਾਰੀ ਡੰਮ ਗੁਰੂਆਂ ਵਲੋਂ ਲੋਕਾਂ ਨੂੰ ਭਰਮਾਉਣ ਲਈ ਕੀਤੇ ਜਾ ਰਹੇ ਪਾਖੰਡ ਦਾ ਪਰਦਾਫਾਸ਼ ਕਰਦੀ ਹੈ ਇਸੇ ਕਾਰਨ ਸਮੁੱਚੀ ਮਨੁੱਖਤਾ ਦੇ ਸਾਂਝੇ ਰਹਿਬਰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਬੇਅਦਬੀ ਵਾਰ ਵਾਰ ਇਹਨਾਂ ਡੰਮ ਗੁਰੂਆਂ ਦੀ ਸਹਿ ਤੇ ਸ਼ਰਾਰਤੀ ਅਨਸਰਾਂ ਵੱਲੋਂ ਕਰਵਾਈ ਜਾ ਰਹੀ ਹੈ ਇਸ ਮੌਕੇ ਸਮਾਗਮ ਦੀ ਸੰਪੂਰਨਤਾ ਮੌਕੇ ਬਾਬਾ ਬਲਬੀਰ ਸਿੰਘ ਨੇ ਸੰਗਤਾਂ ਅਤੇ ਆਏ ਰਾਗੀ ਢਾਡੀ,ਪ੍ਰਚਾਰਕ,ਸੰਤਾਂ ਮਹਾਂਪੁਰਖਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਹਮੇਸ਼ਾ ਹੀ ਸਿੱਖ ਕੌਮ ਦੇ ਸਾਨਾਮਤੀ ਅਤੇ ਵਿਲੱਖਣ ਅਤੇ ਇਤਿਹਾਸ ਨੂੰ ਹਮੇਸ਼ਾ ਹੀ ਯਾਦ ਰੱਖਦਿਆਂ ਖੰਡੇ ਬਾਟੇ ਦੀ ਪਾਹੁਲ ਛੱਕ ਸ਼ਬਦ ਗੁਰੂ ਦੇ ਲੜ ਲੱਗਣਾ ਚਾਹੀਦਾ ਹੈ ਇਸ ਮੌਕੇ ਸੰਤ ਬਾਬਾ ਰਣਜੀਤ ਸਿੰਘ ਢਿੰਗੀ ਵਾਲੇ, ਸੰਤ ਬਾਬਾ ਰੋਸ਼ਨ ਸਿੰਘ ਦਬਲਾਣ ਵਾਲੇ ਸੰਤ ਬਾਬਾ ਗੁਰਮੁਖ ਸਿੰਘ ਆਲੋਵਾਲ ਵਾਲੇ,ਸੰਤ ਬਾਬਾ ਹਰਨੇਕ ਸਿੰਘ ਰਾਮਪੁਰ ਵਾਲੇ,ਸੰਤ ਬਾਬਾ ਸਤਨਾਮ ਸਿੰਘ ਭੀਖੀ ਵਾਲਿਆਂ ਦਾ ਜੱਥਾ, ਗਿਆਨੀ ਅਵਤਾਰ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਪਾਤਸ਼ਾਹੀ ਨੌਵੀਂ ਬਹਾਦਰਗੜ੍ਹ, ਗਿਆਨੀ ਜਸਵਿੰਦਰ ਸਿੰਘ ਹਜ਼ੂਰੀ ਕਥਾਵਾਚਕ ਗੁ: ਸਾਹਿਬ ਪਿੰਡ ਤੁੰਗਾਂ ਬਾਬਾ ਪਰਮਜੀਤ ਸਿੰਘ ਖੇੜੀ ਮਾਨੀਆ ਤੋਂ ਇਲਾਵਾ ਹੋਰ ਬਹੁਤ ਸਾਰੇ ਰਾਗੀ ਢਾਡੀ ਪ੍ਰਚਾਰਕਾਂ ਦੁਆਰਾ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕੀਤਾ ਗਿਆ ।

ਸਟੇਜ ਸਕੱਤਰ ਦੀ ਸੇਵਾ ਗੁਰਮੁਖ ਸਿੰਘ ਭੋਜੋ ਮਾਜਰੀ ਅਤੇ ਜਥੇਦਾਰ ਜਸਵਿੰਦਰ ਸਿੰਘ ਦੁਬਾਰਾ ਬਾਖ਼ੂਬੀ ਨਿਭਾਈ ਗਈ।ਇਸ ਦੌਰਾਨ ਵਿਸ਼ੇਸ਼ ਤੌਰ ਤੇ ਲਗਾਏ ਗਏ ਖ਼ੂਨ ਦਾਨ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ ਵੱਲੋਂ ਖ਼ੂਨ ਦਾਨ ਕਰਕੇ ਆਪਣਾ ਯੋਗਦਾਨ ਪਾਇਆ ਇਸ ਮੌਕੇ ਵੱਖ ਵੱਖ ਤਰ੍ਹਾਂ ਦੇ ਪਕਵਾਨ ਤਿਆਰ ਕਰ ਗੁਰੂ ਕੇ ਲੰਗਰ ਵੀ ਅਤੁੱਟ ਵਰਤਾਏ ਗਏ ਇਸ ਮੌਕੇ ਬਾਬਾ ਲਾਲ ਸਿੰਘ,ਬਾਬਾ ਹਰਕੀਰਤ ਸਿੰਘ ਤੁੰਗਾਂ, ਬਾਬਾ ਅਮਰਜੀਤ ਸਿੰਘ ਪੇਧਨ ਵਾਲੇ,ਬਾਬਾ ਮੋਹਨ ਸਿੰਘ ਰਾਜਗੜ੍ਹ,ਬਾਬਾ ਪਰਗਟ ਸਿੰਘ, ਕਰਮਜੀਤ ਸਿੰਘ ਅਲੋਹਰਾਂ ਪ੍ਰਧਾਨ ਆੜਤੀਆ ਐਸੋਸੀਏਸ਼ਨ ਅਨਾਜ ਮੰਡੀ ਨਾਭਾ,ਮੇਜਰ ਸਿੰਘ ਮਸਾਣੀ,ਅਤੇ ਹੋਰ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਮਾਮਲਾ: ਤੰਬਾਕੂ ਕਾਰਨ ਪਟਿਆਲਾ ਨੂੰ 'ਖੋਖਿਆਂ ਦਾ ਸ਼ਹਿਰ' ਬਣਾਉਣ ਦਾ

# 2012 'ਚ ਤੰਬਾਕੂ ਮੁਕਤ ਘੋਸ਼ਿਤ ਪੰਜਾਬ ਨੂੰ 'ਤੰਬਾਕੂ ਮੁਕਤ' ਬਣਾਉਣ ਦੀ ਲੋੜ: ਮਹਾਂਮੰਡਲੇਸ਼ਵਰ ਬ੍ਰਹਮਾ ਨੰਦ ਗਿਰੀ



ਪਟਿਆਲਾ, 6 ਮਾਰਚ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਪੰਜਾਬ ਨਸ਼ਾ ਮੁਕਤ ਕਰਨ ਦਾ ਬੀੜ੍ਹਾ ਚੁੱਕਿਆ ਹੋਇਆ ਹੈ, ਜਿਸ ਤਹਿਤ ਸਮੈਕ (ਚਿੱਟਾ), ਅਫੀਮ, ਭੁੱਕੀ, ਨਜ਼ਾਇਜ਼ ਸ਼ਰਾਬ ਦਾ ਸੇਵਨ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਹੈ, ਪਰ ਦੂਜੇ ਪਾਸੇ ਸਾਲ 2012 ਤੋਂ ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਤੰਬਾਕੂ ਮੁਕਤ ਐਲਾਨਿਆ ਹੋਇਆ ਹੈ ਪਰ ਤੰਬਾਕੂ ਦੀ ਖਪਤ, ਵਿਕਰੀ ਅਤੇ ਭੰਡਾਰਣ ਦੀ ਸਮੱਸਿਆ ਦਿਨੋ ਦਿਨ ਵਧਦੀ ਜਾ ਰਹੀ ਹੈ।ਬੀਤੇ ਦਿਨੀਂ ਹਿਊਮਨ ਰਾਈਟਸ ਕਮਿਸ਼ਨ ਪੰਜਾਬ ਦੇ ਚੇਅਰਮੈਨ ਪਦਮ ਸ਼੍ਰੀ ਜਤਿੰਦਰ ਸਿੰਘ ਸ਼ੰਟੀ ਵੱਲੋਂ ਪਟਿਆਲਾ ਵਿਖੇ ਕੀਤੀ ਗਈ ਜਨ ਸੁਣਵਾਈ ਦੌਰਾਨ ਪਟਿਆਲਾ ਅੰਦਰ ਵੱਡੇ ਪੱਧਰ 'ਤੇ ਤੰਬਾਕੂ ਦੀ ਵਰਤੋਂ ਦਾ ਮੁੱਦਾ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਅਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਅਤੇ ਹੋਰਨਾਂ ਸਮਾਜ ਸੇਵੀ ਸੰਸਥਾਵਾਂ ਵੱਲੋਂ ਉਠਾਇਆ ਗਿਆ ਸੀ। ਜਿਸ ਸੰਬੰਧੀ ਚੇਅਰਮੈਨ ਪਦਮ ਸ਼੍ਰੀ ਜਤਿੰਦਰ ਸਿੰਘ ਸ਼ੰਟੀ ਨੇ ਡਿਪਟੀ ਕਮਿਸ਼ਨਰ ਪਟਿਆਲਾ ਦੇ ਨਾਮ ਮੰਗ ਪੱਤਰ ਦੇ ਕੇ ਕਾਪੀ ਕਮਿਸ਼ਨ ਨੂੰ ਭੇਜਣ ਲਈ ਕਿਹਾ। ਉਸ ਅਨੁਸਾਰ ਅੱਜ ਹਿਊਮਨ ਵੈਲਫੇਅਰ ਫਾਊਂਡੇਸ਼ਨ ਵੱਲੋਂ ਮੰਗ ਪੱਤਰ ਚੇਅਰਮੈਨ ਹਰਦੀਪ ਸਿੰਘ ਸਨੌਰ, ਆਨੰਤ ਵਿਭੂਸ਼ਿਤ ਮਹਾਂਮੰਡਲੇਸ਼ਰ ਬ੍ਰਹਮਾ ਨੰਦ ਗਿਰੀ ਮੁਖੀ ਹਿੰਦੂ ਤਖਤ ਭਾਰਤ ਅਤੇ ਜਥੇਦਾਰ ਕਰਨ ਸਿੰਘ ਜੌਲੀ ਨੇ ਏ. ਡੀ. ਸੀ. ਅਮਨਦੀਪ ਸਿੰਘ ਮੋਹੀ ਨੂੰ ਸੌਂਪਿਆ।ਮੰਗ ਪੱਤਰ ਲੈਣ ਉਪਰੰਤ ਉਨ੍ਹਾਂ ਕਿਹਾ ਕਿ ਸਮੂਹ ਵਿਭਾਗਾਂ ਨੂੰ ਹਦਾਇਤ ਜਾਰੀ ਕਰਕੇ ਰਿਪੋਰਟ ਮੰਗੀ ਜਾਵੇਗੀ। ਇਸ ਉਪਰੰਤ ਗੱਲਬਾਤ ਕਰਦਿਆਂ ਮਹਾਂਮੰਡਲੇਸ਼ਵਰ ਬ੍ਰਹਮਾ ਨੰਦ ਗਿਰੀ ਨੇ ਕਿਹਾ ਕਿ ਪੰਜਾਬ ਗੁਰੂਆਂ, ਪੀਰਾਂ, ਰਿਸ਼ੀਆਂ-ਮੁਨੀਆਂ ਤੇ ਅਵਤਾਰਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ, ਜਿਥੇ ਅਨੇਕਾਂ ਹੀ ਇਤਿਹਾਸਕ ਤੇ ਪੁਰਾਤਨ ਧਾਰਮਿਕ ਅਸਥਾਨ ਹਨ, ਜਿਨ੍ਹਾਂ ਨਾਲ ਲੱਖਾਂ ਲੋਕਾਂ ਦੀ ਆਸਥਾ ਜੁੜੀ ਹੋਈ ਹੈ।ਸਾਲ 2012 ਤੋਂ ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਤੰਬਾਕੂ ਮੁਕਤ ਘੋਸ਼ਿਤ ਕੀਤਾ ਹੋਇਆ ਹੈ, ਜਿਸ ਨੂੰ ਅਸਲ ਵਿਚ ਤੰਬਾਕੂ ਮੁਕਤ ਬਣਾਉਣ ਦੀ ਲੋੜ ਹੈ। ਹਰ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਸਰਕਾਰ ਨੂੰ ਜਿਲ੍ਹਾ ਪੱਧਰ 'ਤੇ ਯੋਗ ਉਪਰਾਲੇ ਕਰਨੇ ਚਾਹੀਦੇ ਹਨ। ਪੰਜਾਬ ਅੰਦਰ ਕਿਸੇ ਵੀ ਪ੍ਰਕਾਰ ਦਾ ਨਸ਼ਾ ਨਹੀਂ ਹੋਣਾ ਚਾਹੀਦਾ। ਹਰਦੀਪ ਸਿੰਘ ਸਨੌਰ ਨੇ ਕਿਹਾ ਕਿ ਸਾਰੇ ਵਿਭਾਗਾਂ ਦੀ ਇੱਕ ਕੋਆਰਡੀਨੇਸ਼ਨ ਕਮੇਟੀ ਬਣਾ ਕੇ ਸਮੂਹਿਕ ਰੂਪ ਵਿਚ ਤੰਬਾਕੂ ਦੇ ਕੋਹੜ ਖਿਲਾਫ ਅਸਰਦਾਰ ਮੁਹਿੰਮ ਚਲਾਈ ਜਾਵੇ। ਨਸ਼ਾ ਇੱਕ ਸਮਾਜਿਕ ਕੋਹੜ ਹੈ ਅਤੇ ਸਾਨੂੰ ਸਾਰਿਆਂ ਨੂੰ ਰਲ ਕੇ ਨਸ਼ਿਆਂ ਖਿਲਾਫ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

**ਖੋਖਿਆਂ ਦੀ ਗਿਣਤੀ ਦਾ ਵਧਣਾ ਚਿੰਤਾ ਦਾ ਵਿਸ਼ਾ: ਭਾਨਰੀ, ਕੰਗ**

ਪਟਿਆਲਾ ਅੰਦਰ ਪਿਛਲੇ ਸਾਲਾਂ ਦੌਰਾਨ ਤੰਬਾਕੂ ਦੇ ਖੋਖਿਆਂ ਸਮੇਤ ਹੋਰ ਕਈ ਪ੍ਰਕਾਰ ਦੀਆਂ ਚੀਜਾਂ ਵੇਚਣ ਵਾਲਿਆਂ ਦੇ ਖੋਖਿਆਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ।ਖੋਖਿਆਂ ਦੀ ਗਿਣਤੀ ਦਾ ਵਧਣਾ ਚਿੰਤਾ ਦਾ ਵਿਸ਼ਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉਘੇ ਸਮਾਜ ਸੇਵੀ ਗੁਰਧਿਆਨ ਸਿੰਘ ਭਾਨਰੀ ਅਤੇ ਬਲਵਿੰਦਰ ਸਿੰਘ ਕੰਗ ਪ੍ਰਧਾਨ ਦੀ ਪਟਿਆਲਾ ਵੈਲਫੇਅਰ ਸੁਸਾਇਟੀ ਨੇ ਪੱਤਰਕਾਰ ਨਾਲ ਗੱਲ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਇਨ੍ਹਾਂ ਖੋਖਿਆਂ ਦੀ ਆੜ੍ਹ ਵਿਚ ਨਸ਼ਿਆਂ ਦੀ ਵਿਕਰੀ ਬੇਰੋਕ ਹੋ ਰਹੀ ਹੈ। ਇਹ ਖੋਖੇ ਲਗਾਉਣ ਵਾਲੇ ਗੈਰ ਪੰਜਾਬੀਆਂ ਦੀ ਕੋਈ ਪੁਲਸ ਵੈਰੀਫਿਕੇਸ਼ਨ ਨਹੀਂ ਹੁੰਦੀ। ਇਨ੍ਹਾਂ ਨੂੰ ਖੋਖੇ ਲਗਾਉਣ ਦੀ ਮਨਜੂਰੀ ਦੇਣ ਵਾਲਿਆਂ ਖਿਲਾਫ ਵੀ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ, ਪੁਲਸ ਪ੍ਰਸਾਸ਼ਨ ਅਤੇ ਸਰਕਾਰੀ ਦਫਤਰਾਂ ਦੇ ਮੁਖੀ ਦੀ ਇਹ ਖੋਖੇ ਲਗਵਾਉਣ ਵਿਚ ਹਾਂ ਪੱਖੀ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।ਉਨ੍ਹਾਂ ਸਰਕਾਰ ਪਾਸੋਂ ਮੰਗ ਕਰਦਿਆਂ ਕਿਹਾ ਕਿ ਸ਼ਹਿਰ ਅੰਦਰੋਂ ਹਰ ਪ੍ਰਕਾਰ ਦੇ ਖੋਖੇ ਚੁੱਕਵਾਏ ਜਾਣ ਅਤੇ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਉਪਰਾਲੇ ਕੀਤੇ ਜਾਣ।

# ਸੂਬਾ ਸਰਕਾਰ ਹਰੇਕ ਪੰਜਾਬੀ ਦੀ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਉਣ ਲਈ ਵਚਨਬੱਧ: ਡਾ. ਰਵਜੋਤ ਸਿੰਘ



ਚੰਡੀਗੜ੍ਹ, 6 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਚੱਲ ਰਹੇ ਟਕਰਾਅ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਅੱਜ ਮੱਧ ਏਸ਼ੀਆਈ ਦੇਸ਼ਾਂ ਅਤੇ ਮੱਧ ਪੂਰਬ ਵਿੱਚ ਫਸੇ ਪੰਜਾਬੀਆਂ ਦੀ ਸਹਾਇਤਾ ਲਈ ਸਮਰਪਿਤ 24⊘7 ਹੈਲਪਲਾਈਨ ਨੰਬਰ ਜਾਰੀ ਕੀਤੇ ਹਨ। ਇਸ ਸਬੰਧੀ ਪੰਜਾਬ ਦੇ ਐਨ.ਆਰ.ਆਈ. ਮਾਮਲਿਆਂ ਦੇ ਮੰਤਰੀ, ਡਾ. ਰਵਜੋਤ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਸਮੁੱਚੀ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ ਅਤੇ ਅਤੇ ਉਨ੍ਹਾਂ ਦੀ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਉਣ ਲਈ ਨਿਰੰਤਰ ਤਾਲਮੇਲ ਜਾਰੀ ਹੈ ਅਤੇ ਪ੍ਰਭਾਵਿਤ ਲੋਕਾਂ ਦੀ ਤੁਰੰਤ ਵਾਪਸੀ ਲਈ ਕੇਂਦਰ ਨੂੰ ਸੂਬੇ ਦੇ ਸਹਿਯੋਗ ਲਈ ਅਪੀਲ ਕੀਤੀ ਗਈ ਹੈ।

ਅੱਜ ਪੰਜਾਬ ਭਵਨ ਵਿਖੇ ਇਹ ਐਲਾਨ ਕਰਦਿਆਂ ਪੰਜਾਬ ਦੇ ਐਨ.ਆਰ.ਆਈ. ਮਾਮਲਿਆਂ ਦੇ ਮੰਤਰੀ, ਡਾ. ਰਵਜੋਤ ਸਿੰਘ ਨੇ ਕਿਹਾ, ਸੂਬਾ ਸਰਕਾਰ ਸਮੁੱਚੀ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ ਅਤੇ ਪ੍ਰਭਾਵਿਤ ਖੇਤਰਾਂ ਆ ਰਹੀਆਂ ਕਾਲਾਂ ਸਬੰਧੀ ਕਾਰਜ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ।

ਡਾ. ਰਵਜੋਤ ਸਿੰਘ ਨੇ ਭਰੋਸਾ ਦਿੱਤਾ, ਸਾਨੂੰ ਮੱਧ ਏਸ਼ੀਆ ਤੋਂ ਫੋਨ ਕਾਲ ਆ ਰਹੇ ਹਨ ਅਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬੀ ਸੈਲਾਨੀ ਹਨ। ਪੰਜਾਬ ਸਰਕਾਰ ਵਿਦੇਸ਼ਾਂ ਵਿੱਚ ਫਸੇ ਹਰ ਪੰਜਾਬੀ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ ਅਸੀਂ ਉਨ੍ਹਾਂ ਦੀ ਸੁਰੱਖਿਅਤ ਨਿਕਾਸੀ ਅਤੇ ਘਰ ਵਾਪਸੀ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰਾਂਗੇ।

ਸਹਾਇਤਾ ਵਿਧੀ ਬਾਰੇ ਜਾਣਕਾਰੀ ਦਿੰਦਿਆਂ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ, ÷ਤੁਰੰਤ ਸਹਾਇਤਾ ਅਤੇ ਤਾਲਮੇਲ ਸਹਾਇਤਾ ਪ੍ਰਦਾਨ ਕਰਨ ਲਈ 0172-2260042, 0172-2260042 (ਵਿਦੇਸ਼ੀ ਨਾਗਰਿਕਾਂ ਲਈ) ਅਤੇ 1100 (ਭਾਰਤ ਦੇ ਨਿਵਾਸੀਆਂ ਲਈ) ਆਦਿ ਹੈਲਪਲਾਈਨ ਨੰਬਰ ਜਾਰੀ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਹੈਲਪਲਾਈਨ ਸੇਵਾ ਮਾਰਗਦਰਸ਼ਨ ਪ੍ਰਦਾਨ ਕਰਨ, ਜਾਣਕਾਰੀ ਇਕੱਠੀ ਕਰਨ ਅਤੇ ਨਿਕਾਸੀ ਅਤੇ ਸਹਾਇਤਾ ਲਈ ਸਬੰਧਤ ਅਧਿਕਾਰੀਆਂ ਨਾਲ ਤਾਲਮੇਲ ਕਰਨ ਲਈ 24 ਘੰਟੇ ਕੰਮ ਕਰੇਗੀ।

ਮੰਤਰੀ ਨੇ ਅੱਗੇ ਕਿਹਾ ਕਿ ਇਸ ਸਬੰਧ ਵਿੱਚ ਏਡੀਜੀਪੀ ਐਨਆਰਆਈ ਵਿੰਗ ਆਰ.ਕੇ. ਜੈਸਵਾਲ ਦੀ ਅਗਵਾਈ ਹੇਠ ਇੱਕ ਕਮੇਟੀ ਵੀ ਬਣਾਈ ਗਈ ਹੈ।

ਕੇਂਦਰ ਅਤੇ ਸੂਬਿਆਂ ਦਰਮਿਆਨ ਤਾਲਮੇਲ ਦੀ ਲੋੜ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਅੱਗੇ ਕਿਹਾ, ÷ਪੰਜਾਬ ਸਰਕਾਰ ਫਸੇ ਵਿਅਕਤੀਆਂ ਦੀ ਸੁਰੱਖਿਅਤ ਨਿਕਾਸੀ ਲਈ ਤਾਲਮੇਲ ਅਤੇ ਸੁਹਿਰਦ ਯਤਨਾਂ ਨੂੰ ਯਕੀਨੀ ਬਣਾਉਣ ਲਈ ਕੇਂਦਰ ਸਰਕਾਰ ਨਾਲ ਜਲਦੀ ਮੀਟਿੰਗ ਕਰਨ ਲਈ ਵੀ ਉਤਸੁਕ ਹੈ। ਸਾਡਾ ਮੰਨਣਾ ਹੈ ਕਿ ਸੂਬਾ ਅਤੇ ਕੇਂਦਰ ਸਰਕਾਰ ਵਿਚਕਾਰ ਆਪਸੀ ਸਹਿਯੋਗ ਰਾਹੀਂ, ਅਸੀਂ ਰਾਹਤ ਉਪਾਵਾਂ ਨੂੰ ਤੇਜ਼ ਕਰ ਸਕਦੇ ਹਾਂ ਅਤੇ ਮੁਸਿਬਤ ਵਿੱਚ ਫਸੇ ਆਪਣੇ ਲੋਕਾਂ ਨੂੰ ਸਮੇਂ ਸਿਰ ਸਹਾਇਤਾ ਪ੍ਰਦਾਨ ਕਰ ਸਕਦੇ ਹਾਂ।

ਪ੍ਰਬੰਧਕੀ ਤਿਆਰੀ ਬਾਰੇ ਜਾਣਕਾਰੀ ਦਿੰਦਿਆਂ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਐਨ.ਆਰ.ਆਈ. ਮਾਮਲੇ ਵਿਭਾਗ, ਗ੍ਰਹਿ ਵਿਭਾਗ ਅਤੇ ਹੋਰ ਸਬੰਧਤ ਏਜੰਸੀਆਂ ਨਾਲ ਤਾਲਮੇਲ ਕਰਕੇ, ਪ੍ਰਭਾਵਿਤ ਵਿਅਕਤੀਆਂ ਦਾ ਡਾਟਾ ਸਰਗਰਮੀ ਨਾਲ ਇਕੱਠਾ ਕਰ ਰਿਹਾ ਹੈ ਅਤੇ ਉਨ੍ਹਾਂ ਦੇ ਸੁਰੱਖਿਅਤ ਰਸਤੇ ਨੂੰ ਆਸਾਨ ਬਣਾਉਣ ਲਈ ਐਮਰਜੈਂਸੀ ਯੋਜਨਾਵਾਂ 'ਤੇ ਕੰਮ ਕਰ ਰਿਹਾ ਹੈ।

ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਮੰਤਰੀ ਨੇ ਕਿਹਾ, ÷ਵਿਦੇਸ਼ਾਂ ਵਿੱਚ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ। ਹਰੇਕ ਪੰਜਾਬੀ ਦੀ ਸੁਰੱਖਿਆ ਸਾਡੀ ਸਭ ਤੋਂ ਵੱਡੀ ਤਰਜੀਹ ਹੈ। ਉਨ੍ਹਾਂ ਵਿਦੇਸ਼ਾਂ 'ਚ ਫਸੇ ਹੋਏ ਲੋਕਾਂ ਦੇ ਪਰਿਵਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸ਼ਾਂਤ ਰਹਿਣ ਅਤੇ ਨਿਰਧਾਰਤ ਹੈਲਪਲਾਈਨ ਨੰਬਰਾਂ ਰਾਹੀਂ ਸੰਪਰਕ ਵਿੱਚ ਰਹਿਣ। ਉਨ੍ਹਾਂ ਅੱਗੇ ਕਿਹਾ, ÷ਪੰਜਾਬ ਸਰਕਾਰ ਸਾਡੇ ਲੋਕਾਂ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਇਸ ਮੌਕੇ ਏ.ਡੀ.ਜੀ.ਪੀ. ਐਨ.ਆਰ.ਆਈ. ਵਿੰਗ ਪੰਜਾਬ ਸ੍ਰੀ ਆਰ.ਕੇ. ਜੈਸਵਾਲ, ਵਿਸ਼ੇਸ਼ ਸਕੱਤਰ ਐਨ.ਆਰ.ਆਈ.ਮਾਮਲੇ ਸ੍ਰੀਮਤੀ ਦਲਜੀਤ ਕੌਰ, ਵਧੀਕ ਸਕੱਤਰ ਸ੍ਰੀ ਆਰ.ਜੇ.ਐਸ. ਬਰਾੜ, ਡਿਪਟੀ ਸਕੱਤਰ ਗ੍ਰਹਿ ਸ੍ਰੀਮਤੀ ਮਨਪ੍ਰੀਤ ਕੌਰ, ਏ.ਆਈ.ਜੀ, ਐਨ.ਆਰ.ਆਈ ਵਿੰਗ, ਸ੍ਰੀ ਅਜਿੰਦਰ ਸਿੰਘ, ਐਨ.ਆਰ.ਆਈ. ਕਮਿਸ਼ਨ ਦੇ ਮੈਂਬਰ ਸ੍ਰੀ ਕਮਲ ਗਰਗ ਆਦਿ ਹਾਜ਼ਰ ਸਨ।

# ਪੰਜਾਬ ਨੂੰ ਊਨੀ ਅਤੇ ਫੈਂਸੀ ਧਾਗੇ ਦੇ ਕਾਰੋਬਾਰ ਵਿੱਚ 750 ਕਰੋੜ ਰੁਪਏ ਦਾ ਨਿਵੇਸ਼ ਹਾਸਲ ਹੋਇਆ; ਗੰਗਾ ਐਕਰੋਵੂਲਜ਼ ਲਿਮਟਿਡ ਆਪਣੇ ਕਾਰੋਬਾਰ ਦੇ ਵਿਸਥਾਰ ਨਾਲ ਰੋਜ਼ਗਾਰ ਲਈ 1500 ਨਵੇਂ ਮੌਕੇ ਪੈਦਾ ਕਰੇਗੀ: ਸੰਜੀਵ ਅਰੋੜਾ



ਚੰਡੀਗੜ੍ਹ, 6 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ, ਬਿਜਲੀ ਅਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਅੱਜ ਇਥੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ ਨਿਵੇਸ਼ਕਾਂ ਲਈ ਪਸੰਦੀਦਾ ਸਥਾਨ ਬਣਾਉਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ, ਜਿਸ ਦੇ ਚਲਦਿਆਂ ਗੰਗਾ ਐਕਰੋਵੂਲਜ਼ ਲਿਮਟਿਡ, ਜੋ ਕਿ ਊਨੀ ਅਤੇ ਫੈਂਸੀ ਧਾਗੇ ਦੀ ਮੋਹਰੀ ਨਿਰਮਾਤਾ ਹੈ, ਨੇ ਪੰਜਾਬ ਵਿੱਚ ਆਪਣੇ ਕਾਰੋਬਾਰ ਦੇ ਵਿਸਥਾਰ ਦਾ ਐਲਾਨ ਕੀਤਾ ਹੈ।

ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਸੰਜੀਵ ਅਰੋੜਾ ਨੇ ਦੱਸਿਆ ਕਿ ਗੰਗਾ ਐਕਰੋਵੂਲਜ਼ ਲਿਮਟਿਡ 60 ਤੋਂ ਵੱਧ ਦੇਸ਼ਾਂ ਨੂੰ ਆਪਣੇ ਉਤਪਾਦ ਬਰਾਮਦ ਕਰਦੀ ਹੈ ਅਤੇ ਮੌਜੂਦਾ ਸਮੇਂ ਕੰਪਨੀ ਵਿੱਚ 5600 ਤੋਂ ਵੱਧ ਕਰਮਚਾਰੀ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਕੰਪਨੀ ਦਾ ਸਾਲਾਨਾ ਟਰਨਓਵਰ 850 ਕਰੋੜ ਰੁਪਏ ਹੈ। ਉਨ੍ਹਾਂ ਨਾਲ ਹੀ ਦੱਸਿਆ ਕਿ ਇਸ ਕੰਪਨੀ ਨੇ ਪਿਛਲੇ 4 ਤੋਂ 5 ਸਾਲਾਂ ਵਿੱਚ 3000 ਤੋਂ ਵੱਧ ਵਿਅਕਤੀਆਂ ਲਈ ਰੋਜ਼ਗਾਰ ਦੇ ਮੌਕੇ ਵੀ ਪੈਦਾ ਕੀਤੇ ਹਨ ਅਤੇ 1998 ਤੋਂ ਹਰ ਉਦਯੋਗਿਕ ਨੀਤੀ ਤਹਿਤ ਪੰਜਾਬ 'ਚ ਨਿਰੰਤਰ ਨਿਵੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਕੰਪਨੀ ਆਪਣੇ ਤਾਜ਼ਾ ਨਿਵੇਸ਼ ਰਾਹੀਂ ਰੋਜ਼ਗਾਰ ਦੇ 1500 ਤੋਂ ਵੱਧ ਨਵੇਂ ਮੌਕੇ ਵੀ ਪੈਦਾ ਕਰੇਗੀ।

ਨਵੇਂ ਪ੍ਰੋਜੈਕਟ ਬਾਰੇ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਕਿਹਾ ਕਿ ਕੰਪਨੀ ਹੁਣ ਪੰਜਾਬ ਵਿੱਚ 690 ਕਰੋੜ ਰੁਪਏ ਦਾ ਨਿਵੇਸ਼ ਕਰਨ ਜਾ ਰਹੀ ਹੈ, ਜਿਸ ਵਿੱਚੋਂ 53 ਕਰੋੜ ਰੁਪਏ ਪਰਾਲੀ ਆਧਾਰਿਤ ਬਾਇਲਰ ਅਤੇ ਟਰਬਾਈਨ ਲਈ ਨਿਵੇਸ਼ ਕੀਤੇ ਜਾ ਰਹੇ ਹਨ। ਇਸ ਨਾਲ ਪ੍ਰਤੀ ਸਾਲ ਲਗਭਗ 120000 ਟਨ ਪਰਾਲੀ (10000 ਟਨ ਪ੍ਰਤੀ ਮਹੀਨਾ) ਦੀ ਖਪਤ ਹੋਵੇਗੀ, ਜੋ ਲਗਭਗ 20/25 ਕਿਲੋਮੀਟਰ ਦਾਇਰੇ ਅੰਦਰ ਪੈਂਦੇ ਖੇਤਾਂ 'ਚ ਪਰਾਲੀ ਸਾੜਨ ਤੋਂ ਮੁਕਤ ਕਰਨ ਵਿੱਚ ਸਹਾਈ ਹੋਵੇਗਾ।

ਗੰਗਾ ਐਕਰੋਵੂਲਜ਼ ਲਿਮਟਿਡ ਦੇ ਪ੍ਰਧਾਨ ਅਮਿਤ ਥਾਪਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਗੰਗਾ ਐਕਰੋਵੂਲਜ਼ ਲਿਮਟਿਡ ਨੇ ਪਿਛਲੇ ਨਿਵੇਸ਼ਕ ਸੰਮੇਲਨ ਵਿੱਚ 301 ਕਰੋੜ ਰੁਪਏ ਦੇ ਨਿਵੇਸ਼ ਦਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਕਿ ਸੂਬੇ 'ਚ ਸਾਜ਼ਗਾਰ ਉਦਯੋਗਿਕ ਮਾਹੌਲ, ਕਾਰੋਬਾਰ ਦੀ ਸੌਖ ਨੂੰ ਉਤਸ਼ਾਹਿਤ ਕਰਨ ਲਈ ਨੀਤੀਆਂ 'ਚ ਬਦਲਾਅ ਅਤੇ ਕਾਰੋਬਾਰ ਕਰਨ ਲਈ ਲਾਗਤ ਖ਼ਰਚਿਆਂ 'ਚ ਕਟੌਤੀ ਦੇ ਚਲਦਿਆਂ ਅਸੀਂ ਆਪਣੀ ਨਿਵੇਸ਼ ਰਾਸ਼ੀ ਨੂੰ ਸੋਧ ਕੇ 690 ਕਰੋੜ ਰੁਪਏ ਕਰ ਦਿੱਤਾ ਸੀ ਅਤੇ ਹੁਣ ਅਸੀਂ ਇਸਨੂੰ ਵਧਾ ਕੇ ਲਗਭਗ 750 ਕਰੋੜ ਕਰਨ ਜਾ ਰਹੇ ਹਾਂ। ਇਸ ਵਿੱਚੋਂ 400 ਕਰੋੜ ਰੁਪਏ ਦਾ ਨਿਵੇਸ਼ ਪਹਿਲਾਂ ਹੀ ਹੋ ਚੁੱਕਾ ਹੈ ਅਤੇ ਬਾਕੀ ਨਿਵੇਸ਼ ਅਗਲੇ 24 ਮਹੀਨਿਆਂ ਵਿੱਚ ਕੀਤਾ ਜਾਵੇਗਾ।

ਉਨ੍ਹਾਂ ਅੱਗੇ ਦੱਸਿਆ ਕਿ ਕੰਪਨੀ ਦੇ ਵਿਸਥਾਰ ਨਾਲ ਹੁਣ ਬੁਣਾਈ, , ਕਾਰਪੇਟ ਅਤੇ ਤਕਨੀਕੀ ਟੈਕਸਟਾਈਲ ਦੇ ਵੱਖ-ਵੱਖ ਹਿੱਸਿਆਂ (ਸੈਗਮੈਂਟਸ) ਲਈ ਧਾਗੇ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਇਹ ਵਿਸਥਾਰ ਉੱਚ-ਮੁੱਲ ਵਾਲੇ ਟੈਕਸਟਾਈਲ ਨਿਰਮਾਣ ਅਤੇ ਨਿਰਯਾਤ ਵਿੱਚ ਪੰਜਾਬ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰੇਗਾ। ਇਸ ਨਾਲ ਵਾਧੂ ਰੋਜ਼ਗਾਰ ਪੈਦਾ ਹੋਣ ਦੇ ਨਾਲ-ਨਾਲ ਸਥਾਨਕ ਮੁੱਲ ਲੜੀ, ਐਮ.ਐਸ.ਐਮ.ਈ. ਅਤੇ ਸਹਾਇਕ ਇਕਾਈਆਂ ਨੂੰ ਹੁਲਾਰਾ ਮਿਲੇਗਾ, ਜਿਸ ਨਾਲ ਖੇਤਰ 'ਚ ਆਰਥਿਕਤਾ ਨੂੰ ਬਲ ਮਿਲੇਗਾ। ਇਹ ਵਿਸਥਾਰ ਪੰਜਾਬ ਦੀਆਂ ਪ੍ਰਗਤੀਸ਼ੀਲ ਉਦਯੋਗਿਕ ਨੀਤੀਆਂ ਅਤੇ ਇਸਦੇ ਨਿਵੇਸ਼ਕ-ਅਨੁਕੂਲ ਮਾਹੌਲ ਦੇ ਮਜ਼ਬੂਤ ਸਮਰਥਨ ਨੂੰ ਦਰਸਾਉਂਦਾ ਹੈ, ਜੋ ਘਰੇਲੂ ਅਤੇ ਵਿਸ਼ਵਵਿਆਪੀ ਨਿਰਮਾਤਾਵਾਂ ਵਿੱਚ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰੇਗਾ।

# ਸਿਹਤ ਵਿਭਾਗ ਵੱਲੋਂ ਪੰਜ ਪਿਆਰਾ ਪਾਰਕ ਵਿਚ ਸਿਹਤ ਪ੍ਰਦਰਸ਼ਨੀ ਸਥਾਪਿਤ

ਸ੍ਰੀ ਆਨੰਦਪੁਰ ਸਾਹਿਬ, 6 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹੋਲਾ ਮਹੱਲਾ ਦੇ ਪਵਿੱਤਰ ਤਿਉਹਾਰ ਮੌਕੇ ਸਿਹਤ ਵਿਭਾਗ ਵੱਲੋਂ ਪੰਜ ਪਿਆਰਾ ਪਾਰਕ ਵਿਖੇ ਵਿਸ਼ੇਸ਼ ਸਿਹਤ ਪ੍ਰਦਰਸ਼ਨੀ ਲਗਾਈ ਗਈ ਹੈ। ਇਸ ਪ੍ਰਦਰਸ਼ਨੀ ਦਾ ਮੁੱਖ ਉਦੇਸ਼ ਦੇਸ਼ ਭਰ ਤੋਂ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਨੂੰ ਸਿਹਤ ਸਬੰਧੀ ਜਾਣਕਾਰੀ ਦੇਣਾ ਅਤੇ ਤਿਉਹਾਰ ਦੌਰਾਨ ਉਨ੍ਹਾਂ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ। ਪ੍ਰਦਰਸ਼ਨੀ ਸਥਾਨਾਂ 'ਤੇ ਵੱਖ-ਵੱਖ ਸਟਾਲ ਲਗਾਏ ਗਏ ਹਨ ਜਿੱਥੇ ਆਮ ਬਿਮਾਰੀਆਂ ਤੋਂ ਬਚਾਅ, ਪੋਸ਼ਣ, ਸਫ਼ਾਈ ਅਤੇ ਸਿਹਤਮੰਦ ਜੀਵਨਸ਼ੈਲੀ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਸਿਵਲ ਸਰਜਨ ਡਾ.ਨਵਰੂਪ ਕੌਰ ਸਿਹਤ ਵਿਭਾਗ ਵੱਲੋਂ ਇਥੇ ਮੁਫ਼ਤ ਮੈਡੀਕਲ ਜਾਂਚਾਂ ਦੀ ਵੀ ਵਿਵਸਥਾ ਕੀਤੀ ਗਈ ਹੈ, ਜਿਸ ਅਧੀਨ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਤਾਪਮਾਨ ਦੀ ਜਾਂਚ ਕੀਤੀ ਜਾ ਰਹੀ ਹੈ। ਲੋੜ ਪੈਣ 'ਤੇ ਸ਼ਰਧਾਲੂਆਂ ਨੂੰ ਤੁਰੰਤ ਮੈਡੀਕਲ ਸਲਾਹ ਅਤੇ ਇਲਾਜ ਵੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਬਜ਼ੁਰਗਾਂ, ਮਹਿਲਾਵਾਂ ਅਤੇ ਬੱਚਿਆਂ ਲਈ ਖਾਸ ਤੌਰ 'ਤੇ ਸਿਹਤ ਸਹਾਇਤਾ ਕਾਊਂਟਰ ਬਣਾਏ ਗਏ ਹਨ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਪ੍ਰਕਾਰ ਦੀ ਅਸੁਵਿਧਾ ਨਾ ਆਵੇ। ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾ. ਗੁਰਵਿੰਦਰ ਸਿੰਘ ਪ੍ਰਦਰਸ਼ਨੀ ਵਿੱਚ ਸਾਫ਼ ਪੀਣ ਵਾਲੇ ਪਾਣੀ ਦੀ ਮਹੱਤਤਾ, ਹੱਥ ਧੋਣ ਦੀ ਸਹੀ ਵਿਧੀ, ਮੌਸਮੀ ਬਿਮਾਰੀਆਂ ਤੋਂ ਬਚਾਅ ਅਤੇ ਭੀੜ ਵਿੱਚ ਸੁਰੱਖਿਅਤ ਰਹਿਣ ਬਾਰੇ ਵੀ ਜਾਣਕਾਰੀ ਦਿੱਤੀ ਜਾ ਰਹੀ ਹੈ।

# ਸਰਕਾਰੀ ਕਾਲਜ ਮਾਛੀਵਾੜਾ ਵਿਖੇ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ ਗਿਆ



ਮਾਛੀਵਾੜਾ ਸਾਹਿਬ, 6 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰੀ ਕਾਲਜ ਮਾਛੀਵਾੜਾ ਵਿਖੇ ਪ੍ਰਿੰਸੀਪਲ ਨੰਦਿਨੀ ਵੈਦ ਦੀ ਯੋਗ ਅਗਵਾਈ ਹੇਠ ਅਤੇ ਵਾਈਸ ਪ੍ਰਿੰਸੀਪਲ ਸਹਾਇਕ ਪ੍ਰੋਫ਼ੈਸਰ ਪਰਦੀਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਲਜ ਦੇ ਸਮੂਹ ਸਟਾਫ ਦੇ ਸਹਿਯੋਗ ਨਾਲ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ ਗਿਆ। ਇਹ ਉੱਦਮ ਆਈ.ਆਈ.ਸੀ ਸੈੱਲ ਦੇ ਸਹਿਯੋਗ ਨਾਲ ਵਿਗਿਆਨ ਵਿਭਾਗ ਵੱਲੋਂ ਕੀਤਾ ਗਿਆ। ਵਿਗਿਆਨ ਵਿਭਾਗ ਵੱਲੋਂ ਵੱਖ-ਵੱਖ ਮਾਡਲਾਂ ਦੀ ਪ੍ਰਦਰਸ਼ਨੀ ਰਾਹੀਂ ਵਿਗਿਆਨ ਦੀ ਮਹੱਤਤਾ ਨੂੰ ਦਰਸਾਇਆ ਗਿਆ।
ਪ੍ਰਿੰਸੀਪਲ ਨੰਦਨੀ ਵੈਦ ਦੇ ਰੀਬਨ ਕੱਟਣ ਦੀ ਰਸਮ ਨਾਲ ਇਹ ਪ੍ਰਦਰਸ਼ਨੀ ਸ਼ੁਰੂ ਹੋਈ,ਪ੍ਰਿੰਸੀਪਲ ਨੇ ਸਾਰੇ ਮਾਡਲਾਂ ਨੂੰ ਦੇਖਿਆ ਅਤੇ ਬੱਚਿਆਂ ਨੂੰ ਭਵਿੱਖ ਵਿੱਚ ਅੱਗੇ ਵਧਣ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਬੀ.ਐਸ.ਸੀ.

ਭਾਗ ਤੀਜਾ ਵੱਲੋਂ ਬਣਾਇਆ ਚੰਦਰਯਾਨ ਦਾ ਮਾਡਲ ਮਨੁੱਖ ਦੇ ਚੰਨ ਉੱਪਰ ਪਹੁੰਚਣ ਅਤੇ ਖੋਜ ਕਰਨ ਦੀ ਰੁਚੀ ਨੂੰ ਦਰਸਾਉਂਦਾ ਸੀ, ਮਨੁੱਖੀ ਡੀ.ਐਨ.ਏ ਦਾ ਮਾਡਲ, ਬਿਜਲੀ ਦੇ ਓਪਨ ਸਰਕਿਟ ਨੂੰ ਦਰਸਾਉਂਦਾ ਮਾਡਲ, ਜਵਾਲਾਮੁੱਖੀ ਫੁੱਟਣ ਦਾ ਮਾਡਲ, ਹੋਲੋਗਰਾਮ ਦਾ ਮਾਡਲ ਜੋ ਕਿ ਥ੍ਰੀ ਡੀ ਫ਼ਿਲਮਾਂ ਦੀ ਮਹੱਤਤਾ ਨੂੰ ਦਰਸਾਉਂਦਾ ਸੀ, ਇੱਕ ਅਦਭੁਤ ਮਾਡਲ ਜੋ ਪ੍ਰਕਾਸ਼ ਦੇ ਕਣ ਅਤੇ ਵੇਵ ਦੇ ਸੁਭਾਅ ਨੂੰ ਦਰਸਾਉਂਦਾ ਸੀ, ਇਹਨਾਂ ਤੋਂ ਬਿਨਾਂ ਹੋਰ ਬਹੁਤ ਸਾਰੇ ਮਾਡਲ ਜੋ ਵਿਗਿਆਨ ਦੀ ਮਹੱਤਤਾ ਦੱਸਦੇ ਸਨ, ਵਿਦਿਆਰਥੀਆਂ ਦੁਆਰਾ ਬਣਾਏ ਗਏ। ਜਵਾਲਾਮੁੱਖੀ ਫੁੱਟਣ ਦਾ ਮਾਡਲ ਬਣਾਉਣ ਵਾਲੀ ਟੀਮ ਨੇ ਇਸ ਵਿਗਿਆਨ ਪ੍ਰਦਰਸ਼ਨੀ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ, ਥ੍ਰੀ ਡੀ ਤਸਵੀਰਾਂ ਦੇ ਮਾਡਲ ਵਾਲੀ ਟੀਮ ਦੂਜੇ ਸਥਾਨ 'ਤੇ ਰਹੀ ਅਤੇ ਪ੍ਰਕਾਸ਼ ਕਣ ਅਤੇ ਵੇਵ ਵਾਲੀ ਟੀਮ ਨੇ ਤੀਜਾ ਸਥਾਨ ਹਾਸਿਲ ਕੀਤਾ । ਹੋਲੋਗਰਾਮ ਦੇ ਮਾਡਲ ਅਤੇ ਬਿਜਲੀ ਦੇ ਓਪਨ ਸਰਕਿਟ ਦੇ ਮਾਡਲ ਵਾਲੀ ਟੀਮ ਨੂੰ ਹੌਸਲਾ ਅਫ਼ਜਾਈ ਵਜੋਂ ਕੌਨਸੋਲੇਸ਼ਨ ਇਨਾਮ ਦਿੱਤਾ ਗਿਆ।ਵਿਗਿਆਨ ਵਿਭਾਗ ਦੇ ਸਹਾਇਕ ਪ੍ਰੋਫ਼ੈਸਰ ਚੰਦਨ ਕੁਮਾਰ, ਸਹਾਇਕ ਪ੍ਰੋਫ਼ੈਸਰ ਅਮਰੀਸ਼ ਖੁੱਲਰ, ਸਹਾਇਕ ਪ੍ਰੋਫ਼ੈਸਰ ਮਨਪ੍ਰੀਤ ਕੌਰ ਅਤੇ ਸਹਾਇਕ ਪ੍ਰੋਫ਼ੈਸਰ ਸਿਮਰਨਜੀਤ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਓ.ਐਸ.ਡੀ. ਸੁਖਵੀਰ ਸਿੰਘ ਵੱਲੋਂ ਧੂਰੀ ਹਲਕੇ ਦੇ 13 ਪਿੰਡਾਂ ਦੇ 193 ਪਰਿਵਾਰਾਂ ਨੂੰ 1.07 ਕਰੋੜ ਰੁਪਏ ਦੇ ਮੁਆਵਜ਼ੇ ਦੇ ਮਨਜ਼ੂਰੀ ਪੱਤਰਾਂ ਦੀ ਵੰਡ



ਧੂਰੀ, 6 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸੁਖਵੀਰ ਸਿੰਘ ਨੇ ਅੱਜ ਧੂਰੀ ਹਲਕੇ ਦੇ 13 ਪਿੰਡਾਂ ਦੇ 193 ਪ੍ਰਭਾਵਿਤ ਪਰਿਵਾਰਾਂ ਨੂੰ ਬਰਸਾਤਾਂ ਦੌਰਾਨ ਨੁਕਸਾਨੇ ਮਕਾਨਾਂ ਦੇ ਮੁਆਵਜ਼ੇ ਵਜੋਂ ਕੁੱਲ 1 ਕਰੋੜ 7 ਲੱਖ ਰੁਪਏ ਦੇ ਮਨਜ਼ੂਰੀ ਪੱਤਰ ਸੌਂਪੇ।

ਇਸ ਮੌਕੇ ਸੰਬੋਧਨ ਕਰਦਿਆਂ ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਮੁਸ਼ਕਲ ਸਮੇਂ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਮਜ਼ਬੂਤੀ ਨਾਲ ਖੜੀ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਪਰਿਵਾਰਾਂ ਦੇ ਮਕਾਨ ਪੂਰੀ ਤਰ੍ਹਾਂ ਨੁਕਸਾਨੇ ਗਏ ਹਨ, ਉਨ੍ਹਾਂ ਨੂੰ ਪ੍ਰਤੀ ਪਰਿਵਾਰ 1 ਲੱਖ 20 ਹਜ਼ਾਰ ਰੁਪਏ ਦੀ ਰਾਹਤ ਰਕਮ ਪ੍ਰਦਾਨ ਕੀਤੀ ਗਈ ਹੈ, ਜਦਕਿ ਅੰਸ਼ਿਕ ਤੌਰ 'ਤੇ ਨੁਕਸਾਨ ਝੱਲਣ ਵਾਲੇ ਪਰਿਵਾਰਾਂ ਨੂੰ 40 ਹਜ਼ਾਰ ਰੁਪਏ ਦੀ ਸਹਾਇਤਾ ਜਾਰੀ ਕੀਤੀ ਗਈ ਹੈ। ਇਹ ਰਕਮ ਸਰਕਾਰ ਵੱਲੋਂ ਨਿਰਧਾਰਤ ਮਾਪਦੰਡਾਂ ਅਤੇ ਪਾਰਦਰਸ਼ੀ ਪ੍ਰਕਿਰਿਆ ਅਨੁਸਾਰ ਮਨਜ਼ੂਰ ਕੀਤੀ ਗਈ ਹੈ।

ਉਨ੍ਹਾਂ ਹੋਰ ਕਿਹਾ ਕਿ ਧੂਰੀ ਹਲਕੇ ਦੇ ਵਾਸੀਆਂ ਦੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕਰਨਾ ਸਰਕਾਰ ਦੀ ਪਹਿਲੀ ਤਰਜੀਹ ਹੈ ਅਤੇ ਕੋਈ ਵੀ ਯੋਗ ਪਰਿਵਾਰ ਸਹਾਇਤਾ ਤੋਂ ਵਾਂਝਾ ਨਹੀਂ ਰਹੇਗਾ। ਉਨ੍ਹਾਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜੇਕਰ ਕਿਸੇ ਪ੍ਰਭਾਵਿਤ ਪਰਿਵਾਰ ਦਾ ਮਾਮਲਾ ਅਜੇ ਬਕਾਇਆ ਹੈ ਤਾਂ ਉਸ ਦੀ ਤੁਰੰਤ ਜਾਂਚ ਕਰਕੇ ਯੋਗ ਰਾਹਤ ਮੁਹੱਈਆ ਕਰਵਾਈ ਜਾਵੇ।

ਉਨ੍ਹਾਂ ਦੱਸਿਆ ਕਿ ਅੱਜ ਜਿਨ੍ਹਾਂ ਪਿੰਡਾਂ ਦੇ ਪਰਿਵਾਰਾਂ ਨੂੰ ਮਨਜ਼ੂਰੀ ਪੱਤਰ ਸੌਂਪੇ ਗਏ, ਉਨ੍ਹਾਂ ਵਿੱਚ ਪਿੰਡ ਅਲਾਲ ਦੇ 9 ਪਰਿਵਾਰ, ਬਾਲੀਆਂ ਦੇ 5, ਬਮਾਲ ਦੇ 38, ਬਰੜਵਾਲ ਦੇ 17, ਭਸੌੜ ਦੇ 6, ਚੀਮਾ ਦੇ 12, ਦੁਗਨੀ ਦੇ 28, ਹਸਨਪੁਰ ਦੇ 9, ਈਸੀ ਦੇ 13, ਜਾਤੀਮਾਜਰਾ ਦਾ 1, ਮੂਲੋਵਾਲ ਦੇ 18, ਪੇਧਨੀ ਕਲਾਂ ਦੇ 13 ਅਤੇ ਰੁਲਦੂ ਸਿੰਘ ਵਾਲਾ ਦੇ 24 ਪਰਿਵਾਰ ਸ਼ਾਮਲ ਹਨ।

ਇਸ ਤੋਂ ਇਲਾਵਾ ਪਿੰਡ ਦੌਲਤਪੁਰ ਦੇ ਗੁਰਦਿਆਂ ਦੀ ਗੰਭੀਰ ਬਿਮਾਰੀ ਨਾਲ ਪੀੜਤ ਇਕ ਵਿਅਕਤੀ ਨੂੰ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ 1 ਲੱਖ ਰੁਪਏ ਦੀ ਆਰਥਿਕ ਸਹਾਇਤਾ ਵੀ ਪ੍ਰਦਾਨ ਕੀਤੀ ਗਈ। ਇਸ ਮੌਕੇ ਮੁੱਖ ਮੰਤਰੀ ਦੇ ਸੰਯੁਕਤ ਪ੍ਰਮੁੱਖ ਸਕੱਤਰ ਸੰਦੀਪ ਸਿੰਘ ਗਾੜ੍ਹਾ, ਐਸ.ਡੀ.ਐਮ. ਧੂਰੀ ਡਾ. ਇਸਮਤ ਵਿਜੈ ਸਿੰਘ, ਰਿਸ਼ਭ ਬਾਂਸਲ, ਮੁੱਖ ਮੰਤਰੀ ਫੀਲਡ ਅਫ਼ਸਰ ਅਰਵਿੰਦ ਕੁਮਾਰ, ਪੁਸ਼ਪਿੰਦਰ ਸ਼ਰਮਾ, ਰਮਨਦੀਪ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਲਾਭਪਾਤਰੀ ਮੌਜੂਦ ਸਨ।

ਸਮਾਗਮ ਦੇ ਅੰਤ ਵਿੱਚ ਓ.ਐਸ.ਡੀ. ਸੁਖਵੀਰ ਸਿੰਘ ਨੇ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰ ਮੁਸ਼ਕਲ ਦੀ ਘੜੀ ਵਿੱਚ ਲੋਕਾਂ ਦੇ ਨਾਲ ਖੜੀ ਹੈ ਅਤੇ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਮੁਹੱਈਆ ਕਰਵਾਉਣਾ ਆਪਣਾ ਫ਼ਰਜ਼ ਸਮਝਦੀ ਹੈ। ਉਨ੍ਹਾਂ ਕਿਹਾ ਕਿ ਲੋਕ-ਕੇਂਦਰਿਤ ਅਤੇ ਜ਼ਿੰਮੇਵਾਰ ਪ੍ਰਸ਼ਾਸਨ ਦੇ ਸਿਧਾਂਤਾਂ 'ਤੇ ਚੱਲਦਿਆਂ ਹਰ ਯੋਗ ਵਿਅਕਤੀ ਤੱਕ ਸਰਕਾਰੀ ਸਹਾਇਤਾ ਪਹੁੰਚਾਉਣ ਲਈ ਵਚਨਬੱਧਤਾ ਨਾਲ ਕੰਮ ਕੀਤਾ ਜਾ ਰਿਹਾ ਹੈ।

ਕੌਮੀ ਪੱਤ੍ਰਿਕਾ

## ਸੰਪਾਦਕੀ

# ਭਾਰਤ ਹਮੇਸ਼ਾ ਗੱਲਬਾਤ ਅਤੇ ਕੂਟਨੀਤੀ ਦਾ ਪੱਖੀ ਰਿਹਾ ਹੈ ਮੋਦੀ

ਅਮਰੀਕਾ ਅਤੇ ਇਜ਼ਰਾਈਲ ਨੇ ਐਤਵਾਰ ਨੂੰ ਇਰਾਨ ਦੇ ਕਈ ਟਿਕਾਣਿਆਂ ’ਤੇ ਜ਼ਬਰਦਸਤ ਬੰਬਾਰੀ ਕੀਤੀ, ਜਿਸ ਵਿੱਚ ਇਰਾਨ ਦੇ ਬੈਲਿਸਟਿਕ ਮਿਜ਼ਾਈਲ ਕੇਂਦਰਾਂ ਅਤੇ ਜੰਗੀ ਬੇੜਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਇਰਾਨੀ ਆਗੂਆਂ ਅਨੁਸਾਰ, ਇਨ੍ਹਾਂ ਹਮਲਿਆਂ ਵਿੱਚ ਹੁਣ ਤੱਕ 200 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਇਹ ਕਾਰਵਾਈ ਇਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖ਼ਮੇਨੀ ਦੀ ਹੱਤਿਆ ਤੋਂ ਬਾਅਦ ਹੋਈ ਹੈ।

ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਇਰਾਨ ਦੇ 9 ਜੰਗੀ ਬੇੜੇ ਡੁਬੋ ਦਿੱਤੇ ਗਏ ਹਨ। ਇਸ ਦੇ ਨਾਲ ਹੀ ਟਰੰਪ ਨੇ ਸੰਕੇਤ ਦਿੱਤਾ ਹੈ ਕਿ ਉਹ ਇਰਾਨ ਦੀ ਨਵੀਂ ਲੀਡਰਸ਼ਿਪ ਨਾਲ ਗੱਲਬਾਤ ਕਰਨ ਲਈ ਤਿਆਰ ਹਨ।

ਇਹ ਸੰਘਰਸ਼ ਹੁਣ ਸਿਰਫ਼ ਅਮਰੀਕਾ, ਇਜ਼ਰਾਈਲ ਅਤੇ ਇਰਾਨ ਤੱਕ ਸੀਮਤ ਨਹੀਂ ਰਿਹਾ। ਇਰਾਨੀ ਹਮਲਿਆਂ ਦੇ ਜਵਾਬ ਵਿੱਚ ਹਿਜ਼ਬੁੱਲਾ ਨੇ ਇਜ਼ਰਾਈਲ ’ਤੇ ਮਿਜ਼ਾਈਲਾਂ ਦਾਗੀਆਂ ਹਨ, ਜਿਸ ਦੇ ਜਵਾਬ ਵਿੱਚ ਇਜ਼ਰਾਈਲ ਨੇ ਬੈਰੂਤ (ਲੇਬਨਾਨ) ’ਤੇ ਹਮਲੇ ਕੀਤੇ। ਖਾੜੀ ਦੇਸ਼ਾਂ ਵਿੱਚ ਵੀ ਤਣਾਅ ਵਧ ਗਿਆ ਹੈ; ਯੂ.ਏ.ਈ., ਕੁਵੈਤ ਅਤੇ ਬਹਿਰੀਨ ਵਿੱਚ ਇਰਾਨੀ ਮਿਜ਼ਾਈਲਾਂ ਡਿੱਗਣ ਕਾਰਨ ਨਾਗਰਿਕਾਂ ਦੀ ਮੌਤ ਹੋਈ ਹੈ। ਇਜ਼ਰਾਈਲ ਵਿੱਚ ਵੀ ਇੱਕ ਸਿਨਾਗੋਗ (ਇਬਾਦਤਗਾਹ) ’ਤੇ ਹੋਏ ਹਮਲੇ ਵਿੱਚ 9 ਲੋਕ ਮਾਰੇ ਗਏ ਹਨ। ਬ੍ਰਿਟੇਨ, ਫਰਾਂਸ ਅਤੇ ਜਰਮਨੀ ਵਰਗੀਆਂ ਯੂਰਪੀ ਸ਼ਕਤੀਆਂ ਨੇ ਵੀ ਅਮਰੀਕਾ ਦਾ ਸਾਥ ਦੇਣ ਦੀ ਪੇਸ਼ਕਸ਼ ਕੀਤੀ ਹੈ।

ਤੇਹਰਾਨ ਦੀਆਂ ਸੜਕਾਂ ’ਤੇ ਸਨਾਟਾ ਪਸਰਿਆ ਹੋਇਆ ਹੈ ਅਤੇ ਲੋਕ ਹਵਾਈ ਹਮਲਿਆਂ ਦੇ ਡਰੋਂ ਘਰਾਂ ਵਿੱਚ ਦੁਬਕੇ ਹੋਏ ਹਨ। ਦੂਜੇ ਪਾਸੇ, ਇਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਕਿਹਾ ਹੈ ਕਿ ਅਗਲੇ ਇੱਕ-ਦੋ ਦਿਨਾਂ ਵਿੱਚ ਨਵਾਂ ਸੁਪਰੀਮ ਲੀਡਰ ਚੁਣ ਲਿਆ ਜਾਵੇਗਾ। ?

ਇਰਾਨ ਨੇ ਅਮਰੀਕਾ ਅਤੇ ਇਜ਼ਰਾਈਲ ਨੂੰ ‘ਲਾਲ ਲਕੀਰ’ ਪਾਰ ਕਰਨ ਦੀ ਚੇਤਾਵਨੀ ਦਿੰਦਿਆਂ ਭਿਆਨਕ ਬਦਲਾ ਲੈਣ ਦੀ ਗੱਲ ਕਹੀ ਹੈ, ਜਦੋਂਕਿ ਟਰੰਪ ਨੇ ਪਲਟਵਾਰ ਕਰਦਿਆਂ ਕਿਹਾ ਹੈ ਕਿ ਜੇਕਰ ਇਰਾਨ ਨੇ ਅਜਿਹਾ ਕੀਤਾ ਤਾਂ ਉਸ ’ਤੇ ਅਜਿਹੀ ਤਾਕਤ ਨਾਲ ਹਮਲਾ ਕੀਤਾ ਜਾਵੇਗਾ ਜੋ ਦੁਨੀਆ ਨੇ ਪਹਿਲਾਂ ਕਦੇ ਨਹੀਂ ਦੇਖੀ ਹੋਵੇਗੀ।

ਉੱਧਰ ਪੱਛਮੀ ਏਸ਼ੀਆ ਵਿੱਚ ਵਧਦੇ ਜੰਗੀ ਤਣਾਅ ਦੇ ਵਿਚਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਵਾਰ ਫਿਰ ਦੁਹਰਾਇਆ ਹੈ ਕਿ ਭਾਰਤ ਹਮੇਸ਼ਾ ਵਿਸ਼ਵਵਿਆਪੀ ਵਿਵਾਦਾਂ ਨੂੰ ‘ਗੱਲਬਾਤ ਅਤੇ ਕੂਟਨੀਤੀ’ ਰਾਹੀਂ ਸੁਲਝਾਉਣ ਦਾ ਸਮਰਥਕ ਰਿਹਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਮੌਜੂਦਾ ਹਾਲਾਤ ਨੂੰ ਗੰਭੀਰ ਚਿੰਤਾ ਦਾ ਵਿਸ਼ਾ ਦੱਸਿਆ।

ਪ੍ਰਧਾਨ ਮੰਤਕੀ ਮੋਦੀ ਨੇ ਕਿਹਾ, ਭਾਰਤ ਦਾ ਸਟੈਂਡ ਹਮੇਸ਼ਾ ਸਪੱਸ਼ਟ ਰਿਹਾ ਹੈ। ਅਸੀਂ ਲਗਾਤਾਰ ਸ਼ਾਂਤੀ ਅਤੇ ਸਥਿਰਤਾ ਦੀ ਵਕਾਲਤ ਕੀਤੀ ਹੈ। ਜਦੋਂ ਦੋ ਲੋਕਤੰਤਰੀ ਦੇਸ਼ ਇਕੱਠੇ ਖੜ੍ਹੇ ਹੁੰਦੇ ਹਨ, ਤਾਂ ਸ਼ਾਂਤੀ ਦੀ ਆਵਾਜ਼ ਹੋਰ ਮਜ਼ਬੂਤ ਹੋ ਜਾਂਦੀ ਹੈ।

# ਵਿਕਾਸ ਕਾਰਜਾਂ ‘ਚ ਪਾਰਦਰਸ਼ਤਾ ਤੇ ਗੁਣਵੱਤਾ ਮੁੱਖ ਤਰਜੀਹ : ਬ੍ਰਮ ਸ਼ੰਕਰ ਜਿੰਪਾ



**ਹੁਸ਼ਿਆਰਪੁਰ, 6 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਵਿਕਾਸ ਦੀ ਦਿਸ਼ਾ ਵਿਚ ਇਕ ਹੋਰ ਮਹੱਤਵਪੂਰਨ ਕਦਮ ਚੁੱਕਦੇ ਹੋਏ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 31 ਵਿਚ ਗਲੀਆਂ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ। ਇਸ ਪ੍ਰੋਜੈਕਟ ‘ਤੇ ਲਗਭਗ 22 ਲੱਖ ਰੁਪਏ ਦੀ ਲਾਗਤ ਆਵੇਗੀ, ਜਿਸ ਨਾਲ ਸਥਾਨਕ ਨਿਵਾਸੀਆਂ ਨੂੰ ਬਿਹਤਰ ਸਹੂਲਤਾਂ ਅਤੇ ਸਾਫ-ਸੁਥਰਾ ਵਾਤਾਵਰਣ ਉਪਲਬੱਧ ਹੋਵੇਗਾ।

ਵਿਧਾਇਕ ਜਿੰਪਾ ਨੇ ਕਿਹਾ ਕਿ ਉਹ ਜਨਤਾ ਦੀਆਂ ਉਮੀਦਾਂ ਨੂੰ ਪੂਰਾ ਕਰਨ ਲਈ ਵਚਨਬੱਧ ਹਨ ਅਤੇ ਵਿਕਾਸ ਪ੍ਰੋਜੈਕਟਾਂ ਵਿੱਚ ਪਾਰਦਰਸ਼ਤਾ ਅਤੇ ਗੁਣਵੱਤਾ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਭਰੋਸਾ ਦਿੱਤਾ ਕਿ ਸ਼ਹਿਰ ਦੇ ਹੋਰ ਵਾਰਡਾਂ ਵਿੱਚ ਵੀ ਇਸੇ ਤਰ੍ਹਾਂ ਦੀਆਂ ਯੋਜਨਾਵਾਂ ਪੜਾਅਵਾਰ ਲਾਗੂ ਕੀਤੀਆਂ ਜਾਣਗੀਆਂ।

ਸਥਾਨਕ ਨਿਵਾਸੀਆਂ ਨੇ ਇਸ ਪਹਿਲਕਦਮੀ ਦਾ ਸਵਾਗਤ ਕਰਦੇ ਹੋਏ ਵਿਧਾਇਕ ਅਤੇ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਇਲਾਕੇ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵੱਲ ਇੱਕ ਠੋਸ ਕਦਮ ਹੈ, ਜੋ ਆਉਣ ਵਾਲੇ ਸਮੇਂ ਵਿੱਚ ਹੁਸ਼ਿਆਰਪੁਰ ਨੂੰ ਹੋਰ ਮਜ਼ਬੂਤ ਅਤੇ ਆਧੁਨਿਕ ਬਣਾਏਗਾ।

ਪ੍ਰੋਗਰਾਮ ਦੌਰਾਨ ਮੇਅਰ ਸੁਰਿੰਦਰ ਕੁਮਾਰ, ਕੌਂਸਲਰ ਮੋਨਿਕਾ ਕਤਨਾ, ਬਲਵਿੰਦਰ ਕਤਨਾ, ਪੰਡਿਤ ਰਾਮਾਨੁਜ, ਮੁਕੇਸ਼ ਕੁਮਾਰ ਅਤੇ ਰੀਨਾ ਪਰਾਸ਼ਰ ਵੀ ਮੌਜੂਦ ਸਨ। ਸਾਰਿਆਂ ਨੇ ਇਸ ਪਹਿਲਕਦਮੀ ਨੂੰ ਇਲਾਕੇ ਲਈ ਇੱਕ ਸਕਾਰਾਤਮਕ ਬਦਲਾਅ ਦੱਸਿਆ ਅਤੇ ਕਿਹਾ ਕਿ ਇਹ ਕੰਮ ਨਾ ਸਿਰਫ਼ ਆਵਾਜਾਈ ਨੂੰ ਸੌਖਾ ਬਣਾਏਗਾ ਬਲਕਿ ਨਾਗਰਿਕਾਂ ਦੇ ਜੀਵਨ ਪੱਧਰ ਨੂੰ ਵੀ ਉੱਚਾ ਚੁੱਕੇਗਾ।

# ਵਿਧਾਇਕ ਸ਼ੈਰੀ ਕਲਸੀ ਵੱਲੋਂ ਬਟਾਲਾ ਵਿਖੇ ਕਰਵਾਏ ਸਮਾਗਮ ਦੌਰਾਨ ਉੱਦਮੀ ਮਹਿਲਾਵਾਂ ਦਾ ਸਨਮਾਨ

**ਬਟਾਲਾ, 6 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਹਲਕਾ ਵਿਧਾਇਕ ਬਟਾਲਾ ਸ. ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਬਟਾਲਾ ਵਿਖੇ ਕਰਵਾਏ ਸਮਾਗਮ ਦੌਰਾਨ ਉੱਦਮੀ ਮਹਿਲਾਵਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਬੀ.ਡੀ.ਪੀ.ਓ. ਬਲਜੀਤ ਸਿੰਘ, ਸੀਨੀਅਰ ਆਗੂ ਮੈਨੇਜਰ ਅਤਰ ਸਿੰਘ ਅਤੇ ਵੱਖ- ਵੱਖ ਉੱਦਮੀ ਮਹਿਲਾਵਾਂ ਮੌਜੂਦ ਸਨ।



ਜ਼ਿਲ੍ਹਾਂ ਪੰਚਾਇਤ ਰਿਸੋਰਸ ਸੈਂਟਰ ਬਟਾਲਾ ਵਿਖੇ ਕਰਵਾਏ ਸਮਾਗਮ ਦੌਰਾਨ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਸ.ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਨੂੰ ਆਰਥਿਕ ਪੱਧਰ ‘ਤੇ ਹੋਰ ਉੱਚਾ ਚੁੱਕਣ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ, ਜਿਸਦੇ ਚੱਲਦਿਆਂ ਸੈਲਫ ਹੈਲਪ ਗਰੁੱਪ ਰਾਹੀ ਔਰਤਾਂ ਨੂੰ ਸ਼ਾਨਦਾਰ ਪਲੇਟਫਾਰਮ ਮੁਹੱਈਆ ਕਰਵਾਇਆ ਗਿਆ ਹੈ।

ਉਨਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਦੇ ਪੰਜਾਬ ਰਾਜ ਦਿਹਾਤੀ ਆਜੀਵੀਕਾ ਮਿਸ਼ਨ ਰਾਹੀ ਔਰਤਾਂ ਨੂੰ ਖੇਤ ਤੋ ਰਸੋਈ ਅਤੇ ਸੇਵਾ ਤੋਂ ਸਵੈ ਨਿਰਭਰਤਾਂ ਤੋਂ ਅੱਗੇ ਵਧਾਇਆ ਹੈ।

ਉਨ੍ਹਾਂ ਮਹਿਲਾਵਾਂ ਨੂੰ ਅਪੀਲ ਕਰਦਿਆ ਕਿਹਾ ਕਿ ਉਹ ਖੁਦ ਦਾ ਕਾਰੋਬਾਰ ਕਰਨ ਅਤੇ ਆਪਣੀ ਪਹਿਚਾਣ ਬਣਾਉਣ। ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਦੀ ਪੂਰੀ ਸਹਾਇਤਾ ਕੀਤੀ ਜਾ ਰਹੀ ਹੈ।

ਇਸ ਮੌਕੇ ਅਮਰਪਾਲ ਸਿੰਘ ਡੀ.ਪੀ.ਐੱਮ, ਇੰਚਾਰਜ ਸੈਲਫ ਹੈਲਪ ਗਰੁੱਪ ਗੁਰਦਾਸਪੁਰ, ਵਰਿੰਦਰ ਸਿੰਘ ਅਤੇ ਸਿਮਰਨਜੀਤ ਸਿੰਘ, ਰੁਪਿੰਦਰ ਕੌਰ ਬੀ.ਮੀ.ਐੱਮ, ਭੁਪਿੰਦਰ ਸਿੰਘ, ਪੰਚਾਇਤ ਅਫਸਰ ਹਰਿੰਦਰਬੀਰ ਸਿੰਘ, ਮੈਡਮ ਸ਼੍ਰੀਮਤੀ ਮਨਮੀਤ ਕੌਰ, ਸ਼੍ਰੀਮਤੀ ਦਵਿੰਦਰ ਕੌਰ, ਰਣਜੀਤ ਸਿੰਘ, ਬਲਰਾਜ ਸਿੰਘ, ਸ਼੍ਰੀਮਤੀ ਨਰਿੰਦਰ ਕੌਰ, ਸ਼੍ਰੀਮਤੀ ਹਰਮੀਤ ਕੌਰ, ਸ਼੍ਰੀਮਤੀ ਪਰਮਜੀਤ, ਕੁਲਦੀਪ ਕੌਰ, ਰਮਨਪ੍ਰੀਤ ਕੌਰ, ਅਨੀਤਾ, ਸੋਸ਼ਲ ਵਰਕਰ ਯੁਵਿਕਾ ਅਦਿ ਹਾਜ਼ਰ ਸਨ।

# ਸਰਕਾਰੀ ਕਾਲਜ ਵਿਖੇ ਰਾਸ਼ਟਰੀ ਵਿਗਿਆਨ ਦਿਵਸ ਧੂਮਧਾਮ ਨਾਲ ਮਨਾਇਆ ਗਿਆ

**ਸੁਨਾਮ ਊਧਮ ਸਿੰਘ ਵਾਲਾ, 6 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸਰਕਾਰੀ ਕਾਲਜ ਵਿਖੇ ਰਾਸ਼ਟਰੀ ਵਿਗਿਆਨ ਦਿਵਸ ਮਨਾਉਣ ਸਬੰਧੀ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ ਵਿਗਿਆਨ ਵਿਭਾਗ ਵੱਲੋਂ ਕਾਲਜ ਪ੍ਰਿੰਸੀਪਲ ਪ੍ਰੋ. ਸ਼ਾਮ ਸੁੰਦਰ ਸ਼ਰਮਾ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤਾ ਗਿਆ ਸੀ।



ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੂੰ ਮਹਾਨ ਵਿਗਿਆਨੀ ਸਰ ਸੀ.ਵੀ. ਰਮਨ ਵੱਲੋਂ 1928 ਵਿੱਚ ਕੀਤੀ ਗਈ ਰਮਨ ਪ੍ਰਭਾਵ ਦੀ ਖੋਜ ਬਾਰੇ ਜਾਣਕਾਰੀ ਦਿੱਤੀ ਗਈ।

ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਪ੍ਰਿੰਸੀਪਲ ਪ੍ਰੋ. ਸ਼ਾਮ ਸੁੰਦਰ ਸ਼ਰਮਾ ਨੇ ਕਿਹਾ ਕਿ ਸਾਨੂੰ ਆਪਣੇ ਜੀਵਨ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਅਪਣਾਉਣਾ ਚਾਹੀਦਾ ਹੈ ਅਤੇ ਰੋਜ਼ਾਨਾ ਜੀਵਨ ਵਿੱਚ ਵਿਗਿਆਨ ਦੀ ਭੂਮਿਕਾ ਨੂੰ ਹੋਰ ਸਾਰਥਕ ਬਣਾਉਣ ਲਈ ਨਵੀਆਂ ਖੋਜਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਮੌਕੇ ਵਿਦਿਆਰਥੀਆਂ ਨੇ ਵੱਖ-ਵੱਖ ਵਿਗਿਆਨ ਵਿਸ਼ਿਆਂ ’ਤੇ ਆਕਰਸ਼ਕ ਕਾਰਜਸ਼ੀਲ ਮਾਡਲ ਤਿਆਰ ਕੀਤੇ, ਜਿਸਨੇ ਸਾਰਿਆਂ ਨੂੰ ਮੋਹਿਤ ਕਰ ਦਿੱਤਾ।

ਇਨ੍ਹਾਂ ਮਾਡਲਾਂ ਦਾ ਮੁਲਾਂਕਣ ਡਾ. ਅਚਲਾ, ਪ੍ਰੋ. ਸੰਦੀਪ ਕੌਰ, ਡਾ. ਰਮਨਦੀਪ ਕੌਰ, ਪ੍ਰੋ. ਰਜਨੀ ਹਰਜਾਈ, ਪ੍ਰੋ. ਜੋਤੀ ਅਤੇ ਪ੍ਰੋ. ਗੁਰਦੀਪ ਸਿੰਘ ਵੱਲੋਂ ਕੀਤਾ ਗਿਆ। ਇਸ ਮੁਕਾਬਲੇ ਦਾ ਨਿਰਣਾ ਗੁਰਦੀਪ ਸਿੰਘ ਨੇ ਕੀਤਾ।

ਇਹਨਾਂ ਮੁਕਾਬਲਿਆਂ ਵਿੱਚ ਕਮਲਪ੍ਰੀਤ ਕੌਰ, ਮਿਤਾਲੀ ਬਾਂਸਲ ਅਤੇ ਕਸ਼ਿਸ਼ ਗੁਪਤਾ ਨੇ ਪਹਿਲਾ ਸਥਾਨ, ਭੁਪਿੰਦਰ ਕੌਰ, ਈਸ਼ਾਨਵੀਰ ਸਿੰਘ ਅਤੇ ਹਰਸ਼ਿਤਾ ਨੇ ਦੂਜਾ ਸਥਾਨ, ਗੁਰਪ੍ਰੀਤ ਕੌਰ, ਸਿਮਰਨਪ੍ਰੀਤ ਕੌਰ ਅਤੇ ਪ੍ਰਾਚੀ ਗਰਗ ਨੇ ਤੀਜਾ ਸਥਾਨ ਅਤੇ ਮਹਿਕ, ਹਰਪ੍ਰੀਤ ਕੌਰ ਅਤੇ ਸਿਮਰਨਜੀਤ ਕੌਰ ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਨੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਇਨਾਮ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਰਣਜੀਤ ਸਿੰਘ, ਸੁਖਵਿੰਦਰ ਸਿੰਘ ਅਤੇ ਲਖਵਿੰਦਰ ਸਿੰਘ ਸਮੇਤ ਕਾਲਜ ਦਾ ਹੋਰ ਸਟਾਫ਼ ਵੀ ਮੌਜੂਦ ਸੀ।

# ਹੋਲੇ ਮਹੱਲੇ ਮੌਕੇ ਨੋ ਡਾਰਕ ਜ਼ੋਨ ਤਹਿਤ ਰੁਸ਼ਨਾਇਆ ਸ਼੍ਰੀ ਅਨੰਦਪੁਰ ਸਾਹਿਬ ਦਾ ਕੋਨਾ-ਕੋਨਾ



**ਸ੍ਰੀ ਆਨੰਦਪੁਰ ਸਾਹਿਬ, 6 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਖਾਲਸਾ ਪੰਥ ਦੇ ਕੌਮੀ ਤਿਉਹਾਰ ਹੋਲਾ ਮਹੱਲਾ ਮੌਕੇ ਪੰਜਾਬ ਸਰਕਾਰ ਵੱਲੋਂ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਆ ਰਹੀਆਂ ਲੱਖਾਂ ਸੰਗਤਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸਾਰੇ ਲੋੜੀਂਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਪਿਛਲੇ ਸਾਲ ਹੋਲੇ ਮਹੱਲੇ ਦੌਰਾਨ ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਨਿਵੇਕਲੇ ਅਤੇ ਵਿਸ਼ੇਸ਼ ਉਪਰਾਲੇ ਤਹਿਤ ਸ਼ਹਿਰ ਨੂੰ ਨੋ ਡਾਰਕ ਜ਼ੋਨ ਘੋਸ਼ਿਤ ਕੀਤਾ ਗਿਆ ਸੀ। ਇਸ ਵਾਰ ਵੀ ਉਸੇ ਲੜੀ ਤਹਿਤ ਸ਼ਹਿਰ ਨੂੰ ਮੁੜ ਨੋ ਡਾਰਕ ਜ਼ੋਨ ਐਲਾਨਿਆ ਗਿਆ ਹੈ।

ਸ਼ਹਿਰ ਦੇ ਸਾਰੇ ਚੌਕਾਂ, ਗਲੀਆਂ ਅਤੇ ਬਾਜ਼ਾਰਾਂ ਵਿੱਚ ਰੰਗ-ਬਿਰੰਗੀਆਂ ਬਿਜਲੀ ਲੜੀਆਂ ਲਗਾਈਆਂ ਗਈਆਂ ਹਨ, ਜੋ ਸੰਗਤਾਂ ਲਈ ਖਿੱਚ ਦਾ ਕੇਂਦਰ ਬਣ ਰਹੀਆਂ ਹਨ। ਬੱਸ ਅੱਡਾ, ਮੁੱਖ ਮਾਰਗ, ਤਖਤ ਸ਼੍ਰੀ ਕੇਸਗੜ੍ਹ ਸਾਹਿਬ ਤੋਂ ਗੁਰਦੁਆਰਾ ਭੋਰਾ ਸਾਹਿਬ ਤੱਕ, ਤਖਤ ਸਾਹਿਬ ਤੋਂ ਕਿਲ੍ਹਾ ਅਨੰਦਗੜ੍ਹ ਸਾਹਿਬ, ਨਵੀਂ ਆਬਾਦੀ, ਪੰਜ ਪਿਆਰਾ ਪਾਰਕ, ਕਚਹਿਰੀ ਚੌਂਕ, ਸਵਾਗਤੀ ਗੇਟ ਸਮੇਤ ਸ਼ਹਿਰ ਦੇ ਕਈ ਹੋਰ ਹਿੱਸਿਆਂ ਵਿੱਚ ਸੁੰਦਰ ਲਾਈਟਾਂ ਲਗਾਈਆਂ ਗਈਆਂ ਹਨ।

ਰਾਤ ਦੇ ਸਮੇਂ ਸੰਗਤਾਂ ਵੱਡੀ ਗਿਣਤੀ ਵਿੱਚ ਇਨ੍ਹਾਂ ਰੌਸ਼ਨੀਆਂ ਨਾਲ ਸਜੇ ਨਜ਼ਾਰਿਆਂ ਨਾਲ ਫੋਟੋਆਂ ਖਿੱਚਦੀਆਂ ਨਜ਼ਰ ਆ ਰਹੀਆਂ ਹਨ ਅਤੇ ਇਸ ਅਲੌਕਿਕ ਦ੍ਰਿਸ਼ ਨੂੰ ਆਪਣੇ ਕੈਮਰਿਆਂ ਵਿੱਚ ਕੈਦ ਕਰ ਰਹੀਆਂ ਹਨ।

ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਹੋਲਾ ਮਹੱਲਾ ਸਿੱਖ ਪੰਥ ਦਾ ਕੌਮੀ ਤਿਉਹਾਰ ਹੈ, ਜਿਸ ਨੂੰ ਮਨਾਉਣ ਲਈ ਸੰਗਤਾਂ ਸਿਰਫ਼ ਪੰਜਾਬਬੱਸ ਅੱਡਾ, ਮੁੱਖ ਮਾਰਗ, ਤਖਤ ਸ਼੍ਰੀ ਕੇਸਗੜ੍ਹ ਸਾਹਿਬ ਤੋਂ ਗੁਰਦੁਆਰਾ ਭੋਰਾ ਸਾਹਿਬ ਤੱਕ, ਤਖਤ ਸਾਹਿਬ ਜਾਂ ਭਾਰਤ ਤੋਂ ਹੀ ਨਹੀਂ, ਸਗੋਂ ਦੁਨੀਆ ਭਰ ਤੋਂ ਵੱਡੀ ਗਿਣਤੀ ਵਿੱਚ ਸ਼੍ਰੀ ਅਨੰਦਪੁਰ ਸਾਹਿਬ ਪਹੁੰਚਦੀਆਂ ਹਨ। ਉਨ੍ਹਾਂ ਕਿਹਾ ਕਿ ਸੰਗਤਾਂ ਦੀ ਸੇਵਾ ਕਰਨਾ ਸਾਡਾ ਸਭ ਤੋਂ ਵੱਡਾ ਬੱਸ ਅੱਡਾ, ਮੁੱਖ ਮਾਰਗ, ਤਖਤ ਸ਼੍ਰੀ ਕੇਸਗੜ੍ਹ ਸਾਹਿਬ ਤੋਂ ਗੁਰਦੁਆਰਾ ਭੋਰਾ ਸਾਹਿਬ ਤੱਕ, ਤਖਤ ਸਾਹਿਬ ਤੋਂ ਕਿਲ੍ਹਾ ਅਨੰਦਗੜ੍ਹ ਸਾਹਿਬ, ਨਵੀਂ ਆਬਾਦੀ, ਪੰਜ ਪਿਆਰਾ ਪਾਰਕ, ਕਚਹਿਰੀ ਚੌਂਕ, ਸਵਾਗਤੀ ਗੇਟ ਸਮੇਤ ਸ਼ਹਿਰ ਦੇ ਕਈ ਹੋਰ ਹਿੱਸਿਆਂ ਵਿੱਚ ਸੁੰਦਰ ਲਾਈਟਾਂ ਲਗਾਈਆਂ ਗਈਆਂ ਹਨ। ਫਰਜ਼ ਹੈ ਅਤੇ ਪੰਜਾਬ ਸਰਕਾਰ ਇਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# 64 ਦਿਨਾਂ ਤੋਂ ਸੜਕਾਂ ’ਤੇ ਸੰਘਰਸ਼ ਕਰ ਰਹੇ ਅਪ੍ਰੈਂਟਿਸ ਨੌਜਵਾਨ, ਸਰਕਾਰ ਦੀ ਚੁੱਪ ’ਤੇ ਸਵਾਲ

**ਪਟਿਆਲਾ, 6 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਲੱਖ ਨੌਕਰੀਆਂ ਦੇ ਦਾਅਵੇ ਕਰਨ ਵਾਲੀ ਪੰਜਾਬ ਸਰਕਾਰ ਦੀ ਨੀਤੀਆਂ ’ਤੇ ਉਸ ਵੇਲੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ, ਜਦੋਂ ਪਟਿਆਲਾ ਦੀਆਂ ਸੜਕਾਂ ’ਤੇ ਸਰਕਾਰੀ ਤਕਨੀਕੀ ਡਿਪਲੋਮਾ ਅਤੇ ਡਿਗਰੀ ਧਾਰਕ ਨੌਜਵਾਨ ਪਿਛਲੇ 64 ਦਿਨਾਂ ਤੋਂ ਧਰਨਾ ਦੇ ਰਹੇ ਹਨ।



ਆਲ ਡਿਪਲੋਮਾ/ਡਿਗਰੀ ਅਪ੍ਰੈਂਟਿਸ ਯੂਨੀਅਨ ਵੱਲੋਂ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਮੁੱਖ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨ ਦੌਰਾਨ ਨੌਜਵਾਨਾਂ ਨੇ ਨਾਰੇਬਾਜ਼ੀ ਕਰਕੇ ਸਰਕਾਰ ਅਤੇ ਸੰਬੰਧਿਤ ਵਿਭਾਗਾਂ ਦਾ ਧਿਆਨ ਆਪਣੀ ਸਮੱਸਿਆ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ। ਯੂਨੀਅਨ ਆਗੂਆਂ ਨੇ ਦੱਸਿਆ ਕਿ ਸਾਲ 2005 ਤੋਂ ਲਗਾਤਾਰ ਤਕਨੀਕੀ ਡਿਪਲੋਮਾ ਅਤੇ ਡਿਗਰੀ ਧਾਰਕ ਨੌਜਵਾਨਾਂ ਨੂੰ ਸਕਿੱਲ ਡਿਵੈਲਪਮੈਂਟ ਦੇ ਨਾਮ ’ਤੇ ਅਪ੍ਰੈਂਟਿਸਸ਼ਿਪ ਕਰਵਾਈ ਜਾ ਰਹੀ ਹੈ। ਇੱਕ ਸਾਲ ਦੀ ਟ੍ਰੇਨਿੰਗ ਦੌਰਾਨ ਉਨ੍ਹਾਂ ਤੋਂ ਰੈਗੂਲਰ ਕਰਮਚਾਰੀਆਂ ਵਾਂਗ ਗ੍ਰਿਡ ਸਟੇਸ਼ਨ, ਸਬ-ਸਟੇਸ਼ਨ ਅਤੇ ਫੀਲਡ ਵਿੱਚ ਪੂਰੀ ਜ਼ਿੰਮੇਵਾਰੀ ਨਾਲ ਕੰਮ ਲਿਆ ਜਾਂਦਾ ਹੈ, ਪਰ ਟ੍ਰੇਨਿੰਗ ਪੂਰੀ ਹੋਣ ਮਗਰੋਂ ਨਾ ਤਾਂ ਪੱਕੀ ਨੌਕਰੀ ਦਿੱਤੀ ਜਾਂਦੀ ਹੈ ਅਤੇ ਨਾ ਹੀ ਭਰਤੀ ਪ੍ਰਕਿਰਿਆ ਵਿੱਚ ਕੋਈ ਤਰਜੀਹ ਮਿਲਦੀ ਹੈ।

ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਇਹ ਮਾਮਲਾ ਸਿਰਫ਼ ਰੋਜ਼ਗਾਰ ਤੱਕ ਸੀਮਿਤ ਨਹੀਂ, ਸਗੋਂ ਨੌਜਵਾਨਾਂ ਦੇ ਭਵਿੱਖ, ਇੱਜ਼ਤ ਅਤੇ ਮਾਨਸਿਕ ਸਿਹਤ ਨਾਲ ਸਿੱਧਾ ਜੁੜਿਆ ਹੋਇਆ ਹੈ। ਯੋਗਤਾ, ਵਿਭਾਗੀ ਟ੍ਰੇਨਿੰਗ ਅਤੇ ਤਜਰਬੇ ਦੇ ਬਾਵਜੂਦ ਨੌਜਵਾਨ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੇ ਹਨ। ਪਿਛਲੇ 64 ਦਿਨਾਂ ਤੋਂ ਨੌਜਵਾਨ ਖੁੱਲ੍ਹੇ ਆਸਮਾਨ ਹੇਠਾਂ ਫੁਟਪਾਥਾਂ ’ਤੇ ਰਹਿ ਕੇ ਸ਼ਾਂਤੀਪੂਰਵਕ ਸੰਘਰਸ਼ ਕਰ ਰਹੇ ਹਨ, ਪਰ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਕੋਈ ਸੰਵੇਦਨਸ਼ੀਲ ਰਵੱਈਆ ਨਹੀਂ ਅਪਣਾਇਆ ਗਿਆ। ਯੂਨੀਅਨ ਨੇ ਦੋਸ਼ ਲਗਾਇਆ ਕਿ ਕਈ ਵਾਰ ਸੰਬੰਧਿਤ ਅਧਿਕਾਰੀਆਂ ਨਾਲ ਮਿਲਣ ਦੀ ਕੋਸ਼ਿਸ਼ ਕੀਤੀ ਗਈ, ਪਰ ਉਚਿਤ ਸੁਣਵਾਈ ਨਹੀਂ ਹੋਈ। ਸਾਲਾਂ ਦੀ ਪੜ੍ਹਾਈ ਅਤੇ ਤਕਨੀਕੀ ਸੇਵਾ ਦੇ ਬਾਵਜੂਦ ਜਦੋਂ ਨੌਜਵਾਨਾਂ ਨੂੰ ਮੌਕਾ ਨਹੀਂ ਮਿਲਦਾ, ਤਾਂ ਇਹ ਸੂਬੇ ਦੀ ਤਕਨੀਕੀ ਸਿੱਖਿਆ ਪ੍ਰਣਾਲੀ ਅਤੇ ਸਰਕਾਰੀ ਦਾਅਵਿਆਂ ’ਤੇ ਗੰਭੀਰ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ। ਨੌਜਵਾਨਾਂ ਨੇ ਕਿਹਾ ਕਿ ਇੱਕ ਪਾਸੇ ਸਰਕਾਰ ਵੱਲੋਂ ਵੱਡੇ ਪੱਧਰ ’ਤੇ ਨੌਕਰੀਆਂ ਦੇਣ ਦੇ ਦਾਅਵੇ ਕੀਤੇ ਜਾਂਦੇ ਹਨ, ਪਰ ਦੂਜੇ ਪਾਸੇ ਉਹੀ ਤਕਨੀਕੀ ਨੌਜਵਾਨ, ਜੋ ਵਿਭਾਗਾਂ ਵਿੱਚ ਪ੍ਰੈਕਟਿਕਲ ਤਜਰਬਾ ਹਾਸਲ ਕਰ ਚੁੱਕੇ ਹਨ, ਅੱਜ ਸੜਕਾਂ ’ਤੇ ਧਰਨੇ ਦੇਣ ਲਈ ਮਜਬੂਰ ਹਨ। ਇਸ ਕਾਰਨ ਸੂਬੇ ਦੀ ਨੌਜਵਾਨੀ ਵਿੱਚ ਨਿਰਾਸ਼ਾ ਅਤੇ ਅਸੁਰੱਖਿਆ ਦੀ ਭਾਵਨਾ ਵਧ ਰਹੀ ਹੈ।

# ਪੀ.ਐਮ -ਕਿਸਾਨ ਅਤੇ ਐਗਰੀਸਟੈਕ ਫਾਰਮਰ ਰਜਿਸਟਰੀ (ਐਫ.ਆਰ ) ਸਬੰਧੀ ਖੇਤੀਬਾੜੀ ਵਿਭਾਗ ਵੱਲੋਂ ਮਹੱਤਵਪੂਰਨ ਜਾਣਕਾਰੀ

**ਫਾਜ਼ਿਲਕਾ, 6 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲਾ ਮੁੱਖ ਖੇਤੀਬਾੜੀ ਅਫ਼ਸਰ ਫਾਜ਼ਿਲਕਾ ਡਾ. ਹਰਪ੍ਰੀਤਪਾਲ ਕੌਰ ਨੇ ਦੱਸਿਆ ਕਿ ਐਗ੍ਰੀਸਟੈਕ ਫਾਰਮਰ ਰਜਿਸਟਰੀ ਤਹਿਤ ਕਿਸਾਨ ਆਈ.ਡੀ. ਤਿਆਰ ਕਰਨ ਦੀ ਪ੍ਰਕਿਰਿਆ ਇਸ ਸਮੇਂ ਜ਼ਿਲ੍ਹੇ ਵਿੱਚ ਚੱਲ ਰਹੀ ਹੈ।



ਸਮੂਹ ਕਿਸਾਨ ਵੀਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੁਣ ਤੋਂ ਬਾਅਦ ਪ੍ਰਧਾਨ ਮੰਤਰੀ ਕਿਸਾਨ ਸਮਾਨ ਨਿਧੀ (ਪੀ.ਐਮ -ਕਿਸਾਨ) ਯੋਜਨਾ ਦਾ ਲਾਭ ਲੈਣ ਲਈ ਫਾਰਮਰ ਆਈ.ਡੀ. ਦਾ ਪੀ.ਐਮ -ਕਿਸਾਨ ਡਾਟਾਬੇਸ ਨਾਲ ਸੀਡਿੰਗ ਕਰਨਾ ਲਾਜ਼ਮੀ ਹੋਵੇਗਾ। ਸਿਰਫ ਉਹੀ ਕਿਸਾਨ ਯੋਜਨਾ ਦਾ ਲਾਭ ਪ੍ਰਾਪਤ ਕਰ ਸਕਣਗੇ ਜਿਨ੍ਹਾਂ ਦੀ ਫਾਰਮਰ ਆਈ.ਡੀ. ਤਿਆਰ ਹੋ ਚੁੱਕੀ ਹੋਵੇਗੀ ਅਤੇ ਉਹ ਪੀ.ਐਮ -ਕਿਸਾਨ ਡਾਟਾਬੇਸ ਨਾਲ ਜੋੜੀ ਹੋਵੇਗੀ।

ਫਾਰਮਰ ਆਈ.ਡੀ. ਬਣਾਉਣ ਦਾ ਕੰਮ ਕਾਮਨ ਸਰਵਿਸ ਸੈਂਟਰਾਂ (CSC) ਰਾਹੀਂ ਕੀਤਾ ਜਾ ਰਿਹਾ ਹੈ। ਪਿੰਡ ਪੱਧਰ ‘ਤੇ ਇਹ ਕੰਮ ਵਿਲੇਜ ਲੈਵਲ ਇੰਟਰਪ੍ਰਿਨਿਊਰ (VLE) ਵੱਲੋਂ ਕੀਤਾ ਜਾ ਰਿਹਾ ਹੈ। ਕਿਸਾਨ ਆਪਣੇ ਨੇੜਲੇ ਕਾਮਨ ਸਰਵਿਸ ਸੈਂਟਰ ‘ਤੇ ਜਾ ਕੇ ਜ਼ਰੂਰੀ ਦਸਤਾਵੇਜ਼ਾਂ ਨਾਲ ਆਪਣੀ ਫਾਰਮਰ ਆਈ.ਡੀ. ਬਣਵਾ ਸਕਦੇ ਹਨ। ਮੁੱਖ ਖੇਤੀਬਾੜੀ ਅਫਸਰ ਡਾ. ਹਰਪ੍ਰੀਤਪਾਲ ਕੌਰ ਨੇ ਜਿਲ੍ਹੇ ਦੇ ਸਾਰੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਜਲਦੀ ਤੋਂ ਜਲਦੀ ਆਪਣੀ ਫਾਰਮਰ ਆਈ.ਡੀ. ਬਣਵਾ ਲੈਣ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਸਰਕਾਰੀ ਯੋਜਨਾ, ਖਾਸ ਕਰਕੇ ਪੀ.ਐਮ -ਕਿਸਾਨ ਦੇ ਲਾਭ ਤੋਂ ਵਾਂਝੇ ਨਾ ਰਹਿਣ।

# ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਕੈਂਪਸ ਵਿਖੇ ਬੇਸਿਕ ਕੰਪਿਊਟਰ ਕੋਰਸ ਸ਼ੁਰ

**ਹੁਸ਼ਿਆਰਪੁਰ, 6 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਵਿਖੇ ਚੱਲ ਰਹੇ ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਕੈਂਪਸ ਵਿਖੇ ਤਿੰਨ ਮਹੀਨੇ ਦਾ ਬੇਸਿਕ ਕੰਪਿਊਟਰ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਦਿੰਦਿਆਂ ਇੰਸਟੀਚਿਊਟ ਦੇ ਡਾਇਰੈਕਟਰ ਲੈਫ. ਕਰਨਲ ਸਰਬਜੀਤ ਸਿੰਘ ਸੈਣੀ (ਰਿਟਾ.) ਨੇ ਦੱਸਿਆ ਕਿ ਇਸ ਕੋਰਸ ਲਈ ਘੱਟ ਤੋਂ ਘੱਟ ਯੋਗਤਾ 10ਵੀਂ ਪਾਸ ਹੋਣੀ ਚਾਹੀਦੀ ਹੈ। ਇਸ ਵਿੱਚ 75 ਫੀਸਦੀ ਜ਼ਿਲ੍ਹੇ ਦੇ ਸਾਬਕਾ ਸੈਨਿਕ ਅਤੇ ਇਨ੍ਹਾਂ ਤੋਂ ਇਲਾਵਾ 25 ਫੀਸਦੀ ਬਾਕੀ ਰਿਜ਼ਰਵ ਕੈਟੇਗਰੀ (ਐਸ ਸੀ/ਐਸ ਟੀ/ਬੀ ਸੀ) ਅਤੇ ਹੋਰ ਗਰੀਬ ਪਰਿਵਾਰਾਂ ਦੇ ਵਿਦਿਆਰਥੀ ਵੀ ਦਾਖਲਾ ਲੈ ਸਕਦੇ ਹਨ।

ਇੰਸਟੀਚਿਊਟ ਦੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਸੈਣੀ ਨੇ ਦੱਸਿਆ ਕਿ ਇਨ੍ਹਾਂ ਕੋਰਸਾਂ ਵਿੱਚ ਬੱਚਿਆਂ ਨੂੰ ਐਮ.ਐਸ. ਵਰਡ, ਐਮ.ਐਸ. ਐਕਸਲ, ਐਮ.ਐਸ. ਪਾਵਰਪੁਆਇੰਟ, ਪ੍ਰੋਗਰੈਮਿੰਗ ਇੰਨ ਜਾਵਾ, ਪ੍ਰੋਗਰੈਮਿੰਗ ਇਨ ਸੀ ਪਲੱਸ ਪਲੱਸ, ਐਚ ਟੀ ਐਮ ਐਲ, ਪ੍ਰਿੰਟਿੰਗ, ਸਕੈਨਿੰਗ, ਈ- ਮੇਲਿੰਗ ਆਦਿ ਤੋਂ ਇਲਾਵਾ ਪੰਜਾਬੀ ਅਤੇ ਇੰਗਲਿਸ਼ ਟਾਈਪਿੰਗ ਵੀ ਸਿਖਾਈ ਜਾਵੇਗੀ। ਇੱਥੇ ਵਿਦਿਆਰਥੀਆਂ ਲਈ ਲਿਖਤੀ ਪੜ੍ਹਾਈ ਦੇ ਨਾਲ ਨਾਲ ਪ੍ਰੈਕਟੀਕਲ ਕਲਾਸਾਂ ‘ਤੇ ਖਾਸ ਧਿਆਨ ਦਿੱਤਾ ਜਾਂਦਾ ਹੈ। ਕੋਰਸ ਖਤਮ ਹੋਣ ਤੋਂ ਬਾਅਦ ਵਿਦਿਆਰਥੀਆਂ ਨੂੰ ਆਈ.ਐਸ.ਓ ਤੋਂ ਪ੍ਰਮਾਣਿਤ ਸਰਟੀਫਿਕੇਟ ਵੀ ਦਿੱਤਾ ਜਾਂਦਾ ਹੈ, ਤਾਂ ਜੋ ਉਹ ਕਿਸੀ ਵੀ ਸਰਕਾਰੀ ਨੌਕਰੀ ਦੀ ਮੁੱਢਲੀ ਲੋੜ(120 ਘੰਟੇ ਦੀ ਪੜ੍ਹਾਈ) ਨੂੰ ਪੂਰਾ ਕਰਕੇ ਆਪਣੇ ਪੈਰ੍ਹਾਂ ਤੇ ਖੜੇ ਹੋ ਕੇ ਆਪਣੀ ਜ਼ਿੰਦਗੀ ਦਾ ਨਿਰਵਾਹ ਚੰਗੇ ਢੰਗ ਨਾਲ ਕਰ ਸਕਣ। ਵਧੇਰੇ ਜਾਣਕਾਰੀ ਲਈ ਦਫ਼ਤਰ ਵਿਖੇ ਕਿਸੇ ਵੀ ਕੰਮ-ਕਾਜ ਵਾਲੇ ਦਿਨ ਵਿਜ਼ਟ ਕੀਤੀ ਜਾ ਸਕਦੀ ਹੈ ਅਤੇ ਫੋਨ ਨੰਬਰ ਨੰਬਰ 94786-18790, 98157-05178, 01882—246812 ‘ਤੇ ਵੀ ਸੰਪਰਕ ਵੀ ਕੀਤਾ ਜਾ ਸਕਦਾ ਹੈ।

# ਰੈਡ ਕਰਾਸ ਸੁਸਾਇਟੀ ਸੁਸਾਇਟੀ ਵੱਲੋਂ ਦਿਵਿਆਂਗਜਨ ਲਈ ਮੈਗਾ ਕੈਂਪ 7 ਨੂੰ

**ਹੁਸ਼ਿਆਰਪੁਰ, 6 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਆਸ਼ਿਕਾ ਜੈਨ ਨੇ ਦੱਸਿਆ ਕਿ ਰੈਡ ਕਰਾਸ ਸੁਸਾਇਟੀ ਵੱਲੋਂ ਦਿਵਿਆਂਗਜਨਾਂ ਦੀ ਭਲਾਈ ਲਈ ਇੱਕ ਮੈਗਾ ਕੈਂਪ ਲਗਾਇਆ ਰਿਹਾ ਹੈ।



ਇਸ ਕੈਂਪ ਵਿੱਚ ਦਿਵਿਆਂਗ ਵਿਅਕਤੀਆਂ ਨੂੰ ਸਹਾਇਕ ਉਪਕਰਨ ਜਿਵੇਂ ਕਿ ਵੀਲ੍ਹ ਚੇਅਰ, ਕੰਨਾਂ ਦੀਆਂ ਮਸ਼ੀਨਾਂ, ਕੈਲੀਪਰ ਫਾਰ ਪੋਲੀਓ ਪੇਸ਼ੈਂਟ, ਬੈਸਾਖੀਆਂ, ਕੂਹਣੀ ਬੈਸਾਖੀਆਂ ਅਤੇ ਬਨਵਾਟੀ ਅੰਗ ਜਿਵੇਂ ਬਨਵਾਟੀ ਹੱਥ ਅਤੇ ਬਨਾਵਟੀ ਲੱਤਾ ਆਦਿ ਮੁਫ਼ਤ ਵੰਡੇ ਜਾਣਗੇ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਕੱਤਰ ਜ਼ਿਲ੍ਹਾ ਰੈਡ ਕਰਾਸ ਮੰਗੇਸ਼ ਸੂਦ ਨੇ ਦੱਸਿਆ ਕਿ ਜਿਹੜੇ ਦਿਵਿਆਂਗ ਵਿਅਕਤੀ ਇਸ ਕੈਂਪ ਦਾ ਲਾਭ ਲੈਣਾ ਚਾਹੁੰਦੇ ਹਨ, ਉਹ 07 ਮਾਰਚ ਤੱਕ ਆਪਣੀਆਂ ਅਰਜ਼ੀਆਂ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਦਫ਼ਤਰ ਵਿਖੇ ਦਿਨ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਨਿੱਜੀ ਤੌਰ ‘ਤੇ ਹਾਜ਼ਰ ਹੋ ਕੇ ਜਮ੍ਹਾਂ ਕਰਵਾ ਸਕਦੇ ਹਨ ਜਾਂ ਮੋਬਾਇਲ ਨੰਬਰ 81462-41296 ‘ਤੇ ਫੋਨ ਕਰਕੇ ਆਪਣਾ ਨਾਮ ਦਰਜ ਕਰਵਾ ਸਕਦੇ ਹਨ। ਇਸ ਕੈਂਪ ਵਿੱਚ ਸ਼ਾਮਲ ਹੋਏ ਦਿਵਿਆਂਗਾਂ ਨੂੰ 30 ਦਿਨਾਂ ਦੇ ਅੰਦਰ- ਅੰਦਰ ਸਹਾਇਕ ਉਪਕਰਣ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਸਮੂਹ ਦਿਵਿਆਂਗਜਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਸੁਨਹਿਰੀ ਮੌਕੇ ਦਾ ਲਾਭ ਉਠਾਉਣ ਅਤੇ ਆਪਣੀ ਜ਼ਰੂਰਤ ਅਨੁਸਾਰ ਸਹਾਇਕ ਉਪਕਰਣ ਲੈਣ ਲਈ ਨਿਰਧਾਰਤ ਮਿਤੀ ਤੱਕ ਆਪਣੀ ਰਜਿਸਟ੍ਰੇਸ਼ਨ ਰੈੱਡ ਕਰਾਸ ਦਫਤਰ, ਹੁਸ਼ਿਆਰਪੁਰ ਵਿਖੇ ਕਰਵਾਉਣ।

# 10 ਮਾਰਚ ਨੂੰ ਤਹਿਸੀਲ ਕੰਪਲੈਕਸ ‘ਚ ਵੱਖ-ਵੱਖ ਠੇਕਿਆਂ ਦੀ ਖੁੱਲ੍ਹੀ ਨਿਲਾਮੀ : ਐਸਡੀਐਮ

**ਹੁਸ਼ਿਆਰਪੁਰ, 6 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਉਪ ਮੰਡਲ ਮੈਜਿਸਟ੍ਰੇਟ ( ਐਸ.ਡੀ.ਐਮ) ਹੁਸ਼ਿਆਰਪੁਰ ਅਮਨਦੀਪ ਕੌਰ ਘੁੰਮਣ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿੱਤੀ ਸਾਲ 2026-27 ਲਈ ਤਹਿਸੀਲ ਕੰਪਲੈਕਸ, ਹੁਸ਼ਿਆਰਪੁਰ ਵਿਖੇ ਵੱਖ-ਵੱਖ ਠੇਕਿਆਂ ਦੀ ਖੁੱਲ੍ਹੀ ਨਿਲਾਮੀ 10 ਮਾਰਚ 2026 ਨੂੰ ਸਵੇਰੇ 11 ਵਜੇ ਤਹਿਸੀਲ ਕੰਪਲੈਕਸ ਹੁਸ਼ਿਆਰਪੁਰ ਵਿਖੇ ਕੀਤੀ ਜਾਵੇਗੀ। ਨਿਲਾਮੀ ਦੀ ਪ੍ਰਕਿਰਿਆ ਤਹਿਸੀਲਦਾਰ ਹੁਸ਼ਿਆਰਪੁਰ ਦੀ ਪ੍ਰਧਾਨਗੀ ਵਿਚ ਸਮਾਪਤ ਹੋਵੇਗੀ। ਉਨ੍ਹਾਂ ਦੱਸਿਆ ਕਿ ਹਰੇਕ ਚਾਹਵਾਨ ਬੋਲੀਕਾਰ ਨੂੰ ਬੋਲੀ ਲਗਾਉਣ ਤੋਂ ਪਹਿਲਾਂ 10 ਹਜ਼ਾਰ ਰੁਪਏ ਸਕਿਉਰਿਟੀ ਰਾਸ਼ੀ ਦੇ ਰੂਪ ਵਿਚ ਜਮ੍ਹਾਂ ਕਰਵਾਉਣੀ ਹੋਵੇਗੀ।

ਅਸਫਲ ਬੋਲੀਕਾਰਾਂ ਨੂੰ ਇਹ ਰਕਮ ਨਿਲਾਮੀ ਤੋਂ ਤੁਰੰਤ ਬਾਅਦ ਵਾਪਸ ਕਰ ਦਿੱਤੀ ਜਾਵੇਗੀ। ਜਿਨ੍ਹਾਂ ਵਿਅਕਤੀਆਂ ਜਾਂ ਮੌਜੂਦਾ ਠੇਕੇਦਾਰਾਂ ਵੱਲ ਕਿਸੇ ਤਰਾਂ ਦੀ ਸਰਕਾਰੀ ਬਕਾਇਆ ਰਾਸ਼ੀ ਹੋਵੇਗੀ, ਉਨ੍ਹਾਂ ਨੂੰ ਬੋਲੀ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਹੋਵੇਗੀ।

ਡਿਪਟੀ ਕਮਿਸ਼ਨਰ ਦਫ਼ਤਰ ਦੀਆਂ ਹਦਾਇਤਾਂ ਅਨੁਸਾਰ ਸਫਲ ਬੋਲਕਾਰ ਤੋਂ ਮੌਕੇ ‘ਤੇ ਕੁੱਲ ਬੋਲੀ ਰਕਮ ਦਾ 40 ਫੀਸਦੀ ਵਸੂਲ ਕੀਤੀ ਜਾਵੇਗੀ, ਜਦਕਿ ਬਾਕੀ 60 ਫੀਸਦੀ ਦੋ ਕਿਸ਼ਤਾਂ ਵਿੱਚ ਇਕੱਠਾ ਕੀਤਾ ਜਾਵੇਗਾ। ਇਨ੍ਹਾਂ ਵਿੱਚੋਂ 30 ਫੀਸਦੀ ਅਕਤੂਬਰ 2026 ਅਤੇ 30 ਫੀਸਦੀ ਜਨਵਰੀ 2027 ਵਿੱਚ ਜਮ੍ਹਾ ਕਰਵਾਉਣਾ ਲਾਜ਼ਮੀ ਹੋਵੇਗਾ। ਇਨ੍ਹਾਂ ਕਿਸ਼ਤਾਂ ਲਈ ਪੋਸਟ ਡੇਟਿਡ ਚੈੱਕ ਨਿਲਾਮੀ ਦੇ ਸਮੇਂ ਪ੍ਰਾਪਤ ਹੋਣਗੇ, ਜਿਨ੍ਹਾਂ ਨੇ ਨਿਰਧਾਰਤ ਮਿਤੀਆਂ ’ਤੇ ਬੈਂਕ ਨੂੰ ਪੇਸ਼ ਕੀਤੇ ਜਾਣਗੇ। ਨਿਰਧਾਰਤ ਮਿਤੀ ‘ਤੇ ਖਾਤੇ ਵਿੱਚ ਪਰਿਆਪਤ ਰਾਸ਼ੀ ਨਾ ਹੋਣ ਦੀ ਸੂਰਤ ਵਿਚ ਬੋਲੀ ਆਪਣੇ ਆਪ ਰੱਦ ਮੰਨੀ ਜਾਵੇਗੀ।

ਐਸ.ਡੀ.ਐਮ ਨੇ ਕਿਹਾ ਕਿ ਸਫਲ ਬੋਲੀਕਾਰ ਨੂੰ ਆਪਣੀ ਜਾਇਦਾਦ ਦੀ ਨਵੀਨਤਮ ਡੀਡ ਅਤੇ ਸਹਿ-ਕਰਜ਼ਾ ਲੈਣ ਵਾਲਿਆਂ ਦੇ ਵੇਰਵਿਆਂ ਦੇ ਨਾਲ ਲੋੜੀਂਦੇ ਦਸਤਾਵੇਜ਼ ਜਮ੍ਹਾ ਕਰਨੇ ਪੈਣਗੇ। ਨਿਲਾਮੀ ਨਾਲ ਸਬੰਧਤ ਸਾਰੇ ਨਿਯਮ ਅਤੇ ਸ਼ਰਤਾਂ ਹੁਸ਼ਿਆਰਪੁਰ ਜ਼ਿਲ੍ਹਾ ਪ੍ਰਸ਼ਾਸਨ ਦੀ ਅਧਿਕਾਰਤ ਵੈੱਬਸਾਈਟ ’ਤੇ ਉਪਲਬਧ ਹਨ।

ਉਨ੍ਹਾਂ ਸਪੱਸ਼ਟ ਕੀਤਾ ਕਿ ਠੇਕੇ ਦੀ ਮਿਆਦ 1 ਅਪ੍ਰੈਲ, 2026 ਤੋਂ 31 ਮਾਰਚ, 2027 ਤੱਕ ਹੋਵੇਗੀ। ਇਕਰਾਰਨਾਮੇ ਦੀ ਮਿਆਦ ਖਤਮ ਹੋਣ ’ਤੇ ਇਮਾਰਤ ਖਾਲੀ ਕਰਨਾ ਲਾਜ਼ਮੀ ਹੋਵੇਗਾ।

ਨਿਯਮਾਂ ਦੀ ਉਲੰਘਣਾ ਕਰਨ,ਠੇਕਾ ਕਿਸੇ ਹੋਰ ਨੂੰ ਸੌਂਪਣ ਜਾਂ ਕੋਈ ਸ਼ਿਕਾਇਤ ਸਾਬਤ ਹੋਣ ਦੀ ਸੂਰਤ ਵਿੱਚ, ਠੇਕਾ ਰੱਦ ਕਰ ਦਿੱਤਾ ਜਾਵੇਗਾ ਅਤੇ ਜਮ੍ਹਾਂ ਰਕਮ ਅਤੇ ਸੁਰੱਖਿਆ ਦੀ ਰਕਮ ਜ਼ਬਤ ਕਰ ਲਈ ਜਾਵੇਗੀ।

ਨਿਲਾਮੀ ਵਿੱਚ ਤਹਿਸੀਲ ਕੰਪਲੈਕਸ ਹੁਸ਼ਿਆਰਪੁਰ ਦੇ ਫੋਟੋਗ੍ਰਾਫੀ ਦੇ ਠੇਕੇ, ਫਾਰਮ ਪ੍ਰਿੰਟਿੰਗ, ਪਾਰਕਿੰਗ ਅਤੇ ਚਾਹ ਕੰਟੀਨ, ਅਤੇ ਸਬ-ਤਹਿਸੀਲ ਕੰਪਲੈਕਸ ਭੂੰਗਾ ਅਤੇ ਸ਼ਾਮਚੌਰਾਸੀ ਦੇ ਫੋਟੋਗ੍ਰਾਫੀ ਦੇ ਠੇਕੇ ਸ਼ਾਮਲ ਹਨ। ਐਸਡੀਐਮ ਨੇ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਨੂੰ ਨਿਰਧਾਰਤ ਸਮੇਂ ’ਤੇ ਹਾਜ਼ਰ ਹੋਣ ਅਤੇ ਨਿਲਾਮੀ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ ਹੈ।

# ਅਮ੍ਰਿਤਸਰ ਹਵਾਈ ਅੱਡੇ ਤੇ 10 ਉਡਾਣਾਂ ਰੱਦ

**ਅੰਮ੍ਰਿਤਸਰ, 6 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ ਅਤੇ ਇਜ਼ਰਾਈਲ ਵੱਲੋਂ ਇਰਾਨ ’ਤੇ ਕੀਤੇ ਗਏ ਸਾਂਝੇ ਹਮਲਿਆਂ ਤੋਂ ਬਾਅਦ ਮੱਧ ਪੂਰਬ ਵਿੱਚ ਹਵਾਈ ਖੇਤਰ (airspace) ਬੰਦ ਹੋਣ ਕਾਰਨ ਅੰਮ੍ਰਿਤਸਰ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ 10 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਜਾਣਕਾਰੀ ਅਨੁਸਾਰ, ਕਤਰ ਏਅਰਵੇਜ਼ ਦੀਆਂ ਦੋਹਾ ਤੋਂ ਅੰਮ੍ਰਿਤਸਰ ਅਤੇ ਅੰਮ੍ਰਿਤਸਰ ਤੋਂ ਦੋਹਾ ਦੀਆਂ ਦੋ ਉਡਾਣਾਂ ਰੱਦ ਰਹੀਆਂ।



ਇਸੇ ਤਰ੍ਹਾਂ ਏਅਰ ਇੰਡੀਆ ਐਕਸਪ੍ਰੈਸ ਦੀਆਂ ਦੁਬਈ ਤੋਂ ਅੰਮ੍ਰਿਤਸਰ, ਅੰਮ੍ਰਿਤਸਰ ਤੋਂ ਸ਼ਾਰਜਾ, ਸ਼ਾਰਜਾ ਤੋਂ ਅੰਮ੍ਰਿਤਸਰ ਅਤੇ ਅੰਮ੍ਰਿਤਸਰ ਤੋਂ ਦੁਬਈ ਦੀਆਂ ਚਾਰ ਉਡਾਣਾਂ ਨੂੰ ਵੀ ਰੱਦ ਕਰ ਦਿੱਤਾ ਗਿਆ।

ਹਵਾਈ ਅੱਡਾ ਅਧਿਕਾਰੀਆਂ ਮੁਤਾਬਕ ਸਪਾਈਸਜੈੱਟ ਦੀਆਂ ਦੁਬਈ-ਅੰਮ੍ਰਿਤਸਰ-ਦੁਬਈ ਅਤੇ ਇੰਡੀਗੋ ਦੀਆਂ ਸ਼ਾਰਜਾ-ਅੰਮ੍ਰਿਤਸਰ-ਸ਼ਾਰਜਾ ਦੀਆਂ ਦੋ-ਦੋ ਉਡਾਣਾਂ ਵੀ ਪ੍ਰਭਾਵਿਤ ਹੋਈਆਂ ਹਨ। ਜ਼ਿਕਰਯੋਗ ਹੈ ਕਿ ਸ਼ਨੀਵਾਰ ਨੂੰ ਵੀ ਦੁਬਈ ਅਤੇ ਸ਼ਾਰਜਾ ਜਾਣ ਵਾਲੀਆਂ ਕੁਝ ਉਡਾਣਾਂ ’ਤੇ ਇਸ ਸੰਕਟ ਦਾ ਅਸਰ ਦੇਖਣ ਨੂੰ ਮਿਲਿਆ ਸੀ।

## ਗ਼ਜ਼ਲ

ਹਵਾ ਆਈ ਤਾਂ ਦੀਵਾ ਆਸ
ਦਾ ਫਿਰ ਬੁੱਝਿਆ ਕੋਈ।
ਬਿਰਖ ਦੀ ਸ਼ਾਖ ਤੋਂ ਕਮਜ਼ੋਰ
ਪੱਤਾ ਟੁੱਟਿਆ ਕੋਈ।

ਬਹੁਤ ਆਏ ਅਸਾਂ ਦੀ ਜ਼ਿੰਦਗੀ
ਵਿਚ ਮਿਹਰਬਾਂ ਲੇਕਿਨ,
ਦਿਲਾਂ ਦੇ ਫ਼ਾਸਲੇ ਤੋਂ ਹੀ ਹਮੇਸ਼ਾ
ਲੰਘਿਆ ਕੋਈ।

ਕਿ ਐਸਾ ਹਾਦਸਾ ਹੋਇਆ,
ਅਜੇ ਤਕ ਯਾਦ ਹੈ ਮੈਨੂੰ,
ਜਦੋਂ ਦਿਲ ਖ਼ੂਬ ਰੋਇਆ ਸੀ,
ਉਦੋਂ ਸੀ ਹੱਸਿਆ ਕੋਈ।

ਤੁਸਾਂ ਦੀ ਮੱਸਿਆ ਸੀ ਪਰ ਬੜੇ
ਰੋਸ਼ਨ ਸਿਤਾਰੇ ਸੀ,
ਅਸਾਂ ਦੀ ਪੁੰਨਿਆਂ ਵਿਚ ਵੀ
ਨਾ ਤਾਰਾ ਲਿਸ਼ਕਿਆ ਕੋਈ।

ਕਿਸੇ ਮਹਿਬੂਬ ਨੂੰ ਮੈਂ ਆਪਣਾ
ਸੀ ਸਮਝਿਆ ਸਾਇਆ,
ਉਸੇ ਮਹਿਬੂਬ ਸਾਏ ਨੇ ਅਸਾਂ ਨੂੰ
ਸਮਝਿਆ ਕੋਈ।

ਹਮੇਸ਼ਾ ਦਰਦ, ਹੰਝੂ, ਠੋਕਰਾਂ,
ਬਦਨਾਮੀਆਂ ਮਿਲੀਆਂ,
ਮੈਂ ਆਪਣੀ ਜ਼ਿੰਦਗੀ ਦਾ ਜਦ
ਸਫ਼ਾ ਸੀ ਪਰਤਿਆ ਕੋਈ।

ਫਟੀ ਧਰਤੀ ਅਤੇ 'ਆਕਾਸ਼'
ਵੀ ਹੈ ਕੰਬਿਆ ਲੋਕੋ,
ਹਿਜਰ ਵਿਚ ਜਾਪਦਾ ਅੱਜ
ਫੇਰ ਦਿਲ ਹੈ ਤੜਫਿਆ ਕੋਈ।

• ਰਣਬੀਰ ਆਕਾਸ਼
98765-82400

## ਕਵਿਤਾ

## ਚੁੱਪ-ਚੁਪੀਤੇ

ਚੁੱਪ-ਚੁਪੀਤੇ ਛੱਡ ਗਿਉਂ ਸੱਜਣਾ,
ਘੱਟੋ-ਘੱਟ ਤਕਰਾਰ ਤਾਂ ਕਰਦਾ।
ਮੈਂ ਕੋਈ ਕੱਢ ਨਤੀਜਾ ਲੈਂਦਾ,
ਬਹਿਸ 'ਚ ਤੇਰੇ ਤੋਂ ਜਦ ਹਰਦਾ।

ਹੋ ਜਾਣਾ ਸੀ ਬਰਫ਼ ਦੇ ਵਾਂਗੂ,
ਮੈਂ ਤਾਂ ਠੰਢਾ ਠਾਰ ਜਿਹਾ ਵੇ,
ਗੁੱਸਾ ਤੇਰਾ, ਮੇਰੇ 'ਤੇ ਸੱਜਣਾ
ਮੀਂਹ ਜਿਹਾ ਜੇ ਕਿਤੇ ਬਣਕੇ ਵਰ੍ਹਦਾ।

ਦਿਲ ਦੇ ਵਿਚ ਨਾ ਰੱਖ ਭੁਲੇਖਾ
ਕਿ ਮੈਂ ਤੈਨੂੰ ਭੁੱਲ ਜਾਵਾਂਗਾ,
ਦੁਨੀਆ ਬਾਝੋਂ ਸਰ ਸਕਦਾ ਪਰ,
ਮੇਰਾ ਤੇਰੇ ਬਾਝ ਨੀਂ ਸਰਦਾ।

ਸੋਚਾਂ ਦੇ ਵਿਚ ਡੁੱਬਿਆ-ਡੁੱਬਿਆ
ਦੂਰ ਕਿਤੇ ਮੈਂ ਨਿਕਲ ਜਾਵਾਂ,
ਤਾਹੀਓਂ ਤਾਂ ਕਈ ਵਾਰੀ ਸ਼ਾਮੀਂ,
ਭੁੱਲ ਜਾਂਦਾ ਰਾਹ ਆਪਣੇ ਘਰਦਾ।

ਸੱਚਾ ਨਿਹੁੰ ਜਦ ਕਰਦੇ ਹੋਈਏ
ਗ਼ਲਤੀਆਂ ਨੂੰ ਵੀ ਮਾਫ਼ ਕਰੀਦਾ,
ਮਾਫ਼ੀਨਾਮਾ ਤਾਂ ਵੇ ਸੱਜਣਾ
ਪਿਆਰ ਨੂੰ ਹੋਰ ਵੀ ਗੂੜ੍ਹਾ ਕਰਦਾ।

ਜ਼ਿੰਦਗੀ ਲੰਘਦੀ ਲੰਘੀ ਜਾਣੀ,
ਲੰਘਣੀ ਏ ਪਰ ਨੀਰਸ ਹੋ ਕੇ,
ਐਦਾਂ ਦੀ ਜ਼ਿੰਦਗੀ ਵਿਚ ਬੰਦਾ,
ਹਰ ਘੜੀ ਹਰ ਪਲ ਹੈ ਮਰਦਾ।

ਦਿਲ ਮੇਰੇ ਦਾ ਬੂਹਾ 'ਨਾਗਰਾ',
ਤੇਰੇ ਲਈ ਹਰ ਵਕਤ ਹੀ ਖੁੱਲ੍ਹਾ,
ਵੇਖਾਂਗਾ ਹੁਣ ਕਦੋਂ ਮਲਕੜੇ ਜਿਹੇ
ਆ ਕੇ ਤੂੰ ਇਸ ਵਿਚ ਵੜਦਾ।

• ਜਸਪਾਲ ਸਿੰਘ ਨਾਗਰਾ
001-360-448-1989

## ਡਾ. ਰਾਮ ਮੂਰਤੀ ਦੀਆਂ ਪੰਜ ਗ਼ਜ਼ਲਾਂ



97795-91765

-----(1)-----

ਹੁਣ ਨਾ ਗਾਉਣ ਰਬਾਬਾਂ ਉੱਤੇ।
ਜੰਮ ਗਈ ਧੂੜ ਕਿਤਾਬਾਂ ਉੱਤੇ।

ਆਲ੍ਹਣਿਆਂ ਲਈ ਰੁੱਖ ਨਾ ਮਿਲਦੇ,
ਕੇਹਾ ਵਖਤ ਉਕਾਬਾਂ ਉੱਤੇ।

ਜਦ ਜਾਗੇ ਖੇਤਾਂ ਦੇ ਰਾਖੇ,
ਪੈ ਜਾਊ ਭੀੜ ਨਵਾਬਾਂ ਉੱਤੇ।

ਪੱਕੀ ਫ਼ਸਲ 'ਤੇ ਝੁੱਲ ਗਈ ਨ੍ਹੇਰੀ,
ਝੁੱਲ ਗਈ ਨ੍ਹੇਰੀ ਖ਼ਾਬਾਂ ਉੱਤੇ।

ਸਾਡੇ ਸਿਰ ਵਿਚ ਘੱਟਾ ਮਿੱਟੀ,
ਤੇਰੇ ਸੈਂਟ ਜੁਰਾਬਾਂ ਉੱਤੇ।

ਬਿਸਲੇਰੀ ਨੇ ਮਾਰਿਆ ਡਾਕਾ,
ਡਾਕਾ ਮੇਰੇ ਆਬਾਂ ਉੱਤੇ।

-----(2)-----

ਜ਼ਿਆਦਾ ਨਿਮਰਤਾ ਮਾੜੀ
ਅਤੀ ਨਾ ਕੌੜ ਚਾਹੀਦੀ।
ਕਦੇ ਕਰਨੀ ਨਹੀਂ ਬੰਦੇ ਨੂੰ
ਬਹੁਤੀ ਚੌੜ ਚਾਹੀਦੀ।

ਗ਼ਰੀਬੀ ਹੈ ਅਗਰ ਮਾੜੀ
ਅਮੀਰੀ ਵੀ ਨਹੀਂ ਚੰਗੀ,
ਨਹੀਂ ਪਾਣੀ 'ਚ ਬੀ ਉੱਗਦਾ
ਨਾ ਬਹੁਤੀ ਔੜ ਚਾਹੀਦੀ।

ਹਰਿਕ ਨੂੰ ਲੋਕਤੰਤਰ ਵਿਚ ਮਿਲੇ,
ਭਾਵੇਂ ਮਿਲੇ ਕੁਝ ਨਾ,
ਖ਼ਿਆਲਾਂ ਦੀ ਆਜ਼ਾਦੀ ਵਾਸਤੇ
ਨਾ ਸੌੜ ਚਾਹੀਦੀ।

ਅਗਰ ਚੰਗਾ ਬਣਾਉਣਾ ਦੋਸਤੋ
ਜੀਵਨ ਸਫ਼ਰ ਅਪਣਾ,
ਨਹੀਂ ਇਸ ਵਿਚ, ਨਹੀਂ ਹੈ
ਪੈਸਿਆਂ ਦੀ ਦੌੜ ਚਾਹੀਦੀ।

ਲਗਾ ਲੈ ਰੁੱਖ ਵਿਹੜੇ ਆਪਣੇ
ਅੰਬਾਂ ਅਨਾਰਾਂ ਦੇ,
ਮਗਰ ਬੇਰੀ ਹਮੇਸ਼ਾ ਬੀਜਣੀ
ਵਿਚ ਤੌੜ ਚਾਹੀਦੀ।

ਅਗਰ ਤੂੰ 'ਮੂਰਤੀ' ਲਿਖਣੀ
ਗ਼ਜ਼ਲ ਹੈ ਰਹਿਤ ਐਬਾਂ ਤੋਂ,
ਕਰੀਂ ਉਸਤਾਦ ਦੀ ਸੰਗਤ
ਜੇ ਬੁੱਧੀ ਪ੍ਰੌੜ ਚਾਹੀਦੀ।

-----(3)-----

ਧੁਰੋਂ ਪ੍ਰਦੇਸਣਾਂ ਧੀਆਂ
ਨਾ ਝਿੜਕਾਂ ਮਾਰ ਧੀਆਂ ਨੂੰ।
ਸਦਾ ਰਹਿਣਾ ਨਾ ਧੀਆਂ ਨੇ
ਤੂੰ ਕਰ ਲੈ ਪਿਆਰ ਧੀਆਂ ਨੂੰ।

ਨਹੀਂ ਪੇਕੇ ਨਹੀਂ ਸਹੁਰੇ
ਕਿਤੇ ਵੀ ਜ਼ੋਰ ਨਾ ਚੱਲੇ,
ਨਹੀਂ ਕੋਈ ਸਮਝਦਾ ਹੈ
ਉਰੇ ਨਾ ਪਾਰ ਧੀਆਂ ਨੂੰ।

ਜਿਨ੍ਹਾਂ ਨੇ ਤੋਰਿਆ
ਸੰਸਾਰ ਦੀ ਸੱਭਿਅਤਾ ਨੂੰ ਅੱਗੇ,
ਨਹੀਂ ਅੱਗੇ ਵਧਣ ਦਿੰਦਾ
ਇਹ ਕਿਉਂ ਸੰਸਾਰ ਧੀਆਂ ਨੂੰ।

ਜਿਨ੍ਹਾਂ ਕਰਕੇ ਰਿਹਾ ਸੰਸਾਰ ਇਹ
ਹੈ ਮਹਿਕ ਫੁੱਲ ਵਾਂਗੂ,
ਕਿ ਏਥੇ ਚੁੱਭਦੇ ਆਖ਼ਰ
ਕਿਉਂ ਨੇ ਖ਼ਾਰ ਧੀਆਂ ਨੂੰ।

ਕਰੇ ਜੋ ਖ਼ੂਬ ਸੇਵਾ
ਮਾਪਿਆਂ ਦੀ ਨਾਲ ਰੀਝਾਂ ਦੇ,
ਘਰੋਂ ਨੇ ਤੋਰ ਦਿੰਦੇ,
ਦੇ ਕੇ ਛਿੱਲੜ ਚਾਰ ਧੀਆਂ ਨੂੰ।

ਲਗਾ ਸਿਰ ਧੜ ਦੀ ਬਾਜ਼ੀ
ਦੇਣ ਜੋ ਸੰਸਾਰ ਜਿੱਤਣ ਨੂੰ,
ਕਿ ਇਸ ਮੈਦਾਨ ਵਿਚ ਮਿਲਦੀ
ਹਮੇਸ਼ਾ ਹਾਰ ਧੀਆਂ ਨੂੰ।



ਪੜ੍ਹਾ ਲੈ 'ਮੂਰਤੀ' ਜਿੰਨਾ ਪੜ੍ਹਾ
ਸਕਦਾ ਏਂ ਧੀਆਂ ਨੂੰ,
ਉੱਡਾ ਖੁੱਲ੍ਹੇ ਅਕਾਸ਼ਾਂ ਵਿਚ ਨਾ
ਜਿੰਦੇ ਮਾਰ ਧੀਆਂ ਨੂੰ।

-----(4)-----

ਜਿਸ ਦੇ ਦਿਲ ਉਲਫ਼ਤ ਦਾ
ਨਾ ਖਿਲਦਾ ਨਸ਼ਾ ਯਾਰੋ।
ਉਹ ਲੱਭਦਾ ਨਸ਼ਿਆਂ 'ਚੋਂ
ਫਿਰ ਦਿਲ ਦਾ ਨਸ਼ਾ ਯਾਰੋ।

ਬੱਚੇ ਨਾ ਕਦੇ ਜਾਂਦੇ
ਭੁੱਲ ਕੇ ਵੀ ਵੱਲ ਨਸ਼ਿਆਂ,
ਮਾਂ-ਬਾਪ ਦੀ ਸੰਗਤ ਦਾ
ਜੇ ਮਿਲਦਾ ਨਸ਼ਾ ਯਾਰੋ।

ਸੁੱਚ-ਸੰਜਮ ਭਰਿਆ ਜੇ
ਜੀਵਨ ਖ਼ੁਦ ਜੀਵਾਂਗੇ,
ਵੇਖਿਉ ਕਿੰਜ ਦੁਨੀਆ 'ਚੋਂ
ਫਿਰ ਹਿੱਲਦਾ ਨਸ਼ਾ ਯਾਰੋ।

ਇਹ ਹੱਟ ਸਿਆਸਤ ਦੀ
ਇਹ ਢਾਹ ਕੇ ਫਨ੍ਹਾ ਕਰੀਏ,
ਇਸ ਹੱਟ ਦੇ ਤਹਿਖ਼ਾਨੇ ਹੈ
ਤੁਲਦਾ ਨਸ਼ਾ ਯਾਰੋ।

ਜਿੱਥੇ ਰਾਜ ਹੈ ਕਲਮਾਂ ਦਾ
ਕਦਰ ਕਿਤਾਬਾਂ ਦੀ,
ਵੇਖਾਂ ਵਿਚ ਛੱਪੜਾਂ ਦੇ
ਮੈਂ ਡੁੱਲ੍ਹਦਾ ਨਸ਼ਾ ਯਾਰੋ।

ਨਕਲੀ ਜੋ ਨਸ਼ਾ ਚੜ੍ਹ ਕੇ,
ਛੇਤੀ ਹੀ ਖਿੰਡ ਜਾਂਦਾ,
ਉਸ ਨਾਂ ਦੀ ਮਸਤੀ ਦਾ
ਨਾ ਭੁੱਲਦਾ ਨਸ਼ਾ ਯਾਰੋ।

-----(5)-----

ਧੜਕਦਾ ਹੈ ਦਿਲ ਅਤੇ
ਨਜ਼ਰ 'ਚ ਨੂਰ ਪਾ ਰਿਹਾ।
ਕੌਣ ਹੈ ਸਰੀਰ ਦੇ ਜੋ
ਸਾਜ਼ ਨੂੰ ਵਜਾ ਰਿਹਾ।

ਕੌਣ ਹੈ ਜੋ ਮੋਰ ਨੂੰ
ਨਚਾ ਰਿਹਾ ਰੁਲਾ ਰਿਹਾ।
ਕੌਣ ਹੈ ਜੋ ਬੈਠ ਕੋਇਲ ਦੇ
ਗਲ਼ 'ਚ ਗਾ ਰਿਹਾ।

ਕੌਣ ਮਹਿਕ ਬਣ ਕੇ ਬੈਠ
ਜਾਇ ਨਾਲ ਫੁੱਲ ਦੇ,
ਰੰਗ ਰੂਪ ਤੇ ਮਿਠਾਸ
ਕੌਣ ਫਲ਼ 'ਚ ਪਾ ਰਿਹਾ।

ਹੈ ਪਤਾ ਕਿ ਕੌਣ ਧਰਤਿ ਨੂੰ
ਹੈ ਗੇੜੀ ਜਾ ਰਿਹਾ,
ਕੌਣ ਹੈ ਜੋ ਸੂਰਜਾਂ ਨੂੰ
ਰਾਤ ਦਿਨ ਤਪਾ ਰਿਹਾ।

ਉੱਡ ਰਹੇ ਅਨੰਤ ਗੋਲੇ
ਕਿਸ ਤਰ੍ਹਾਂ ਅਕਾਸ਼ ਵਿਚ,
ਕਿਸ ਬਣਾਈ ਕਾਇਨਾਤ
ਕੌਣ ਪਾਲ਼ੀ ਜਾ ਰਿਹਾ।

ਆਦਮੀ ਦੀ ਕਲਪਨਾ 'ਚ
ਰਾਜ਼ ਆ ਨਾ ਸਕਣਗੇ,
ਕਿਸ ਸਮੇਂ ਤੋਂ ਕੌਣ ਹੈ
ਬ੍ਰਮਾਂਡ ਨੂੰ ਚਲਾ ਰਿਹਾ।

ਲੈ ਸੰਭਾਲ ਤੂੰ ਸਮਾਂ ਕਰੀਂ
ਸਫਲ ਕਰੀਂ ਅਮਲ,
'ਮੂਰਤੀ' ਸਮਾਂ ਬੜਾ ਹੈ
ਕੀਮਤੀ ਜੋ ਜਾ ਰਿਹਾ।

# ਸੁਤੰਤਰਤਾ ਸੰਗਰਾਮੀ ਡਾ. ਦੀਵਾਨ ਸਿੰਘ 'ਕਾਲੇਪਾਣੀ'



• ਜਗਜੀਤ ਸਿੰਘ 'ਗਣੇਸ਼ਪੁਰ'
94655-76022

ਡਾ. ਦੀਵਾਨ ਸਿੰਘ 'ਕਾਲੇਪਾਣੀ' ਦਾ ਨਾਂ ਸੁਣਦਿਆਂ ਹੀ ਅੰਡੇਮਾਨ-ਨਿਕੋਬਾਰ ਦੀ ਉਹ ਸੈਲੂਲਰ ਜੇਲ੍ਹ ਯਾਦ ਆ ਜਾਂਦੀ ਹੈ ਜਿੱਥੇ ਦੇਸ਼ ਦੇ ਸੁਤੰਤਰਤਾ ਸੰਗਰਾਮੀਆਂ ਨੂੰ ਅੰਗਰੇਜ਼ ਸਰਕਾਰ ਦੇ ਵਿਰੁੱਧ ਬਗ਼ਾਵਤ ਕਰਨ ਦੇ ਜੋਸ਼ ਵਿਚ ਕੈਦ ਕਰ ਕੇ ਰੱਖਿਆ ਜਾਂਦਾ ਸੀ। ਡਾ. ਦੀਵਾਨ ਸਿੰਘ 'ਕਾਲੇਪਾਣੀ' ਉਨ੍ਹਾਂ ਮਹਾਨ ਸ਼ਹੀਦਾਂ ਵਿੱਚੋਂ ਇਕ ਸਨ ਜਿਨ੍ਹਾਂ ਨੇ ਜਪਾਨੀਆਂ ਦੇ ਅਸਹਿ ਤੇ ਅਕਹਿ ਜ਼ੁਲਮ ਬੜੀ ਦਲੇਰੀ ਨਾਲ ਸਹਾਰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ।

ਡਾ. ਦੀਵਾਨ ਸਿੰਘ 'ਕਾਲੇਪਾਣੀ' ਦਾ ਜਨਮ 22 ਮਈ, 1897 'ਚ ਪਿੰਡ ਗਲ੍ਹੋਟੀਆ ਖ਼ੁਰਦ (ਗੁਰੂ ਕੀਆਂ) ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) ਵਿਖੇ, ਪਿਤਾ ਸੁੰਦਰ ਸਿੰਘ ਤੇ ਮਾਤਾ ਇੰਦਰ ਕੌਰ ਦੇ ਘਰ ਹੋਇਆ। ਬਚਪਨ ਵਿਚ ਹੀ ਮਾਤਾ-ਪਿਤਾ ਸਦੀਵੀ ਵਿਛੋੜਾ ਦੇ ਗਏ। ਮਾਤਾ-ਪਿਤਾ ਦੀ ਮੌਤ ਤੋਂ ਬਾਅਦ ਦੀਵਾਨ ਸਿੰਘ ਦਾ ਪਾਲਣ ਪੋਸ਼ਣ ਉਨ੍ਹਾਂ ਦੇ ਚਾਚਾ ਸੋਹਣ ਸਿੰਘ ਅਤੇ ਉਨ੍ਹਾਂ ਦੀ ਦਾਦੀ ਨੇ ਕੀਤਾ। ਗਲ੍ਹੋਟੀਆ ਖ਼ੁਰਦ ਵਿਖੇ ਸਕੂਲ ਨਾ ਹੋਣ ਕਾਰਨ ਆਪ ਤਿੰਨ ਮੀਲ ਪੈਦਲ ਚੱਲ ਕੇ ਗਲ੍ਹੋਟੀਆ ਕਲਾਂ ਵਿਖੇ ਸਥਿਤ ਪੜ੍ਹਨ ਜਾਇਆ ਕਰਦੇ ਸਨ। ਉਨ੍ਹਾਂ ਨੇ ਮਿਡਲ ਸਕੂਲ ਦੀ ਪੜ੍ਹਾਈ ਸਕਾਚ ਮਿਸ਼ਨ ਸਕੂਲ ਡਸਕਾ ਤੋਂ ਗ੍ਰਹਿਣ ਕੀਤੀ।

1915 'ਚ ਖ਼ਾਲਸਾ ਹਾਈ ਸਕੂਲ ਡਸਕਾ ਤੋਂ ਮੈਟ੍ਰਿਕ ਦੀ ਪੜ੍ਹਾਈ ਪਾਸ ਕਰਨ ਉਪਰੰਤ ਡਾਕਟਰੀ ਦੀ ਪੜ੍ਹਾਈ ਲਈ ਮੈਡੀਕਲ ਕਾਲਜ, ਆਗਰਾ ਵਿਚ ਦਾਖ਼ਲਾ ਲੈ ਲਿਆ। ਆਪ ਦਾ ਵਿਆਹ 1916 'ਚ ਹੋਇਆ।

1919 'ਚ ਡਾਕਟਰੀ ਪਾਸ ਕਰਨ ਤੋਂ ਬਾਅਦ ਆਪ ਰਾਵਲਪਿੰਡੀ ਸਰਕਾਰੀ ਨੌਕਰੀ ਕਰਨ ਲੱਗੇ। ਇਸ ਤੋਂ ਬਾਅਦ ਬੰਨੂ, ਕੋਹਾਟ ਅਤੇ ਵਜ਼ੀਰਸਤਾਨ ਵਿਖੇ ਵੀ ਆਪਣੀਆਂ ਡਾਕਟਰੀ ਸੇਵਾਵਾਂ ਨਿਭਾਉਂਦੇ ਰਹੇ। ਡਾਕਟਰੀ ਦੇ ਨਾਲ-ਨਾਲ ਸਾਹਿਤਕ ਰੁਚੀਆਂ ਹੋਣ ਕਾਰਨ ਚੰਗੀਆਂ ਸਾਹਿਤ ਦੀਆਂ ਕਿਤਾਬਾਂ ਵੀ ਪੜ੍ਹਦੇ ਰਹਿੰਦੇ ਸਨ।

1922 'ਚ ਆਪ ਦੀ ਬਦਲੀ ਲਾਹੌਰ ਤੋਂ ਡਗਸ਼ਈ ਹੋ ਗਈ। ਡਗਸ਼ਈ ਦੇ ਕੁਦਰਤੀ ਵਾਤਾਵਰਣ ਨੇ ਆਪ ਦੇ ਕਵੀ ਮਨ 'ਤੇ ਬਹੁਤ ਹੀ ਡੂੰਘਾ ਪ੍ਰਭਾਵ ਪਾਇਆ। ਡਗਸ਼ਈ ਵਿਖੇ ਹੀ ਇਕ ਜਲਸੇ ਵਿਚ ਆਪ ਨੇ ਪ੍ਰਿੰਸ ਆਫ ਵੇਲਜ਼ ਦੇ ਵੱਡੇ ਪੁੱਤਰ ਦੇ ਭਾਰਤ ਦੌਰੇ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ। ਇਕ ਸਰਕਾਰੀ ਕਰਮਚਾਰੀ ਦਾ ਸਰਕਾਰ ਵਿਰੁੱਧ ਬੋਲਣਾ ਸਰਕਾਰ ਕਿਵੇਂ ਸਹਿਣ ਕਰ ਸਕਦੀ ਸੀ। ਇਸ ਲਈ ਆਪ ਦੀ ਬਦਲੀ ਰੰਗੂਨ-ਬਰਮਾ ਵਿਖੇ ਕਰ ਦਿੱਤੀ ਗਈ ਅਤੇ ਫਿਰ ਇੱਥੋਂ ਕਾਲ਼ੇਪਾਣੀ ਦੀ ਸੈਲੂਲਰ ਜੇਲ੍ਹ ਦੇ ਡਾਕਟਰ ਵਜੋਂ ਸੇਵਾਵਾਂ ਨਿਭਾਉਣ ਲਈ ਤਾਇਨਾਤ ਕਰ ਦਿੱਤਾ ਗਿਆ।

ਆਪ ਨੇ ਉੱਥੇ ਪਹੁੰਚ ਕੇ ਆਮ ਲੋਕਾਂ ਦੇ ਮਨਾਂ ਵਿਚ ਦੇਸ਼ ਭਗਤੀ ਦੀ ਭਾਵਨਾ ਭਰਨ ਲਈ ਕਈ ਅਹਿਮ ਕਾਰਜ ਕੀਤੇ। ਆਪ ਦੇ ਦਿਲ ਅੰਦਰ ਆਜ਼ਾਦੀ ਦੀ ਤੜਪ ਸੀ। ਉਸ ਸਮੇਂ ਆਮ ਲੋਕਾਂ ਵਿਚ ਸੰਬੋਧਨ ਕਰਨਾ ਮਨ੍ਹਾ ਸੀ, ਇਸ ਦੇ ਹੱਲ ਲਈ ਉਨ੍ਹਾਂ ਦੁਆਰਾ ਇਕ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਗਈ ਤਾਂ ਜੋ ਇਸ ਸਰਬ ਸਾਂਝੇ ਸਥਾਨ 'ਤੇ ਅਵਾਮ ਅੰਦਰ ਆਪਸੀ ਪ੍ਰੇਮ ਪਿਆਰ ਪੈਦਾ ਕੀਤਾ ਜਾ ਸਕੇ। ਇਸ ਸਥਾਨ ਦੀ ਕਮੇਟੀ ਵਿਚ ਸਾਰੇ ਧਰਮਾਂ ਦੇ ਲੋਕ ਸ਼ਾਮਲ ਕੀਤੇ ਗਏ ਜੋ ਕਿ ਇਸ ਸਥਾਨ ਦਾ ਧਰਮ ਨਿਰਪੱਖ ਹੋਣ ਦਾ ਪ੍ਰਤੱਖ ਪ੍ਰਮਾਣ ਸੀ। ਇਸ ਹੀ ਗੁਰਦੁਆਰਾ ਸਾਹਿਬ ਵਿਚ ਪੰਜਾਬੀ, ਹਿੰਦੀ, ਤਾਮਿਲ, ਬੰਗਾਲੀ, ਉਰਦੂ ਅਤੇ ਅੰਗਰੇਜ਼ੀ ਭਾਸ਼ਾ ਸਿੱਖਣ ਦਾ ਪ੍ਰਬੰਧ ਕੀਤਾ ਗਿਆ।

ਆਪ ਸਦਾ ਹੀ ਦੀਨ ਦੁਨੀਆ ਦੇ ਲਈ ਕੁਝ ਨਾ ਕੁਝ ਕਰਨ ਦੀ ਇੱਛਾ ਰੱਖਦੇ ਸਨ। ਆਪ ਨੇ ਇਕ ਸਮਾਜ ਸੁਧਾਰਕ ਵਜੋਂ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਕਈ ਉਪਰਾਲੇ ਕੀਤੇ, ਜਿਸ ਵਿਚ ਇਸ ਹੀ ਸਥਾਨ 'ਤੇ ਇਕ ਲਾਇਬ੍ਰੇਰੀ ਉਸਾਰੀ ਗਈ ਜਿਸ ਵਿਚ ਵੱਖ-ਵੱਖ ਭਾਸ਼ਾਵਾਂ ਦੀਆਂ ਕਿਤਾਬਾਂ ਰੱਖੀਆਂ ਗਈਆਂ। ਇੱਥੋਂ ਹੀ ਕਿਤਾਬਾਂ ਅਤੇ ਅਖ਼ਬਾਰਾਂ ਹਰ ਮੈਂਬਰ ਦੇ ਘਰ ਪਹੁੰਚਾਈਆਂ ਜਾਂਦੀਆਂ ਸਨ। ਔਰਤਾਂ ਲਈ ਸਿਲਾਈ ਕਢਾਈ ਦਾ ਸਕੂਲ ਖੋਲ੍ਹਣਾ ਅਤੇ ਮਰਦਾ ਲਈ ਹੋਰ ਕਿੱਤਾ ਮੁੱਖੀ ਸਿੱਖਿਆ ਦਾ ਪ੍ਰਬੰਧ ਕੀਤਾ। ਆਪ ਇੱਥੇ ਵੱਖ-ਵੱਖ ਧਰਮ ਦੇ ਲੋਕਾਂ ਨੂੰ ਇਕੱਠੇ ਕਰਨ ਵਿਚ ਕਾਮਯਾਬ ਰਹੇ। ਇਹ ਸਥਾਨ ਇਕ ਪ੍ਰਕਾਰ ਦਾ 'ਮਿੰਨੀ ਇੰਡੀਆ' ਹੀ ਬਣ ਗਿਆ ਸੀ। ਅੱਜ ਇਸ ਗੁਰਦੁਆਰਾ ਸਾਹਿਬ ਦਾ ਨਾਂ ਆਪ ਦੇ ਨਾਂ 'ਤੇ ਹੀ ਰੱਖਿਆ ਗਿਆ ਹੈ।

### ਗ੍ਰਿਫ਼ਤਾਰੀ

*ਦੂਜੇ ਸੰਸਾਰ ਯੁੱਧ ਦੌਰਾਨ ਜਪਾਨੀਆਂ ਦਾ ਅੰਡੇਮਾਨ-ਨਿਕੋਬਾਰ ਦੀਪ 'ਤੇ ਕਬਜ਼ਾ ਹੋ ਗਿਆ। ਡਾ. ਦੀਵਾਨ ਸਿੰਘ 'ਕਾਲ਼ੇਪਾਣੀ' ਨੇ ਜਪਾਨੀ ਫ਼ੌਜਾਂ ਦੇ ਜਬਰ-ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਜਿਸ ਦਾ ਸਿੱਟਾ ਇਹ ਨਿਕਲਿਆ ਕਿ 23 ਅਕਤੂਬਰ 1943 ਨੂੰ ਆਪ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਹੋ ਗਏ। ਉਨ੍ਹਾਂ ਨੂੰ ਜਪਾਨੀਆਂ ਦੀ ਜਸੂਸੀ ਕਰਨ ਦੇ ਝੂਠੇ ਕੇਸ ਵਿਚ ਫਸਾ ਕੇ ਕੈਦ ਕਰ ਲਿਆ।*



### ਸ਼ਹਾਦਤ ਦਿਵਸ 'ਤੇ ਵਿਸ਼ੇਸ਼

**ਜਪਾਨੀਆਂ ਦੁਆਰਾ ਡਾਕਟਰ ਸਾਹਿਬ ਨੂੰ ਜੇਲ੍ਹ ਵਿਚ 82 ਦਿਨਾਂ ਤਕ ਬੜੇ ਤਸੀਹੇ ਦਿੱਤੇ ਗਏ। ਉਨ੍ਹਾਂ ਨੂੰ ਜਿਉਂਦੇ ਜੀਅ ਅੱਗ ਨਾਲ ਸਾੜਿਆ ਗਿਆ ਪਰ ਉਨ੍ਹਾਂ ਨੇ ਜਪਾਨੀਆਂ ਦੀ ਈਨ ਨਾ ਮੰਨੀ। ਅੰਤ ਉਹ 14 ਜਨਵਰੀ 1944 ਨੂੰ ਸ਼ਹਾਦਤ ਪ੍ਰਾਪਤ ਕਰ ਗਏ।**

ਆਪ ਇਕ ਡਾਕਟਰ ਹੋਣ ਦੇ ਨਾਲ-ਨਾਲ ਇਕ ਮਹਾਨ ਕਵੀ ਵੀ ਸਨ। ਉਨ੍ਹਾਂ ਦੇ ਕਾਵਿ-ਸੰਗ੍ਰਹਿ 'ਵਗਦੇ ਪਾਣੀ', 'ਅੰਤਿਮ ਲਹਿਰਾਂ' ਅਤੇ 'ਮਲ੍ਹਿਆਂ ਦੇ ਬੇਰ' ਅਤੇ ਵਾਰਤਕ 'ਮੇਰਾ ਜੀਵਨ ਮੇਰਾ ਗੀਤ' ਅਤੇ 'ਸਹਿਜ ਸੰਚਾਰ' ਪ੍ਰਕਾਸ਼ਿਤ ਹੋਏ। ਆਪ ਦੀ ਕਵਿਤਾ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਕ ਚੇਤਨਾ ਦੇ ਵਿਸ਼ੇ ਨਾਲ ਸਬੰਧ ਰੱਖਦੀ ਹੈ : ਹਨੇਰੀ ਮੁੱਕੇਗੀ, ਮੀਂਹ ਵੱਸੇਗਾ ਘੱਟਾ ਬੈਠੇਗਾ, ਧੁੰਦ ਮਿਟੇਗੀ ਟੂੰਡਮੁੰਡ ਫੁੱਟਣਗੇ, ਦੱਬੇ ਦਬਾਏ ਉੱਠਣਗੇ ਬਚੇ ਖੁਚੇ ਜਾਗਣਗੇ, ਰਹੇ ਸਹੇ ਰੁਮਕਣਗੇ...

ਡਾ. ਕਾਲ਼ੇਪਾਣੀ ਦੇ ਯਤਨਾਂ ਸਦਕਾ ਹੀ ਪੋਰਟ ਬਲੇਅਰ ਦੇ ਸਰਕਾਰੀ ਸਕੂਲਾਂ ਵਿਚ ਪੰਜਾਬੀ ਭਾਸ਼ਾ ਲਾਗੂ ਹੋ ਸਕੀ। ਆਪ ਕਿਹਾ ਕਰਦੇ ਸਨ ਕਿ ਪੰਜਾਬੀ ਭਾਸ਼ਾ ਵਿਚ ਵੱਧ ਤੋ ਵੱਧ ਅਖ਼ਬਾਰ ਅਤੇ ਰੇਡੀਉ ਚੈਨਲ ਹੋਣੇ ਚਾਹੀਦੇ ਹਨ ਤਾਂ ਕਿ ਵੱਧ ਤੋਂ ਵੱਧ ਲੋਕ ਇਨ੍ਹਾਂ ਨੂੰ ਪੜ੍ਹ ਸੁਣਕੇ ਦੁਨੀਆ ਵਿਚ ਕੀ ਕੀ ਘਟਨਾਕ੍ਰਮ ਹੋ ਰਿਹਾ ਹੈ ਉਸ ਬਾਰੇ ਗਿਆਨ ਪ੍ਰਾਪਤ ਕਰ ਸਕਦੇ ਹਨ।

ਦੂਜੇ ਸੰਸਾਰ ਯੁੱਧ ਦੌਰਾਨ ਜਪਾਨੀਆਂ ਦਾ ਅੰਡੇਮਾਨ-ਨਿਕੋਬਾਰ ਦੀਪ 'ਤੇ ਕਬਜ਼ਾ ਹੋ ਗਿਆ। ਡਾ. ਦੀਵਾਨ ਸਿੰਘ 'ਕਾਲ਼ੇਪਾਣੀ' ਨੇ ਜਪਾਨੀ ਫ਼ੌਜਾਂ ਦੇ ਜਬਰ-ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਜਿਸ ਦਾ ਸਿੱਟਾ ਇਹ ਨਿਕਲਿਆ ਕਿ 23 ਅਕਤੂਬਰ 1943 ਨੂੰ ਆਪ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਹੋ ਗਏ। ਉਨ੍ਹਾਂ ਨੂੰ ਜਪਾਨੀਆਂ ਦੀ ਜਸੂਸੀ ਕਰਨ ਦੇ ਝੂਠੇ ਕੇਸ ਵਿਚ ਫਸਾ ਕੇ ਕੈਦ ਕਰ ਲਿਆ। ਹੁਣ ਉਹ ਜੇਲ੍ਹ ਵਿਚ ਹੀ ਆਪਣੀਆਂ ਡਾਕਟਰੀ ਸੇਵਾਵਾਂ ਦੇਣ ਲੱਗੇ।

ਜਪਾਨੀਆਂ ਦੁਆਰਾ ਉਨਾਂ ਨੂੰ ਜੇਲ੍ਹ ਵਿਚ 82 ਦਿਨਾਂ ਤਕ ਬੜੇ ਤਸੀਹੇ ਦਿੱਤੇ ਗਏ, ਉਨ੍ਹਾਂ ਦੇ ਸਰੀਰ ਦੇ ਹੱਡ ਕੁੱਟ-ਕੁੱਟ ਕੇ ਤੋੜੇ ਗਏ, ਜਿਸਮ ਨੂੰ ਰੂੰ ਦੀ ਤਰ੍ਹਾਂ ਪਿੰਜਿਆ ਗਿਆ, ਇੰਨਾ ਜ਼ੁਲਮ ਸਹਿਣ ਤੋਂ ਬਾਅਦ ਵੀ ਜਦ ਡਾਕਟਰ ਸਾਹਿਬ ਨਾ ਡੋਲੇ ਤਾਂ ਉਨ੍ਹਾਂ ਨੂੰ ਜਿਉਂਦੇ ਜੀਅ ਅੱਗ ਨਾਲ ਸਾੜਿਆ ਗਿਆ ਪਰ ਉਨ੍ਹਾਂ ਨੇ ਜਪਾਨੀਆਂ ਦੀ ਈਨ ਨਾ ਮੰਨੀ। ਅੰਤ ਉਹ 14 ਜਨਵਰੀ 1944 ਨੂੰ ਸ਼ਹਾਦਤ ਪ੍ਰਾਪਤ ਕਰ ਗਏ। •

## ਮਿੰਨੀ ਕਹਾਣੀ

# ਸਿਆਲ ਮੁਬਾਰਕ

• ਸੰਗੀਤਾ ਭੰਡਾਰੀ
97790-39977



**ਧੀ ਦੀ ਗੱਲ ਸੁਣ ਕੇ ਵਰਿਆਮ ਦੇ ਚਿਹਰੇ 'ਤੇ ਰੌਣਕ ਆ ਗਈ ਕਿਉਂਕਿ ਜੋ ਸੰਸਕਾਰ ਉਸ ਨੇ ਧੀ ਨੂੰ ਦਿੱਤੇ ਸਨ ਉਨ੍ਹਾਂ 'ਤੇ ਉਸ ਦੀ ਧੀ ਹੁਣ ਅਮਲ ਕਰ ਰਹੀ ਸੀ।**

ਜੀਤੀ ਹਰ ਰੋਜ਼ ਤੜਕੇ ਉੱਠ ਜਾਂਦੀ ਕਿਉਂਕਿ ਉਸ ਨੂੰ ਕੁਦਰਤ ਨਾਲ ਬਹੁਤ ਪਿਆਰ ਸੀ। ਤੜਕੇ ਪੂਰਬ 'ਚੋਂ ਨਿਕਲਦਾ ਨਾਰੰਗੀ ਸੂਰਜ, ਮਹਿਕਦੇ ਫੁੱਲ ਤੇ ਪੰਛੀਆਂ ਦੀਆਂ ਆਵਾਜ਼ਾ ਵਿੱਚੋਂ ਨਿਕਲਦਾ ਮਿੱਠਾ ਜਿਹਾ ਸੰਗੀਤ ਉਸ ਦੀ ਰੂਹ ਦੀ ਖ਼ੁਰਾਕ ਸੀ। ਅੱਜ ਵੀ ਭਾਵੇਂ ਛੁੱਟੀ ਵਾਲਾ ਦਿਨ ਸੀ ਪਰ ਜੀਤੀ ਤੜਕੇ ਹੀ ਉੱਠ ਕੇ ਬਾਹਰ ਵੇਹੜੇ ਵਿਚ ਆ ਗਈ। ਸੂਰਜ ਦੀਆਂ ਕਿਰਨਾਂ ਅੰਧੇਰੇ ਨੂੰ ਦੂਰ ਕਰ ਰਹੀਆਂ ਸਨ ਤੇ ਪੰਛੀਆਂ ਦੀਆਂ ਆਵਾਜ਼ਾ 'ਚੋਂ ਨਿਕਲਦਾ ਮਿੱਠਾ ਜੇਹਾ ਸੰਗੀਤ ਵਾਤਾਵਰਣ ਨੂੰ ਖ਼ੁਸ਼ਨੁਮਾ ਬਣਾ ਰਿਹਾ ਸੀ।

ਜੀਤੀ ਨੇ ਪੰਛੀਆਂ ਲਈ ਬਨੇਰੇ 'ਤੇ ਦਾਣੇ ਪਾ ਦਿੱਤੇ ਤੇ ਬੂਟਿਆਂ ਨੂੰ ਪਾਣੀ ਦੇਣ ਲੱਗ ਪਾਈ। ਇੰਨੇ ਵਿਚ ਹਵਾ ਦਾ ਬੁੱਲ੍ਹਾ ਉਸ ਨੂੰ ਛੋ ਕੇ ਨਿਕਲ ਗਿਆ ਜਿਸ ਨਾਲ ਉਸ ਦੇ ਸਾਰੇ ਸ਼ਰੀਰ ਵਿਚ ਕੰਬਣੀ ਛਿੜ ਗਈ।

ਜੀਤੀ ਨੇ ਆਪਣੀ ਚੁੰਨੀ ਗੱਲ ਵਿੱਚੋਂ ਲਾ ਕੇ ਉਸ ਦੀ ਬੁਕਲ ਮਾਰ ਲਈ ਤੇ ਬੂਟਿਆਂ ਨੂੰ ਪਾਣੀ ਦੇ ਕੇ ਅੰਦਰ ਆ ਗਈ। ਅੰਦਰ ਆ ਕੇ ਜੀਤੀ ਚਾਹ ਬਣਾਉਣ ਲੱਗ ਪਈ। ਇੰਨੇ ਵਿਚ ਉਸ ਦਾ ਪਤੀ ਵਰਿਆਮ ਵੀ ਉੱਠ ਕੇ ਆ ਗਿਆ।

ਉਸ ਨੂੰ ਚਾਹ ਦਾ ਪਿਆਲਾ ਦਿੰਦੇ ਹੋਏ ਜੀਤੀ ਨੇ ਕਿਹਾ, 'ਸਿਆਲ ਮੁਬਾਰਕ।' 'ਇਹ ਕਿਸ ਤਰ੍ਹਾਂ ਦੀ ਮੁਬਾਰਕਬਾਦ ਹੈ, ਅੱਜ ਕੋਈ ਨਵਾਂ ਸਾਲ ਥੋੜ੍ਹੇ ਚੜ੍ਹਿਆ, ਮੌਸਮ ਤਾਂ ਆਂਦੇ-ਜਾਂਦੇ ਰਹਿੰਦੇ।'' ਵਰਿਆਮ ਨੇ ਕਿਹਾ।

'ਹਰ ਮੌਸਮ ਆਪਣੇ ਨਾਲ ਕੁਝ ਚੰਗਾ ਲੈ ਕੇ ਆਉਂਦਾ, ਇਸ ਲਈ ਸਾਨੂੰ ਉਸ ਦਾ ਸਵਾਗਤ ਕਰਨਾ ਚਾਹੀਦਾ।' ਜੀਤੀ ਨੇ ਕਿਹਾ।

'ਇਹ ਸਿਆਲ ਕੀ ਚੰਗਾ ਲੈ ਕੇ ਆਉ?' ਵਰਿਆਮ ਨੇ ਜੀਤੀ ਨੂੰ ਪੁੱਛਿਆ। ਇਸ ਤੋਂ ਪਹਿਲਾਂ ਜੀਤੀ ਉਸ ਨੂੰ ਕੋਈ ਜਵਾਬ ਦਿੰਦੀ ਉਸ ਦੀ ਵੱਡੀ ਧੀ ਗੀਤ ਦਾ ਉਸ ਦੇ ਮੋਬਾਈਲ 'ਤੇ ਫੋਨ ਆ ਗਿਆ। ਜੀਤੀ ਨੇ ਮੋਬਾਈਲ ਸਪੀਕਰ ਤੇ ਕਰ ਦਿੱਤਾ ਤਾਂ ਜੋ ਉਹ ਦੋਨੋਂ ਗੀਤ ਨਾਲ ਗੱਲ ਕਰ ਸਕਣ।

ਗੀਤ ਨੇ ਸਤਿ ਸ੍ਰੀ ਅਕਾਲ ਕਹਿਣ ਤੋਂ ਬਾਅਦ ਦੋਨਾਂ ਦਾ ਹਾਲ ਚਾਲ ਪੁੱਛਿਆ ਤੇ ਫੇਰ ਕਹਿਣ ਲੱਗੀ ਕਿ ਪੰਜਾਬ ਯੂਨੀਵਰਸਿਟੀ ਤੋਂ ਜਿਹੜੀ ਉਸ ਦੀ ਇਨਾਮ ਦੀ ਰਕਮ ਪੰਜ ਹਾਜ਼ਰ ਰੁਪਏ ਆਉਣੀ ਸੀ, ਉਹ ਉਸ ਦੇ ਖ਼ਾਤੇ ਵਿਚ ਆ ਗਈ ਹੈ ਤੇ ਉਹ ਉਸ ਇਨਾਮ ਦੀ ਰਕਮ ਨੂੰ ਜ਼ਰੂਰਤਮੰਦ ਕੁੜੀਆਂ ਦੀ ਪੜ੍ਹਾਈ ਲਈ ਦੇਣਾ ਚਾਹੁੰਦੀ ਹੈ।

ਧੀ ਦੀ ਗੱਲ ਸੁਣ ਕੇ ਵਰਿਆਮ ਦੇ ਚਿਹਰੇ 'ਤੇ ਰੌਣਕ ਆ ਗਈ ਕਿਉਂਕਿ ਉਸ ਨੇ ਅਪਣੀ ਧੀ ਨੂੰ ਜੋ ਦੂਜਿਆਂ ਦੀ ਮਦਦ ਕਰਨ ਦੇ ਸੰਸਕਾਰ ਦਿੱਤੇ ਸੀ ਉਸ ਤੇ ਉਸ ਦੀ ਧੀ ਹੁਣ ਅਮਲ ਕਰ ਰਹੀ ਸੀ। ਵਰਿਆਮ ਨੇ ਗੀਤ ਨਾਲ ਗੱਲ ਕਰ ਰਹੀ ਜੀਤੀ ਦੇ ਮੋਢੇ ਉੱਤੇ ਹੱਥ ਰੱਖਦੇ ਹੋਏ ਹੋਲੀ ਜਿਹੇ ਕਿਹਾ 'ਸਿਆਲ ਮੁਬਾਰਕ।' ਜਿਸ ਨੂੰ ਸੁਣਕੇ ਜੀਤੀ ਦੀਆਂ ਬੁਲ੍ਹਿਆਂ 'ਤੇ ਵੀ ਖ਼ੁਸ਼ੀ ਛਾ ਗਈ। •

## ਸ਼ਬਦੋ ਵਣਜਾਰਿਓ

# ਨਮਾਜ਼

**ਨਮਾਜ਼ ਵਿਚ 42 ਰਕਅਤ ਹੁੰਦੇ ਹਨ, ਇਕ ਰਕਅਤ ਇਕ ਵਾਰ ਖੜ੍ਹੇ ਹੋ ਕੇ ਬੈਠਣ ਤਕ ਦੀ ਹੁੰਦੀ ਹੈ। ਇਕ ਰਕਅਤ ਵਿਚ ਦੋ ਸਿਜਦੇ, ਇਕ ਕਯਾਮ ਅਤੇ ਇਕ ਰੁਕੂਆ ਹੁੰਦਾ ਹੈ...**



ਪਰਮਜੀਤ ਢੀਂਗਰਾ
94173-58120

ਪੰਜਾਬੀ ਕੋਸ਼ਾਂ ਅਨੁਸਾਰ ਨਮਾਜ਼ ਦਾ ਅਰਥ ਹੈ ਮੁਸਲਮਾਨਾਂ ਵੱਲੋਂ ਰੱਬ ਨੂੰ ਕੀਤੀ ਗਈ ਅਰਜ਼ ਜੋ ਦਿਨ ਵਿਚ ਪੰਜ ਵਾਰ ਕੀਤੀ ਜਾਂਦੀ ਹੈ। ਨਮਾਜ਼ ਵਿਚ 42 ਰਕਅਤ ਹੁੰਦੇ ਹਨ, ਇਕ ਰਕਅਤ ਇਕ ਵਾਰ ਖੜ੍ਹੇ ਹੋ ਕੇ ਬੈਠਣ ਤਕ ਦੀ ਹੁੰਦੀ ਹੈ। ਇਕ ਰਕਅਤ ਵਿਚ ਦੋ ਸਿਜਦੇ, ਇਕ ਕਯਾਮ ਅਤੇ ਇਕ ਰੁਕੂਆ ਹੁੰਦਾ ਹੈ। ਇਬਾਦਤ, ਬੰਦਗੀ। ਨਮਾਜ਼ ਅਦਾ ਕਰਨੀ-ਨਮਾਜ਼ ਪੜ੍ਹਨੀ, ਨਮਾਜ਼ਇ ਬਾਜਮਾਤ-ਇਕੱਠੇ ਹੋ ਕੇ ਪੜ੍ਹੀ ਜਾਣ ਵਾਲੀ ਨਮਾਜ਼ (ਨਮਾਜ਼ਇ ਬਾਜਮਾਤ, ਹੱਜ਼, ਰੋਜ਼ਾ, ਜ਼ਕਾਤ, ਤਿਆਗ ਦਾ ਮੰਤਵ ਅੰਕਤ ਕੀਤਾ ਹੈ) ਨਮਾਜ਼ ਕਜ਼ਾ ਹੋਣਾ-ਨਿਸਚਿਤ ਸਮੇਂ ਨਮਾਜ਼ ਨਾ ਪੜ੍ਹ ਸਕਣਾ, ਨਮਾਜ਼ ਗੁਜ਼ਾਰਨਾ-ਨਮਾਜ਼ ਪੜ੍ਹਨਾ, ਨਮਾਜ਼ ਛਡਾਣ ਗਏ ਰੋਜ਼ੇ ਗੱਲ ਪੈ ਗਏ-ਇਕ ਮੁਸੀਬਤ ਤੋਂ ਬਚਣ ਦੀ ਕੋਸ਼ਿਸ਼ ਵਿਚ ਦੂਜੀ ਮੁਸੀਬਤ ਗਲ਼ ਪੈਣੀ, ਨਮਾਜ਼ ਤੋੜਨਾ-ਨਮਾਜ਼ ਪੂਰੀ ਨਾ ਕਰਨਾ, ਨਮਾਜ਼ ਵਤਰ-ਉਹ ਨਮਾਜ਼ ਜੋ ਇਸ਼ਾ ਦੀ ਨਮਾਜ਼ ਤੋਂ ਪਿੱਛੋਂ ਪੜ੍ਹਦੇ ਹਨ। ਇਸ ਦਾ ਸਮਾਂ ਸਰਘੀ ਵੇਲੇ ਤੀਕ ਹੁੰਦਾ ਹੈ।

ਨਮਾਜ਼ ਵੇਲਾ-ਨਮਾਜ਼ ਪੜ੍ਹਣ ਦਾ ਸਮਾਂ। ਨਮਾਜ਼ੇ ਖ਼ੁਫਤਨ- ਸੌਣ ਵੇਲੇ ਪੜ੍ਹੀ ਜਾਣ ਵਾਲੀ ਨਮਾਜ਼, ਅਸਰ ਦੀ ਨਮਾਜ਼-ਤੀਜੀ ਨਮਾਜ਼ ਜੋ ਪਿੱਛਲੇ ਪਹਿਰ ਪੜ੍ਹੀ ਜਾਂਦੀ ਹੈ ਜਿਸ ਨੂੰ ਦੀਗਰ ਦੀ ਨਮਾਜ਼ ਵੀ ਕਹਿੰਦੇ ਹਨ। ਇਸ਼ਾ ਦੀ ਨਮਾਜ਼-ਸੌਣ ਵੇਲੇ ਦੀ ਨਮਾਜ਼, ਸ਼ਾਮ ਦੀ ਨਮਾਜ਼ ਜੋ ਸੂਰਜ ਛਿਪਣ ਤੋਂ ਲੈ ਕੇ ਅਸਮਾਨ ਦੀ ਲਾਲੀ ਮਿਟ ਜਾਣ ਤਕ ਪੜ੍ਹੀ ਜਾਂਦੀ ਹੈ। ਜਨਾਜ਼ੇ ਦੀ ਨਮਾਜ਼- ਜੋ ਦਫ਼ਨਾਉਣ ਵੇਲੇ ਮਈਅਤ ਦੇ ਕੋਲ ਖਲੋ ਕੇ ਪੜ੍ਹੀ ਜਾਂਦੀ ਹੈ। ਜਮਾਤ ਦੀ ਨਮਾਜ਼-ਜੋ ਸਾਰੇ ਮੁਸਲਮਾਨ ਇਕੱਠੇ ਹੋ ਕੇ ਪੜ੍ਹਦੇ ਹਨ, ਜ਼ੁਹਰ ਦੀ ਨਮਾਜ਼-ਜੋ ਦੁਪਹਿਰ ਵੇਲੇ ਪੜ੍ਹੀ ਜਾਂਦੀ ਹੈ ਅਰਥਾਤ ਪੇਸ਼ੀ ਦੀ ਨਮਾਜ਼, ਜੁੰਮੇ ਦੀ ਨਮਾਜ਼-ਜੋ ਹਰ ਸ਼ੁਕਰਵਾਰ ਅਮਾਮ ਦੀ ਅਗਵਾਈ ਵਿਚ ਪੜ੍ਹੀ ਜਾਂਦੀ ਹੈ, ਪੰਜਗਾਨਾ ਨਮਾਜ਼-ਪੰਜੇ ਵਕਤ ਦੀਆਂ ਨਮਾਜ਼ਾਂ, ਵੇਲੇ ਦੀ ਨਮਾਜ਼ ਤੇ ਕੁਵੇਲੇ ਦੀਆਂ ਟੱਕਰਾਂ-ਬੇਵਕਤ ਕੰਮ ਕਰਨ ਨਾਲ ਕੋਈ ਲਾਭ ਨਹੀਂ ਹੁੰਦਾ।

ਨਮਾਜਣ-ਨਮਾਜ਼ ਪੜ੍ਹਣ ਵਾਲੀ ਔਰਤ, ਨਮਾਜ਼ੀ-ਬਾਕਾਇਦਾ ਨਮਾਜ਼ ਪੜ੍ਹਣ ਵਾਲਾ, ਨਮਾਜ਼ੀ ਕੱਪੜੇ ਜੋ ਨਮਾਜ਼ ਪੜ੍ਹਣ ਵੇਲੇ ਪਾਏ ਜਾਂਦੇ ਹ ਨ। ਨਮਾਜ਼ੀ ਕਾਫ਼ਰਾਂ ਦਾ ਖ਼ੂਨ ਸ਼ਹੀਦਾਂ 'ਤੇ ਟਪਕਦਾ ਹੈ-ਜਦੋਂ ਇਹ ਦੱਸਣਾ ਹੋਵੇ ਕਿ ਕਪਟੀ ਲੋਕ ਚੰਗਿਆਂ ਨੂੰ ਕਸ਼ਟ ਪਹੁੰਚਾਉਂਦੇ ਹਨ। ਜੇ ਇਸ ਦਾ ਸਫ਼ਰ ਦੇਖੀਏ ਤਾਂ ਇਸਲਾਮੀ ਪਰੰਪਰਾ ਵਿਚ ਵੀ ਇਹ ਨਮਸਕਾਰ ਦੇ ਇਕ ਰੂਪ ਵਿਚ ਨਜ਼ਰ ਆਉਂਦੀ ਹੈ। ਇਸ ਦੀ ਸਕੀਰੀ ਇੰਡੋ-ਇਰਾਨੀ ਪਰਿਵਾਰ ਨਾਲ ਹੈ। ਨਮਸਕਾਰ ਬਣਿਆ ਹੈ ਸੰਸਕ੍ਰਿਤ ਦੀ 'ਨਮ' ਧਾਤੂ ਤੋਂ, ਜਿਸ ਦਾ ਅਰਥ ਹੈ ਝੁਕਣਾ, ਸਤਿਕਾਰ ਦਿਖਾਉਣਾ ਆਦਿ। ਇਸਲਾਮ ਵਿਚ ਪੰਜ ਵਾਰ ਰੱਬ ਅੱਗੇ ਪ੍ਰਾਥਨਾ ਕੀਤੀ ਜਾਂਦੀ ਹੈ। ਜਿਵੇਂ 'ਨਮ' ਵਿਚ ਝੁਕਣ ਦਾ ਭਾਵ ਹੈ ਉਵੇਂ ਹੀ ਨਮਾਜ਼ ਵਿਚ ਸਿਜਦੇ ਦੇ ਤਹਿਤ ਝੁਕਣ ਜਾਂ ਸਿਰ ਨਿਵਾਣ ਦੀ ਕਿਰਿਆ ਹੈ।

ਸੰਸਕ੍ਰਿਤ ਅਤੇ ਪੁਰਾਣੀ ਫ਼ਾਰਸੀ ਜਾਂ ਅਵੇਸਤਾ ਨਾਲ ਇਹਦੀ ਸਕੀਰੀ ਹੈ। ਇਸ ਰੂਪ ਵਿਚ ਜਿਸ 'ਨਮ' ਤੋਂ ਸੰਸਕ੍ਰਿਤ ਵਿਚ 'ਨਮਸ' ਸ਼ਬਦ ਬਣਿਆ ਉਸੇ ਦਾ ਅਵੇਸਤਾ ਰੂਪ 'ਨਿਪਹ' ਪਹਿਲਵੀ ਵਿਚ ਬਣਿਆ 'ਨਮਾਸ' ਤੇ ਫ਼ਾਰਸੀ ਵਿਚ 'ਨਮਾਜ਼' ਵਿਚ ਢਲ਼ ਗਿਆ। ਅਰਬੀ ਵਿਚ ਇਹ ਫ਼ਾਰਸੀ ਤੋਂ ਗਿਆ ਹੈ। ਅਰਬੀ, ਫ਼ਾਰਸੀ, ਉਰਦੂ ਪੰਜਾਬੀ ਵਿਚ ਉਪਰੋਕਤ ਕਿੰਨੇ ਸ਼ਬਦ ਬਣੇ ਹਨ। ਨਮਸਕਾਰ ਦੇ ਅਰਥਾਂ ਵਿਚ ਸੰਸਕ੍ਰਿਤ ਵਿਚ ਪ੍ਰਣਾਮ ਸ਼ਬਦ ਪ੍ਰਚਲਤ ਹੈ। ਇਹ ਵੀ ਏਸੇ ਕੜੀ ਦਾ ਸ਼ਬਦ ਹੈ ਤੇ 'ਨਮ' ਧਾਤੂ ਤੋਂ (ਪ੍ਰ+ਨਮ+ਧਨ) ਤੋਂ ਹੀ ਬਣਿਆ ਹੈ। ਪ੍ਰਣਾਮ ਤੋਂ ਹੀ ਬਣਿਆ ਹੈ- ਪ੍ਰਣਿਪਤਨਮ, ਜਾਂ ਪ੍ਰਣਿਪਾਤ ਜਿਵੇਂ ਸ਼ਬਦ ਦੰਡਵਤ, ਨਮਸਕਾਰ ਅਥਵਾ ਚਰਨਾਂ 'ਤੇ ਢਹਿ ਪੈਣ ਦੇ ਅਰਥਾਂ ਵਿਚ ਹੈ।

ਇਹੀ ਅਸ਼ਟਾਂਗ ਨਮਸਕਾਰ ਹੈ। ਪ੍ਰਣਾਮ ਅਥਵਾ ਅਭਿਵਾਦਨ ਕਰਨ ਦਾ ਇਕ ਤਰੀਕਾ ਹੈ। ਇਹ ਧਰਤੀ 'ਤੇ ਸਰਲ ਰੇਖਾ ਵਾਂਗ ਸਿਧੇ ਲੇਟ ਕੇ ਕੀਤਾ ਜਾਂਦਾ ਹੈ। ਦੰਡਵਤ ਦਾ ਅਰਥ ਹੈ ਧਰਤੀ 'ਤੇ ਪਏ ਸਿਧੇ ਡੰਡੇਵਾਂਗ। ਦੰਡਵਤ ਮੁਦਰਾ ਵਿਚ ਸਰੀਰ ਦੇ ਅੱਠ ਅੰਗ ਛਾਤੀ, ਮਸਤਕ, ਅੱਖਾਂ, ਮਨ, ਵਚਨ, ਪੈਰ, ਪੱਟ ਤੇ ਹੱਥ ਧਰਤੀ ਨੂੰ ਸਪਰਸ਼ ਕਰਦੇ ਹਨ। ਅਰਬੀ ਜ਼ਬਾਨ ਵਿਚ ਸਜਦਾ ਵੀ ਅਭਿਵਾਦਨ ਦਾ ਇਕ ਅੰਗ ਹੈ। ਇਹ ਵੀ ਝੁਕ ਕੇ ਕੀਤੀ ਜਾਣ ਵਾਲੀ ਕਿਰਿਆ ਹੈ। ਦਰਅਸਲ ਸਜਦੇ ਦਾ ਭਾਵ ਹੈ ਨਮਾਜ਼ ਪੜ੍ਹਣ ਵੇਲੇ ਝੁਕਣਾ। ਜਿਸ ਵਿਚ ਮੱਥਾ, ਨੱਕ, ਗੋਡੇ, ਕੂਹਣੀਆਂ, ਪੈਰਾਂ ਦੀਆਂ ਉਂਗਲਾਂ ਜ਼ਮੀਨ ਨੂੰ ਛੂੰਹਦੀਆਂ ਹਨ। ਸਜਦਾ ਬਣਿਆ ਹੈ ਅਰਬੀ ਭਾਸ਼ਾ ਦੀ ਧਾਤੂ ਸ+ਜ+ਦ ਤੋਂ ਇਸ ਵਿਚ ਪ੍ਰਾਥਨਾ ਕਰਨ, ਗੋਡਿਆਂ ਪਰਨੇ ਝੁਕ ਕੇ, ਦੰਡਵਤ ਜਾਂ ਨਮਨ ਦੀ ਕਿਰਿਆ ਵਾਲੇ ਭਾਵ ਹਨ। ਅਰਬੀ ਭਾਸ਼ਾ ਦਾ ਇਕ ਪ੍ਰਸਿੱਧ ਉਪਸਰਗ ਹੈ 'ਮ' ਸਜਦੇ ਨਾਲ ਇਹਦੇ ਲੱਗਣ ਨਾਲ ਮਸਜਿਦ ਸ਼ਬਦ ਬਣਦਾ ਹੈ ਜਿਸ ਦਾ ਅਰਥ ਹੈ ਪੂਜਾ ਦਾ ਸਥਾਨ ਜਾਂ ਇਬਾਦਤਗਾਹ ਜਾਂ ਜਿੱਥੇ ਜਾ ਕੇ ਨਮਾਜ਼ੀ ਨਮਾਜ਼ ਪੜ੍ਹਦਾ ਹੈ। •

## ਗ਼ਜ਼ਲ

ਕੱਲ੍ਹ ਚਿੱਠੀ ਪੁੱਛਦੀ ਰਹੀ
ਪਤਾ ਘਰ ਦਾ ਮੇਰੇ।
ਨਹੀਂ ਦਿੱਤਾ ਕਿਸੇ ਨੇ ਵੀ
ਠਿਕਾਣਾ ਦਰ ਦਾ ਮੇਰੇ।

ਬੇਮੌਸਮ ਧੁੰਦ ਨਾਲ ਢੱਕਿਆ
ਸੀ ਆਸ਼ਿਆਂ ਮੇਰਾ,
ਚਿੱਠੀਆਂ ਕਿਵੇਂ ਲਗਾਉਂਦੀ
ਅੰਦਾਜ਼ਾ ਬਸਰ ਦਾ ਮੇਰੇ।

ਤਨਹਾ ਰਾਤ 'ਚ ਬਿਸਤਰ 'ਤੇ
ਪਏ ਵਜੂਦ ਨੇ ਮੇਰੇ,
ਸਵੇਰ ਤਕ ਖੋਜਿਆ ਨਵਾਂ
ਰਸਤਾ ਸਫ਼ਰ ਦਾ ਮੇਰੇ।

ਬੇਸ਼ੱਕ ਆਊਗਾ ਇਕ ਦਿਨ
ਉਨ੍ਹਾਂ ਦਾ ਪਯਾਮ,
ਕਿਉਂ ਲੈ ਰਿਹਾ ਹੈ ਕੋਈ
ਇਮਤਿਹਾਨ ਸਬਰ ਦਾ ਮੇਰੇ।

ਰੁਕੀ ਹੋਈ ਮੇਰੀ ਸਾਂਸ ਕਾਇਮ
ਸੀ ਜਿਸ ਉਮੀਦ 'ਤੇ,
ਉਜਾਲੇ 'ਚ ਉਹ ਵੀ ਵਹਿਮ
ਨਿਕਲਾ ਨਜ਼ਰ ਦਾ ਮੇਰੇ।

ਜਦੋਂ ਹੱਥ ਆਈ ਚਿੱਠੀ ਤਾਂ
ਭਿੱਜੀ-ਭਿੱਜੀ ਸੀ,
ਇਕ ਅਜਨਬੀ ਨੇ ਦੇ ਦਿੱਤਾ
ਸੀ ਪਤਾ ਕਬਰ ਦਾ ਮੇਰੇ।

• ਪੁਖਰਾਜ ਸੋਲੰਕੀ
92514319473

# ਜੀਵਨ ਦਰਸ਼ਨ ਤੇ ਪ੍ਰਭੂ ਪ੍ਰੇਮ ਦੀ ਬਾਤ ਪਾਉਂਦੀ ਅਮਨਦੀਪ ਚੱਠਾ

• ਬਿੰਦਰ ਬਸਰਾ
98765-46675

ਅਮਨਦੀਪ ਚੱਠਾ ਹਿੰਦਸਿਆਂ ਨਾਲ ਖੇਡਣ ਵਾਲੀ ਉੱਚ ਅਧਿਕਾਰੀ ਹੈ। ਅੰਕੜਿਆਂ ਦੀਆਂ ਚੁਸਤੀਆਂ ਅਤੇ ਬਰੀਕੀਆਂ ਫੜਨਾ ਉਨ੍ਹਾਂ ਦਾ ਕਸਬ ਹੈ। ਉਹ ਭਾਰਤੀ ਲੇਖਾ ਪ੍ਰੀਖਿਆ ਅਤੇ ਲੇਖਾ ਸੇਵਾ ਦੇ ਅਧਿਕਾਰੀ ਹਨ। ਅੱਜ ਕੱਲ੍ਹ ਉਹ ਮਹਾਨਿਰਦੇਸ਼ਕ, ਲੇਖਾ ਪ੍ਰੀਖਿਆ ਦੇ ਤੌਰ 'ਤੇ ਰੇਲ ਲੇਖਾ ਪ੍ਰੀਖਿਆ, ਸਿਕੰਦਰਾਬਾਦ 'ਚ ਕਾਰਜਸ਼ੀਲ ਹਨ। ਆਮ ਤੌਰ 'ਤੇ ਜੋੜ-ਘਟਾਓ ਕਰਨ ਵਾਲਿਆਂ ਨੂੰ ਜ਼ਿੰਦਗੀ ਦੀ ਖ਼ੂਬਸੂਰਤੀ ਨੂੰ ਮਾਣਨ ਵਾਲਿਆਂ ਦੀ ਸੂਚੀ 'ਚ ਸਭ ਤੋਂ ਅਖ਼ੀਰ 'ਚ ਰੱਖਿਆ ਜਾਂਦਾ ਹੈ। ਪਰ ਅਮਨਦੀਪ ਚੱਠਾ ਨੇ ਹਿੰਦਸਿਆਂ ਤੋਂ ਪਾਰ ਜਾ ਕੇ ਸ਼ਬਦਾਂ ਦੇ ਸਮੁੰਦਰ ਦੀ ਗਹਿਰਾਈ ਅਤੇ ਵਿਸ਼ਾਲਤਾ ਨੂੰ ਜਿਵੇਂ ਅਨੁਭਵ ਕੀਤਾ ਅਤੇ ਸਿਰਜਣਾ 'ਚ ਢਾਲਿਆ, ਉਸ ਤੋਂ ਉਕਤ ਕਥਨ ਝੂਠਾ ਪੈਂਦਾ ਨਜ਼ਰ ਆਉਂਦਾ ਹੈ। ਅਮਨਦੀਪ ਚੱਠਾ ਦੀਆਂ ਹੁਣ ਤਕ ਚਾਰ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਪਹਿਲੀ ਪੁਸਤਕ 'ਅਹਿਸਾਸ ਔਰ ਬੰਦਗੀ'(2009), ਦੂਜੀ 'ਇਨਾਇਤ' (2011),ਤੀਜੀ 'ਜ਼ਰਫ-ਏ-ਨਜ਼ਰ' ਅਤੇ ਚੌਥੀ ਪੁਸਤਕ 'ਜ਼ਾਫਰਾਨ' (2015) 'ਚ ਪ੍ਰਕਾਸ਼ਤ ਹੋਈਆਂ। 'ਰਹਿਨੁਮਾ' ਉਨ੍ਹਾਂ ਦੀ ਇਸੇ ਵਰ੍ਹੇ ਪ੍ਰਕਾਸ਼ਤ ਹੋਈ ਪੁਸਤਕ ਹੈ। ਇਸ ਪੁਸਤਕ ਵਿਚ ਉਨ੍ਹਾਂ ਆਪਣੀਆਂ ਪਹਿਲਾਂ ਪ੍ਰਕਾਸ਼ਤ ਹੋਈਆਂ ਦੋ ਪੁਸਤਕਾਂ 'ਅਹਿਸਾਸ ਔਰ ਬੰਦਗੀ' ਅਤੇ 'ਇਨਾਇਤ' 'ਚੋਂ ਚੋਣਵੀਆਂ ਕਾਵਿ ਟੁਕੜੀਆਂ ਸ਼ਾਮਲ ਕੀਤੀਆਂ ਹਨ।

ਕਾਵਿ ਸੰਗ੍ਰਹਿ 'ਰਹਿਨੁਮਾ' ਉਨ੍ਹਾਂ ਆਪਣੇ ਪਿਤਾ ਨੂੰ ਸਮਰਪਿਤ ਕੀਤਾ ਹੈ ਜਿਸ ਤੋਂ ਇਹ ਅੰਦਾਜ਼ਾ ਲੱਗ ਜਾਂਦਾ ਹੈ ਕਿ ਰਾਹ ਦਸੇਰਾ ਦਾ ਕੰਮ ਕਰਨ ਵਾਲੇ ਪਿਤਾ ਉਨ੍ਹਾਂ ਲਈ ਕਿੰਨੀ ਅਹਿਮੀਅਤ ਰੱਖਦੇ ਹਨ। ਪੁਸਤਕ ਦੀ ਜ਼ਿਆਦਤਰ ਸ਼ਾਇਰੀ ਬੱਚਿਆਂ ਲਈ ਮਾਂ-ਪਿਉ ਅਤੇ ਧੀਆਂ ਲਈ ਪੇਕੇ ਘਰ ਕੀ ਮਾਇਨੇ ਰੱਖਦਾ ਹੈ ਅਤੇ ਪਿਤਾ ਕਿਸ ਤਰ੍ਹਾਂ ਭਗਵਾਨ ਦਾ ਰੂਪ ਹਨ, ਦੇ ਵਿਸ਼ੇ ਦੁਆਲੇ ਘੁੰਮਦੀ ਹੈ। ਪੁਸਤਕ 'ਜ਼ਾਫਰਾਤ' ਜੀਵਨ ਦਰਸ਼ਨ ਅਤੇ ਪ੍ਰਭੂ ਭਗਤੀ ਦਾ ਸੁਮੇਲ ਹੈ।

ਅਮਨਦੀਪ ਚੱਠਾ ਦੀ ਕਵਿਤਾ ਪੜ੍ਹਦਿਆਂ ਬੰਦਗੀ ਦਾ ਅਹਿਸਾਸ ਪੈਦਾ ਹੁੰਦਾ ਹੈ। ਉਹ ਕਵਿਤਾ ਨੂੰ ਅਹਿਸਾਸ ਅਤੇ ਅਨੁਭਵ ਦੀ ਭੂਮੀ ਤੋਂ ਚਿਤਵਦੀ ਹੈ। ਰਿਸ਼ਤਿਆਂ ਦੇ ਤਾਣੇ-ਬਾਣੇ ਅਤੇ ਜ਼ਿੰਦਗੀ ਦੇ ਸਰੋਕਾਰਾਂ ਨੂੰ ਉਹ ਸ਼ਬਦਾਂ 'ਚ ਪਿਰੋਂਦੀ ਹੈ। ਉਸ ਦੀ ਸ਼ਾਇਰੀ ਨੂੰ ਸਮਝਣ ਤੋਂ ਪਹਿਲਾਂ ਕਾਵਿ ਕਲਾ ਦੇ ਪਿਛੋਕੜ ਬਾਰੇ ਕੁਝ ਵਿਚਾਰ ਕਰ ਲਿਆ ਜਾਵੇ। ਕਾਵਿ-ਕਲਾ ਦੇ ਵਿਕਾਸ ਤੋਂ ਪਹਿਲਾਂ ਵੀ ਲੋਕ ਆਪਣੀ ਸੋਚ ਨੂੰ ਵਾਰਤਕ ਰਾਹੀਂ ਇਕ ਦੂਜੇ ਨਾਲ ਸਾਂਝੀ ਕਰਦੇ ਹੀ ਸਨ ਪਰ ਇਹ ਗੁਫ਼ਤਗੂ ਨੂੰ ਸਾਹਿਤ ਦਾ ਨਾਂ ਨਹੀਂ ਸੀ ਦਿੱਤਾ ਗਿਆ। ਇਹ ਵੀ ਇਕ ਸਚਾਈ ਹੈ ਕਿ ਸਭ ਤੋਂ ਪਹਿਲਾਂ ਲੈਅਬੱਧ ਵਿਚਾਰਾਂ ਨੂੰ ਹੀ ਕਵਿਤਾ ਕਿਹਾ ਗਿਆ ਹੈ ਤੇ ਇਹੀ ਸਰਵ ਪਰਵਾਨਤ ਸੱਚ ਵੀ ਹੈ ਕਿ ਸਭ ਤੋਂ ਪਹਿਲਾਂ ਲਿਖਤੀ ਸਾਹਿਤ ਕਵਿਤਾ ਵਿਚ ਹੀ ਸਿਰਜਿਆ ਗਿਆ, ਬੇਸ਼ੱਕ ਉਹ ਸਾਹਿਤ ਤੰਤਰ-ਮੰਤਰ, ਆਰਥਿਕਤਾ, ਰਾਜਨੀਤੀ, ਸਾਹਿਤਕ ਜਾ ਕਿਸੇ ਹੋਰ ਵਿਸ਼ੇ ਨਾਲ ਸਬੰਧਤ ਸੀ। ਇਹ ਸਾਰਾ ਹੀ ਗਿਆਨ ਲੈਅਬੱਧ ਕਾਵਿ ਰੂਪ ਵਿਚ ਹੀ ਪ੍ਰਾਪਤ ਹੁੰਦਾ ਹੈ।

ਕਿਸੇ ਵੀ ਲੈਅ ਬੱਧ ਸਾਹਿਤਕ ਕਿਰਤ ਵਿਚ ਸਭ ਤੋਂ ਨਿੱਕੀ ਇਕਾਈ ਮਿਸਰਾ ਹੁੰਦੀ ਹੈ। ਇਹ ਇਕਾਈ ਅੱਖਰ ਤੋਂ ਸ਼ਬਦ ਤੇ ਫਿਰ ਮਿਸਰਾ ਤੇ ਮਿਸਰੇ ਤੋਂ ਸ਼ਿਅਰ ਦਾ ਰੂਪ ਇਖ਼ਤਿਆਰ ਕਰਦੀ ਹੈ। ਅੱਗੋਂ ਇਹ ਸ਼ਿਅਰ ਕਵਿਤਾ, ਗੀਤ ਜਾਂ ਗ਼ਜ਼ਲ ਦਾ ਰੂਪ ਲੈਂਦੇ ਹਨ। ਬੇਸ਼ੱਕ ਸ਼ਿਅਰ ਕਾਵਿ-ਸਾਹਿਤ ਦੀ ਛੋਟੀ ਇਕਾਈ ਹੈ ਪਰ ਇਸ ਦਾ ਘੇਰਾ ਅਸੀਮ ਹੈ। ਦੋ ਸਤਰਾਂ ਦੇ ਇਕ ਸ਼ਿਅਰ ਵਿਚ ਸਾਰੀ ਕਾਇਨਾਤ ਦੀ ਸੁੰਦਰਤਾ, ਦੁੱਖਾਂ-ਦਰਦਾਂ, ਖ਼ੁਸ਼ੀਆਂ





ਚਾਵਾਂ ਦੀ ਵਿਆਖਿਆ ਕੀਤੀ ਹੁੰਦੀ ਹੈ। ਪੰਜਾਬੀ ਸਾਹਿਤ ਵਿਚ ਇਨ੍ਹਾਂ ਦੋ ਸਤਰਾਂ ਦੇ ਸਾਹਿਤ ਨੂੰ ਦੋਹਰਾ, ਸ਼ਲੋਕ ਜਾਂ ਸ਼ਿਅਰ ਕਿਹਾ ਜਾਂਦਾ ਹੈ। ਦੋ ਸਤਰੀ ਇਨ੍ਹਾਂ ਕਾਵਿ-ਵੰਨਗੀਆਂ ਦਾ ਆਪਣਾ ਪਿੰਗਲ/ਅਰੂਜ਼ ਅਨੁਸਾਰ ਬਹਿਰ ਵਜ਼ਨ ਜਾਂ ਤੋਲ ਤੁਕਾਂਤ ਹੁੰਦਾ ਹੈ। ਇਸ ਦੀ ਅਨੋਖੀ ਲੈਅ, ਸੁਹਜ-ਸੁਆਦ ਅਤੇ ਅਨੂਠੇ ਹੀ ਅੰਦਾਜ਼ ਵਿਚ ਸ਼ਾਇਰ ਦੁਆਰਾ ਲੁਕਾਈ ਜਾਂ ਆਪਣੇ ਮਨ ਦੀ ਗੱਲ ਨੂੰ ਇਨ੍ਹਾਂ ਵੰਨਗੀਆਂ ਰਹੀ ਕਿਹਾ ਜਾਂਦਾ ਹੈ। ਅਮਨਦੀਪ ਨੇ ਵੀ ਆਪਣੇ ਮਨ ਦੇ ਵਲਵਲਿਆਂ ਦੀ ਅਭਿਵਿਅਕਤੀ ਲਈ ਕਵਿ-ਸਾਹਿਤ ਦੀ ਮੁੱਢਲੀ ਇਕਾਈ ਨੂੰ ਚੁਣਿਆ ਹੈ। ਉਸ ਨੇ ਰਹਿਨੁਮਾ ਨਾਂ ਦੀ ਪੁਸਤਕ ਵਿਚ ਬਹੁਤ ਹੀ ਖ਼ੂਬਸੂਰਤ ਸ਼ਿਅਰਾਂ ਦੀ ਰਚਨਾ ਕੀਤੀ ਹੈ। ਸੌ ਪੰਨਿਆਂ ਦੀ ਇਸ ਪੁਸਤਕ ਵਿਚ ਉਸ ਨੇ ਆਪਣੀਆਂ ਪਹਿਲੀਆਂ ਪੁਸਤਕਾਂ ਵਿੱਚੋਂ ਅਤੇ ਕੁਝ ਨਵੇਂ ਸ਼ਿਅਰਾਂ ਸ਼ਾਮਿਲ ਕੀਤੇ ਹਨ। ਹੱਥਲੀ ਪੁਸਤਕ ਦਾ ਹੋਰ ਕਾਵਿ ਪੁਸਤਕਾਂ ਨਾਲੋਂ ਵੱਖਰਾਪਨ ਇਸ ਨਜ਼ਰੀਏ ਤੋਂ ਵੀ ਹੈ ਕਿ ਇਸ ਦੀ ਭਾਸ਼ਾ ਤ੍ਰੈ ਭਾਸ਼ਾਈ ਹੈ। ਤ੍ਰੈ ਭਾਸ਼ਾਈ ਉਰਦੂ, ਪੰਜਾਬੀ, ਹਿੰਦੀ ਨਹੀਂ ਬਲਕਿ ਉਰਦੂ, ਹਿੰਦੀ ਅਤੇ ਅੰਗਰੇਜ਼ੀ ਹੈ। ਅੰਗਰੇਜ਼ੀ ਦਾ ਇਹ ਅਰਥ ਨਹੀਂ ਕਿ ਇਨ੍ਹਾਂ ਸ਼ਿਅਰਾਂ ਦਾ ਅੰਗਰੇਜ਼ੀ ਭਾਸ਼ਾ ਵਿਚ ਅਨੁਵਾਦ ਕੀਤਾ ਗਿਆ ਹੈ। ਇਹ ਵਿਚ ਸਿਰਫ਼ ਰੋਮਨ ਤੇ ਉਰਦੂ ਅੱਖਰਾਂ ਦੀ ਵਰਤੋਂ ਕੀਤੀ ਗਈ ਹੈ, ਮੂਲ ਭਾਸ਼ਾ ਉਰਦੂ ਹੀ ਹੈ।ਸ਼ਿਅਰ ਦੀ ਆਤਮਾ 'ਚ ਉਰਦੂ ਦਾ ਰੰਗ ਹੈ। ਕਲਾਤਮਿਕ ਪੱਖੋਂ ਅਮਨਦੀਪ ਦੀ ਕਲਾ ਲਾਜਵਾਬ ਹੈ। ਉਸ ਦੀ ਸ਼ਾਇਰੀ ਦੀਆਂ ਰਮਜ਼ਾਂ ਸਮਝਣ ਵਾਲੀਆਂ ਹਨ। ਉਸ ਦੇ ਸ਼ਿਅਰਾਂ ਵਿਚ ਇਸ਼ਕ ਮਿਜ਼ਾਜੀ ਦੇ ਨਾਲ-ਨਾਲ ਇਸ਼ਕ ਹਕੀਕੀ ਦਾ ਝਲਕਾਰਾ ਵੀ ਪੈਂਦਾ ਹੈ। ਦੇਖੋ ਉਸ ਦੇ ਖ਼ੂਬਸੂਰਤ ਸ਼ਿਅਰਾਂ ਦਾ ਨਮੂਨਾ :

*ਹਮਾਰਾ ਕੋਈ ਹਬੀਬ ਨਹੀਂ,*
*ਹਮਾਰਾ ਕੋਈ ਰਕੀਬ ਨਹੀਂ,*
*ਤੇਰੀ ਹਜ਼ੂਰੀ ਮੇਂ ਬੈਠਾ ਹੂੰ ਆਜ,*
*ਬਿਲਕੁੱਲ ਤਨਹਾ।*
*ਅਪਨੀ ਖ਼ੈਰ ਨਹੀਂ,*
*ਉਸ ਕੀ ਖ਼ੈਰੀਅਤ ਮਾਂਗਤਾ ਹੈ,*
*ਕਿਸੀ ਜਨਮ ਕਾ*
*ਫ਼ਰਿਸ਼ਤਾ ਹੈ ਆਸ਼ਿਕ।*
*ਜ਼ਰਾ ਕਮ ਪਿਆਰ ਕਰਤੇ ਤੋ*
*ਕਿਆ ਜਾਤਾ ਉਨਕਾ,*
*ਹਮ ਤੋ ਸੰਭਲ ਜਾਤੇ*
*ਕਿਸੀ ਅਭਾਵ ਕੇ ਤਲੇ।*
*ਜੋ ਦਿਲ ਮੇਂ ਸੋਜ਼ ਹੈ,*
*ਗਰ ਕਲਮ ਮੇਂ ਵੋ ਰਵਾਨੀ ਹੋਤੀ,*
*ਹਮ ਭੀ ਲਿਖਤੇ ਕੁਛ ਐਸਾ,*
*ਜੋ ਖ਼ੁਦਾ ਕਾ ਦੀਦਾਰ ਹੋਤਾ।*
*ਨਾ ਮਿਲਨੇ ਕੀ ਖ਼ਵਾਹਿਸ਼,*
*ਨਾ ਬਾਤ ਕਰਨੇ ਕੀ ਤਲਬ,*
*ਵੋਹ ਇਸ ਕਦਰ ਕਰੀਬ ਹੈ ਹਮਾਰੇ,*
*ਜ਼ਮਾਨੇ ਕੋ ਕੈਸੇ ਹੋਤੀ ਖ਼ਬਰ।*
*ਤਨਹਾਈ ਕਿਤਨੀ ਤਨਹਾ ਹੈ,*
*ਸਿਰਫ਼ ਆਈਨਾ ਜਾਨਤਾ ਹੈ।*

ਅਮਨਦੀਪ ਦੇ ਸ਼ਿਅਰਾਂ ਵਿਚ ਪਿਆਰ ਦਾ ਅਹਿਸਾਸ ਹੈ। ਕੁਝ ਕਹਿ ਕੇ ਵੀ ਕੁਝ ਨਾ ਕਹਿਣ ਦਾ ਮਲਾਲ ਹੈ। ਤਨਹਾਈ ਤੇ ਵਿਛੋੜੇ ਦੀਆਂ ਸਿਸਕੀਆਂ ਵੀ ਹਨ ਤੇ ਕੁਝ ਪਲ ਦੇ ਵਸਲ ਦੀ ਖ਼ੁਸ਼ੀ ਵੀ। ਉਸ ਦਾ ਇਸ਼ਕ ਜਿਸਮਾਂ ਦੀਆਂ ਹੱਦਾਂ ਬੰਨੇ ਪਾਰ ਕਰ ਕੇ ਕਿਸੇ ਅਗਮ-ਅਗੋਚਰ ਸ਼ਕਤੀ ਦੀ ਤਲਾਸ਼ ਵਿਚ ਹੈ। ਉਸ ਦੀ ਤਨਹਾਈ ਹੀ ਉਸ ਦੀ ਸਾਥਣ ਬਣਦੀ ਹੈ।

ਕੁਦਰਤ ਦੀ ਸੁੰਦਰਤਾ ਅਤੇ ਫੁੱਲਾਂ ਦੇ ਖਿੜਨ ਦਾ ਨਾਤਾ ਮਨ ਦੇ ਮੌਸਮ ਨਾਲ ਜੁੜਿਆ ਹੈ। ਬੁਝੇ ਮਨ ਲਈ ਖਿੜੇ ਫੁਲ ਵੀ ਕੋਈ ਮਾਇਨੇ ਨਹੀਂ ਰੱਖਦੇ। ਓਹੀ ਫੁੱਲ ਤੁਹਾਡੇ ਕਿਸੇ ਆਪਣੇ ਦੇ ਆਉਣ ਨਾਲ ਮਹਿਕ ਉਠਦੇ ਨੇ ਤਾਂ ਖ਼ਿਆਲ ਆਉਂਦਾ ਹੈ ਕਿ ਇਨ੍ਹਾਂ ਫੁੱਲਾਂ 'ਚ ਮਹਿਕ ਕਿੱਥੋਂ ਆਈ ਹੈ। ਇਸ ਖ਼ਿਆਲ ਨੂੰ ਅਮਨਦੀਪ ਨੇ ਆਪਣੇ ਸ਼ਿਅਰ 'ਚ ਹੋਰ ਵੀ ਦਿਲਚਸਪ ਅਤੇ ਖ਼ੂਬਸੂਰਤ ਬਣਾ ਦਿੱਤਾ ਹੈ :

*ਤੁਮ ਆਏ ਲੌਟ ਕਰ ਤੋ ਯੇ ਰਾਜ਼ ਖੁਲਾ*
*ਫੂਲੋਂ ਕੀ ਮਹਿਕ ਕਹਾਂ ਗ਼ਾਇਬ ਥੀ।*

ਅਮਨਦੀਪ ਪਰਿਵਾਰਿਕ ਰਿਸ਼ਤਿਆਂ ਦੀ ਉਧੇੜ-ਬੁਣ ਕਰਨ ਵਾਲੀ ਸ਼ਾਇਰਾ ਹੈ। ਰਿਸ਼ਤਿਆਂ ਦੇ ਟੁਟਣ-ਜੁੜਨ ਦੇ ਕਰਮ ਨੂੰ ਉਸ ਨੇ ਬਹੁਤ ਬਰੀਕੀ ਨਾਲ ਚਿਤਰਿਆ ਹੈ। ਰਿਸ਼ਤਿਆਂ ਬਾਰੇ ਉਨ੍ਹਾਂ ਦੇ ਦੋ ਸ਼ੇਅਰ ਦੇਖੋ :

*ਪਾਨੀ ਮੇਂ ਹੁਬਾਬ ਜੈਸਾ*
*ਰਿਸ਼ਤਾ ਹੈ ਹਮਾਰਾ*
*ਆਜ ਹੈ ਕਲ ਨਹੀਂ,*
*ਫਿਰ ਭੀ ਬਨਤਾ ਜ਼ਰੂਰ ਹੈ।*
*ਏਕ ਅਜਬ ਸਾ ਰਿਸ਼ਤਾ ਹੈ,*
*ਏਕ ਸਾਗਰ, ਏਕ ਡੂਬਤਾ ਹੂਆ ਸਫੀਨਾ*
*ਕਹੀਂ ਗੁਮਾਨ ਗਹਿਰਾਈ ਕਾ,*
*ਕਹੀਂ ਡੂਬ ਕਰ ਉਸ ਕੋ ਮਾਪਨੇ ਕਾ।*

ਕਿਸੇ ਆਪਣੇ ਪਿਆਰੇ ਦੀ ਉਡੀਕ ਲਈ ਇੰਨਾ ਸਬਰ ਅਤੇ ਸੰਜਮ ਦੇਖ ਕੇ ਮਨ ਬੇਕਾਬੂ ਹੋ ਉਠਦਾ ਹੈ। ਅਹਿਸਾਸ ਦੀ ਸ਼ਿੱਦਤ ਦੇਖੋ :

*ਅਪਨਾ ਪਤਾ ਬਦਲਾ ਨਹੀਂ ਏਕ ਅਰਸੇ ਸੇ*
*ਤੇਰੇ ਖ਼ਤ ਕਾ ਇੰਤਜ਼ਾਰ ਹੈ।*

ਪਿਆਰੇ ਨਾਲ ਮਿਲਣ ਦੇ ਅਨੁਭਵ ਨੂੰ ਕਿਸੇ ਵੀ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਅਨੁਭਵ ਗੂੰਗੇ ਦੇ ਗੁੜ ਖਾ ਕੇ ਸਵਾਦ ਦੱਸਣ ਵਾਂਗ ਹੈ। ਇਸ ਅਨੁਭਵ ਦੀ ਦੁਹਾਈ ਉਹ ਹੀ ਲੋਕ ਪਾਉਂਦੇ ਹਨ ਜਿਨ੍ਹਾਂ ਕਦੇ ਇਸ਼ਕ-ਪਿਆਰ ਕੀਤਾ ਹੀ ਨਹੀਂ ਹੁੰਦਾ।

*ਇਜ਼ਹਾਰ-ਏ-ਮੁਹੱਬਤ*
*ਕਰ ਸਕਤਾ ਹੈ ਵਹੀ*
*ਜਿਸ ਨੇ ਸ਼ਾਇਦ ਕਭੀ*
*ਮੁਹੱਬਤ ਕੀ ਹੀ ਨਹੀਂ*
*ਕਿਸੀ ਕੇ ਵਕਤ ਕੋ ਜਾਇਯਾ ਕਰਨੇ ਕਾ*
*ਹਕ ਨਹੀਂ ਹਮਕੋ*
*ਹਮ ਨੇ ਕਿਆ ਮਹਿਸੂਸ ਕੀਆ, ਹਮ*
*ਕਿਉਂ ਬਤਾਏਂ ਕਿਸੀ ਕੋ*

ਇਸ ਤਰ੍ਹਾਂ ਮਿਲਣ ਲਈ ਤੜਪ ਅਤੇ ਇੰਤਜ਼ਾਰ ਦੇ ਅਨੁਭਵ ਦੇ ਬਹੁਤ ਗਹਿਰੇ ਅਰਥਾਂ ਵਾਲੇ ਸ਼ਿਅਰ ਇਸ ਪੁਸਤਕ 'ਚ ਪਏ ਹਨ।

*ਹਮਾਰੀ ਖ਼ਵਾਹਿਸ਼ੋਂ ਪਰ ਏਤਰਾਜ਼*
*ਨਾ ਕੀਜੀਏ*
*ਹਮੇਂ ਏਕ ਔਰ ਜਨਮ ਕੀ ਸਜ਼ਾ ਸੇ*
*ਬਚਾ ਲੀਜੀਏ*
*ਬਾਤ ਅਬ ਖ਼ਵਾਹਿਸ਼ੋਂ ਸੇ ਪਰੇ ਹੈ*
*ਉਸ ਕੇ ਦਾਮਨ ਦਾ ਹਿੱਸਾ ਬਨ ਗਏ ਹਮ।*

ਅਧੂਰੀਆਂ ਇੱਛਾਵਾਂ ਨੇ ਉਸ ਨੂੰ ਪੂਰਨਤਾ ਦੇ ਰਾਹ ਪਾਇਆ ਹੈ। ਸੋ ਅਮਨਦੀਪ ਦੀ ਸ਼ਾਇਰੀ ਨਿੱਜ ਤੋਂ ਸ਼ੁਰੂ ਹੋ ਕੇ ਪਰ ਤਕ ਦਾ ਸਫ਼ਰ ਤੈਅ ਕਰਦੀ ਹੋਈ ਸੂਫ਼ੀਅਤ ਦੀਆਂ ਰਾਹਾਂ ਵੱਲ ਦਾ ਰੁਖ਼ ਕਰਦੀ ਨਜ਼ਰ ਆਉਂਦੀ ਹੈ। ਬਾਬਾ ਫ਼ਰੀਦ ਜੀ ਨੇ ਮਿੱਟੀ ਦੇ ਮਨੁੱਖ ਨਾਲ ਸਦੀਵੀ ਰਿਸ਼ਤੇ ਦੀ ਬਾਤ ਪਾਈ ਹੈ। ਜਿਹੜੀ ਮਿੱਟੀ ਮਨੁੱਖ ਦੇ ਜਿਊਂਦੇ ਜੀਅ ਉਸ ਦੇ ਪੈਰਾਂ ਹੇਠ ਵਿਛੀ ਰਹਿੰਦੀ ਹੈ ਓਹੀ ਮਿੱਟੀ ਉਸ ਦੇ ਮੌਤ ਦੀ ਆਗ਼ੋਸ਼ 'ਚ ਚਲੇ ਜਾਣ ਤੋਂ ਬਾਅਦ ਉਸ ਨੂੰ ਢਕ ਲੈਂਦੀ ਹੈ। ਬਿਲਕੁਲ ਅਜਿਹੇ ਰਿਸ਼ਤੇ ਦੀ ਬਾਤ ਅਮਨਦੀਪ ਨੇ ਪਾਈ ਹੈ ਕਿ ਮਿੱਟੀ ਨਾਲ ਮਨੁੱਖ ਦਾ ਨਾਤਾ ਸਦੀਆਂ ਪੁਰਾਣਾ ਹੈ। ਸਾਡੇ ਇਸ ਨਾਸ਼ਵਾਨ ਸਰੀਰ ਦੇ ਮਿੱਟੀ 'ਚ ਮਿਲ ਜਾਣ ਪਿੱਛੋਂ ਉਸੇ ਮਿੱਟੀ 'ਚੋਂ ਘੁਮਿਆਰ ਕੁਲਹੜ ਤਿਆਰ ਕਰਦਾ ਹੈ। ਜਿਸ 'ਚ ਚਾਹ ਪੀਦਿਆਂ ਸਾਨੂੰ ਆਪਣੀ ਮਿੱਟੀ ਦੀ ਮਹਿਕ ਆਉਂਦੀ ਹੈ

*ਕੁਲਹੜ ਮੇਂ ਜਬ ਚਾਏ ਪੀ ਤੋ ਆਪਣੀ*
*ਮਹਿਕ ਆਈ।*
*ਕਿ ਮਿੱਟੀ ਮੇਂ ਮਿੱਟੀ ਹੋਤੇ ਹਮੇ ਭੀ*
*ਕਿਤਨੀ ਸਦੀਆਂ ਬੀਤ ਗਈ।* •

### ਕਾਵਿ ਉਡਾਰੀ

*ਅਮਨਦੀਪ ਚੱਠਾ ਕਵਿਤਾ ਨੂੰ ਅਹਿਸਾਸ ਅਤੇ ਅਨੁਭਵ ਦੀ ਭੂਮੀ ਤੋਂ ਚਿਤਵਦੀ ਹੈ। ਰਿਸ਼ਤਿਆਂ ਦੇ ਤਾਣੇ-ਬਾਣੇ ਅਤੇ ਜ਼ਿੰਦਗੀ ਦੇ ਸਰੋਕਾਰਾਂ ਨੂੰ ਉਹ ਸ਼ਬਦਾਂ 'ਚ ਪਿਰੋਂਦੀ ਹੈ। ਉਸ ਦੀ ਸ਼ਾਇਰੀ ਨੂੰ ਸਮਝਣ ਤੋਂ ਪਹਿਲਾਂ ਕਾਵਿ ਕਲਾ ਦੇ ਪਿਛੋਕੜ ਬਾਰੇ ਕੁਝ ਵਿਚਾਰ ਕਰ ਲਿਆ ਜਾਵੇ। ਕਾਵਿ-ਕਲਾ ਦੇ ਵਿਕਾਸ ਤੋਂ ਪਹਿਲਾਂ ਵੀ ਲੋਕ ਆਪਣੀ ਸੋਚ ਨੂੰ ਵਾਰਤਕ ਰਾਹੀਂ ਇਕ ਦੂਜੇ ਨਾਲ ਸਾਂਝੀ ਕਰਦੇ ਹੀ ਸਨ ...*



### ਸ਼ਾਇਰੀ ਦੀਆਂ ਰਮਜ਼ਾਂ

**ਅਮਨਦੀਪ ਚੱਠਾ ਦੀ ਕਵਿਤਾ ਕਲਾਤਮਿਕ ਪੱਖੋਂ ਲਾਜਵਾਬ ਹੈ। ਉਸ ਦੀ ਸ਼ਾਇਰੀ ਦੀਆਂ ਰਮਜ਼ਾਂ ਸਮਝਣ ਵਾਲੀਆਂ ਹਨ। ਉਸ ਦੇ ਸ਼ਿਅਰਾਂ ਵਿਚ ਇਸ਼ਕ ਮਿਜ਼ਾਜੀ ਦੇ ਨਾਲ-ਨਾਲ ਇਸ਼ਕ ਹਕੀਕੀ ਦਾ ਝਲਕਾਰਾ ਵੀ ਪੈਂਦਾ ਹੈ।**




# ਸੌਂਫ਼ ਅਨੇਕਾਂ ਬੀਮਾਰੀਆਂ ਨੂੰ ਕਰਦੀ ਹੈ ਜੜ੍ਹ ਤੋਂ ਖਤਮ



ਸੌਂਫ਼ ਦਾ ਇਸਤੇਮਾਲ ਹਰ ਘਰ 'ਚ ਕੀਤਾ ਜਾਂਦਾ ਹੈ। ਇਸ ਨੂੰ ਮਸਾਲਿਆਂ ਦੀ ਰਾਣੀ ਵੀ ਕਿਹਾ ਜਾਂਦਾ ਹੈ। ਇਸ 'ਚ ਕੈਲਸ਼ੀਅਮ,ਆਇਰਨ, ਪੋਟਾਸ਼ੀਆਂ, ਮੈਗਨੀਸ਼ੀਅਮ ਦੇ ਇਲਾਵਾ ਹੋਰ ਵੀ ਬਹੁਤ ਸਾਰੇ ਪੋਸ਼ਕ ਤੱਤ ਪਾਏ ਜਾਂਦੇ ਹਨ। ਸੌਂਫ਼ ਖਾਣੇ ਦੇ ਬਹੁਤ ਫ਼ਾਇਦੇ ਹਨ। ਇਸ ਨਾਲ ਸਿਹਤ ਨਾਲ ਜੁੜੀਆਂ ਬਹੁਤ ਸਾਰੀਆਂ ਪ੍ਰੇਸ਼ਾਨੀਆਂ ਤੋਂ ਬਚਿਆ ਜਾ ਸਕਦਾ ਹੈ। ਆਓ ਜਾਣਦੇ ਹਾਂ ਸੌਂਫ਼ ਦੇ ਅਣਗਿਣਤ ਫ਼ਾਇਦਿਆਂ ਬਾਰੇ...

1. ਪਾਚਨ ਕਿਰਿਆ ਦਰੁਸਤ

ਸੌਂਫ਼ ਖਾਣ ਨਾਲ ਪਾਚਨ ਕਿਰਿਆ ਦਰੁਸਤ ਰਹਿੰਦੀ ਹੈ। ਖਾਣਾ ਖਾਣ ਦੇ ਬਾਅਦ ਸੌਂਫ਼ ਦੇ ਨਾਲ ਮਿਸ਼ਰੀ ਦਾ ਸੇਵਨ ਕਰਨ ਨਾਲ ਫ਼ਾਇਦਾ ਮਿਲਦਾ ਹੈ। ਇਸ ਨਾਲ ਪੇਟ ਸਬੰਧੀ ਪ੍ਰੇਸ਼ਾਨੀਆਂ ਦੂਰ ਹੋ ਜਾਂਦੀਆਂ ਹਨ। ਰਾਤ ਨੂੰ ਕੋਸੇ ਪਾਣੀ ਨਾਲ ਸੌਂਫ਼ ਦੇ ਚੂਰਣ ਦਾ ਇਸਤੇਮਾਲ ਕਰਨ ਨਾਲ ਪੇਟ ਦੀ ਗੈਸ ਠੀਕ ਹੋ ਜਾਂਦੀ ਹੈ।

2. ਅੱਖਾਂ ਦੀ ਰੌਸ਼ਨੀ ਤੇਜ਼

ਸੌਂਫ਼, ਮਿਸ਼ਰੀ ਅਤੇ ਬਾਦਾਮ ਨੂੰ ਬਰਾਬਰ ਮਾਤਰਾ 'ਚ ਪੀਸ ਲਓ। ਰੋਜ਼ਾਨਾ ਰਾਤ ਨੂੰ ਇਸ ਮਿਸ਼ਰਣ ਦਾ 1 ਚੱਮਚ ਖਾਣੇ ਦੇ ਬਾਅਦ ਦੁੱਧ ਦੇ ਨਾਲ ਸੇਵਨ ਕਰੋ। ਇਸ ਦੇ ਲਗਾਤਾਰ ਸੇਵਨ ਨਾਲ ਅੱਖਾਂ ਦੀ ਰੌਸ਼ਨੀ ਤੇਜ਼ ਹੋ ਜਾਂਦੀ ਹੈ।

3. ਹਾਈ ਬਲੱਡ ਪ੍ਰੈਸ਼ਰ ਕੰਟਰੋਲ

ਸੌਂਫ਼ 'ਚ ਪੋਟਾਸ਼ੀਅਮ ਦੀ ਭਰਪੂਰ ਮਾਤਰਾ ਹੁੰਦੀ ਹੈ। ਇਸ ਦੇ ਸੇਵਨ ਨਾਲ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਮਦਦ ਮਿਲਦੀ ਹੈ।

4. ਪੇਟ ਦੀਆਂ ਸਮੱਸਿਆਵਾਂ

ਗੈਸ, ਭੁੱਖ ਨਾ ਲੱਗਣਾ ਅਤੇ ਪੇਟ ਫ਼ੁੱਲਣ ਤੋਂ ਪ੍ਰੇਸ਼ਾਨ ਹੋ ਤਾਂ ਰੋਜ਼ਾਨਾ ਦਿਨ 'ਚ 3 ਵਾਰ ਭੁੰਨੀ ਹੋਈ ਸੌਂਫ਼ ਦਾ ਸੇਵਨ ਜ਼ਰੂਰ ਕਰੋ।

5. ਮੋਟਾਪਾ ਘੱਟ ਕਰੇ

ਸਰੀਰ 'ਚ ਜਮ੍ਹਾ ਫ਼ਾਲਤੂ ਚਰਬੀ ਨੂੰ ਘੱਟ ਕਰਨ 'ਚ ਸੌਂਫ਼ ਬੇਹੱਦ ਕਾਰਗਰ ਹੈ। ਇਹ ਬਾਡੀ 'ਚ ਮੈਟਾਬਾਲੀਜ਼ਮ ਨੂੰ ਵਧਾ ਕੇ ਭਾਰ ਘਟਾਉਣ 'ਚ ਮਦਦ ਕਰਦੀ ਹੈ। ਭਾਰ ਘੱਟ ਕਰਨ ਲਈ ਸੌਂਫ਼ ਦੇ ਨਾਲ ਕਾਲੀ ਮਿਰਚ ਮਿਲਾ ਕੇ ਪੀਣ ਨਾਲ ਫ਼ਾਇਦਾ ਹੁੰਦਾ ਹੈ।

6. ਚੰਗੀ ਨੀਂਦ

ਨੀਂਦ ਨਾ ਆਉਣ ਦੀ ਪ੍ਰੇਸ਼ਾਨੀ ਹੈ ਤਾਂ ਦੁੱਧ 'ਚ ਸੌਂਫ਼ ਨੂੰ ਉਬਾਲ ਕੇ ਇਸ 'ਚ ਸ਼ਹਿਦ ਮਿਲਾ ਕੇ ਪੀਣ ਨਾਲ ਫ਼ਾਇਦਾ ਹੁੰਦਾ ਹੈ।

7. ਖੰਘ ਦੂਰ ਕਰੇ

ਖੰਘ ਨੂੰ ਦੂਰ ਕਰਨ ਲਈ 1 ਚੱਮਚ ਸੌਂਫ਼, 2 ਚੱਮਚ ਅਜਵਾਈਨ ਅਤੇ ਅੱਧਾ ਲੀਟਰ ਪਾਣੀ ਨੂੰ ਉਬਾਲ ਲਓ। ਕੋਸਾ ਹੋਣ 'ਤੇ ਇਸ ਪਾਣੀ 'ਚ ਥੋੜ੍ਹਾ ਜਿਹਾ ਸ਼ਹਿਦ ਮਿਲਾ ਕੇ ਦਿਨ 'ਚ 2-3 ਵਾਰ ਪੀਓ।

8. ਖ਼ੂਨ ਦੀ ਕਮੀ

ਸੌਂਫ਼ 'ਚ ਆਇਰਨ ਦੀ ਭਰਪੂਰ ਮਾਤਰਾ ਹੁੰਦੀ ਹੈ, ਜਿਸ ਨੂੰ ਰੋਜ਼ਾਨਾ ਪਾਣੀ ਨਾਲ ਸਰੀਰ 'ਚ ਹੀਮੋਗਲੋਬਿਨ ਦਾ ਲੈਵਲ ਵਧ ਜਾਂਦਾ ਹੈ ਅਤੇ ਸਰੀਰ 'ਚ ਅਨੀਮੀਆ ਦੀ ਕਮੀ ਪੂਰੀ ਹੋ ਜਾਂਦੀ ਹੈ।

9. ਯਾਦਦਾਸ਼ਤ ਤੇਜ਼ ਕਰੇ

ਜੇਕਰ ਤੁਹਾਡੀ ਯਾਦਦਾਸ਼ਤ ਕਮਜ਼ੋਰ ਹੈ ਤਾਂ ਅੱਜ ਤੋਂ ਹੀ ਸੌਂਫ਼ ਦਾ ਸੇਵਨ ਸ਼ੁਰੂ ਕਰ ਦਿਓ। ਇਹ ਨਾ ਸਿਰਫ਼ ਦਿਮਾਗ ਨੂੰ ਮਜ਼ਬੂਤ ਕਰੇਗੀ ਸਗੋਂ ਅੱਖਾਂ ਦੀ ਰੌਸ਼ਨੀ ਵਧਾਉਣ 'ਚ ਵੀ ਫ਼ਾਇਦੇਮੰਦ ਸਾਬਤ ਹੋਵੇਗੀ।

10 ਕੋਲੈਸਟਰੋਲ ਨੂੰ ਘੱਟ ਕਰੇ

ਰੋਜ਼ਾਨਾ ਸੌਂਫ਼ ਦਾ ਸੇਵਨ ਕਰਨ ਨਾਲ ਕੋਲੈਸਟਰੋਲ ਲੈਵਲ ਕੰਟਰੋਲ 'ਚ ਰਹਿੰਦਾ ਹੈ। ਦਿਲ ਦੀ ਰੱਖਿਆ ਕਰਨ 'ਚ ਵੀ ਸੌਂਫ਼ ਬੇਹੱਦ ਲਾਭਕਾਰੀ ਹੈ।

# ਸ਼ੂਗਰ ਲੈਵਲ ਨੂੰ ਕੰਟਰੋਲ ਲਈ ਅਪਣਾਓ ਇਹ ਨੁਸਖ਼ੇ



ਸ਼ੂਗਰ ਲੈਵਲ ਦਾ ਵਧਣਾ ਜਾਂ ਘੱਟ ਹੋਣਾ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ। ਸ਼ੂਗਰ ਲੈਵਲ ਅਨਕੰਟਰੋਲ ਹੋਣ 'ਤੇ ਸਰੀਰ ਦੇ ਕਈ ਅੰਗ ਡੈਮੇਜ਼ ਹੋ ਸਕਦੇ ਹਨ। ਇਸ ਲਈ ਸਰੀਰ 'ਚ ਸ਼ੂਗਰ ਲੈਵਲ ਦਾ ਸਹੀ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਅੱਜ ਅਸੀਂ ਤੁਹਾਨੂੰ ਕੁਝ ਅਜਿਹੇ ਘਰੇਲੂ ਤਰੀਕੇ ਦੱਸਣ ਜਾ ਰਹੇ ਹਾਂ ਜਿਸ ਨੂੰ ਅਪਣਾ ਕੇ ਤੁਸੀਂ ਆਸਾਨੀ ਨਾਲ ਸ਼ੂਗਰ ਲੈਵਲ ਨੂੰ ਕੰਟਰੋਲ 'ਚ ਕਰ ਸਕਦੇ ਹੋ ਅੱਜ ਅਸੀਂ ਤੁਹਾਨੂੰ ਸ਼ੂਗਰ ਲੈਵਲ ਕੰਟਰੋਲ ਕਰਨ ਦੇ ਕੁਝ ਘਰੇਲੂ ਨੁਸਖੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਸ ਬਾਰੇ...

1. ਅਲਸੀ ਦੇ ਬੀਜ

ਅਲਸੀ ਦੇ ਬੀਜਾਂ 'ਚ ਭਾਰੀ ਮਾਤਰਾ 'ਚ ਫ਼ਾਈਬਰ ਹੁੰਦੇ ਹਨ, ਜੋ ਸਰੀਰ ਦੀ ਸ਼ੂਗਰ ਅਤੇ ਫ਼ੈਟ ਨੂੰ ਅਬਜ਼ਾਬਰ ਕਰਨ 'ਚ ਮਦਦ ਕਰਦੇ ਹਨ। ਰੋਜ਼ ਸਵੇਰੇ 1 ਚੱਮਚ ਅਲਸੀ ਦੇ ਬੀਜ ਚਬਾਓ ਅਤੇ ਫ਼ਿਰ 1 ਗਲਾਸ ਪਾਣੀ ਪੀਓ।

2. ਨਿੰਮ ਦੀਆਂ ਪੱਤੀਆਂ

ਨਿੰਮ ਦੀਆਂ ਪੱਤੀਆਂ ਸਰੀਰ 'ਚ ਇੰਸੁਲਿਨ ਦੀ ਮਾਤਰਾ ਨੂੰ ਵਧਾ ਕੇ ਸ਼ੂਗਰ ਕੰਟਰੋਲ ਕਰਨ 'ਚ ਮਦਦ ਕਰਦੀਆਂ ਹਨ ਸਵੇਰੇ ਇੱਕ ਗਲਾਸ ਪਾਣੀ 'ਚ 8 ਨਿੰਮ ਦੀਆਂ ਪੱਤੀਆਂ ਉਬਾਲ ਕੇ ਛਾਣ ਲਓ। ਇਸ ਪਾਣੀ ਦਾ ਸੇਵਨ ਸ਼ੂਗਰ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ।

3. ਆਂਵਲਾ

ਵਿਟਾਮਿਨ ਸੀ ਦੇ ਗੁਣਾਂ ਨਾਲ ਭਰਪੂਰ ਆਂਵਲੇ ਦਾ ਸੇਵਨ ਪੇਨਕ੍ਰਿਆਜ਼ ਦੇ ਕਾਰਜ ਨੂੰ ਬਿਹਤਰ ਬਣਾਉਂਦਾ ਹੈ, ਜਿਸ ਨਾਲ ਸ਼ੂਗਰ ਕੰਟਰੋਲ 'ਚ ਰਹਿੰਦੀ ਹੈ। ਇਸ ਲਈ ਤੁਸੀਂ ਰੋਜ਼ਾਨਾ ਸਵੇਰੇ 1 ਕੱਪ ਪਾਣੀ 'ਚ 2 ਚੱਮਚ ਆਂਵਲੇ ਦਾ ਰਸ ਪਾ ਕੇ ਪੀਓ।

4. ਮੇਥੀ ਦੇ ਦਾਣੇ

ਮੇਥੀ 'ਚ ਹਾਇਪੋਗਲਾਇਮਿਕ ਪ੍ਰਾਪਰਟੀ ਹੁੰਦੀ ਹੈ, ਜੋ ਬਾਡੀ 'ਚ ਗਲੂਕੋਜ਼ ਦੀ ਮਾਤਰਾ ਨੂੰ ਕੰਟਰੋਲ ਕਰਕੇ ਬਲੱਡ ਸ਼ੂਗਰ ਲੈਵਲ ਨੂੰ ਘਟਾਉਣ 'ਚ ਮਦਦ ਕਰਦੀ ਹੈ। ਰਾਤਭਰ 1 ਚੱਮਚ ਮੇਥੀ ਦੇ ਦਾਣਿਆਂ ਨੂੰ ਭਿਓਂ ਕੇ ਸਵੇਰੇ ਖਾਲੀ ਪੇਟ ਉਸ ਪਾਣੀ ਦਾ ਸੇਵਨ ਕਰੋ।

5. ਕੜੀ ਪੱਤੇ

ਕੜੀ ਪੱਤਿਆਂ 'ਚ ਐਂਟੀ-ਬਾਇਓਟਿਕ ਪ੍ਰਾਪਟੀ ਹੁੰਦੀ ਹੈ, ਜਿਸ ਨਾਲ ਸ਼ੂਗਰ ਲੈਵਲ ਕੰਟਰੋਲ 'ਚ ਰਹਿੰਦੀ ਹੈ। ਸ਼ੂਗਰ ਕੰਟਰੋਲ 'ਚ ਕਰਨ ਲਈ ਰੋਜ਼ ਕੜੀ ਪੱਤੇ ਦੇ 8-9 ਪੱਤੇ ਚਬਾਓ। ਡਾਇਬਿਟੀਜ਼ ਦੇ ਨਾਲ-ਨਾਲ ਇਹ ਭਾਰ ਘਟਾਉਣ ਅਤੇ ਦਿਲ ਨੂੰ ਸਿਹਤਮੰਦ ਰੱਖਣ 'ਚ ਵੀ ਮਦਦ ਕਰਦੇ ਹਨ।

6. ਅਮਰੂਦ

ਅਮਰੂਦ 'ਚ ਵਿਟਾਮਿਨ ਸੀ ਅਤੇ ਫ਼ਾਈਬਰ ਭਰਪੂਰ ਮਾਤਰਾ 'ਚ ਹੁੰਦੇ ਹਨ। ਇਸ ਲਈ ਰੋਜ਼ਾਨਾ 1 ਅਮਰੂਦ ਦਾ ਸੇਵਨ ਸਰੀਰ 'ਚ ਸ਼ੂਗਰ ਲੈਵਲ ਨੂੰ ਕੰਟਰੋਲ 'ਚ ਕਰਦਾ ਹੈ।

7. ਜਾਮਣ

ਜਾਮਣ ਬਾਡੀ 'ਚ ਸਟਾਰਚ ਨੂੰ ਸ਼ੂਗਰ 'ਚ ਕਨਵਰਟ ਹੋਣ ਤੋਂ ਰੋਕ ਕੇ ਸ਼ੂਗਰ ਲੈਵਲ ਨੂੰ ਕੰਟਰੋਲ ਕਰਦਾ ਹੈ। ਇਸ ਲਈ ਰੋਜ਼ਾਨਾ ਖਾਲੀ ਪੇਟ 5-6 ਜਾਮਣ ਦਾ ਸੇਵਨ ਜ਼ਰੂਰ ਕਰੋ।

8. ਭਿੰਡੀ

ਭਿੰਡੀ 'ਚ ਪਾਏ ਜਾਣ ਵਾਲੇ ਫ਼ਾਈਟੋਸਟੇਰੋਲਸ ਤੱਤ ਵੀ ਬਲੱਡ ਸ਼ੂਗਰ ਨੂੰ ਕੰਟਰੋਲ ਕਰਕੇ ਡਾਇਬਿਟੀਜ਼ ਰੋਗੀਆਂ ਨੂੰ ਰਾਹਤ ਦਿੰਦੇ ਹਨ। ਭਿੰਡੀ ਨੂੰ ਕੱਟ ਕੇ ਰਾਤਭਰ ਭਿਓਂ ਕੇ ਰੱਖ ਦਿਓ। ਸਵੇਰੇ ਇਸ ਪਾਣੀ ਨੂੰ ਪੀਣ ਨਾਲ ਤੁਹਾਡੀ ਸ਼ੂਗਰ ਕੰਟਰੋਲ 'ਚ ਰਹੇਗੀ।

# ਨਾਰੀਅਲ ਤੇਲ ਹੈ ਸਿਹਤ ਲਈ ਬੇਹੱਦ ਗੁਣਕਾਰੀ



ਨਾਰੀਅਲ ਤੇਲ ਦਾ ਇਸਤੇਮਾਲ ਜ਼ਿਆਦਾਤਰ ਲੋਕ ਚਿਹਰੇ ਅਤੇ ਵਾਲਾਂ 'ਤੇ ਕਰਦੇ ਹਨ ਪਰ ਇਸ 'ਚ ਮੌਜੂਦ ਸਿਹਤ ਸਬੰਧੀ ਗੁਣਾਂ ਬਾਰੇ ਤੁਸੀਂ ਸ਼ਾਇਦ ਹੀ ਜਾਣਦੇ ਹੋਵੋਗੇ। ਅਸਲ 'ਚ ਨਾਰੀਅਲ ਤੇਲ ਨੂੰ ਕੁਦਰਤੀ ਔਸ਼ਧੀ ਵੀ ਮੰਨਿਆ ਜਾਂਦਾ ਹੈ ਜੋ ਸਾਨੂੰ ਕਈ ਤਰ੍ਹਾਂ ਦੀਆਂ ਬੀਮਾਰੀਆਂ ਤੋਂ ਬਚਾਈ ਰੱਖਦਾ ਹੈ। ਆਓ ਜਾਣਦੇ ਹਾਂ ਨਾਰੀਅਲ ਤੇਲ ਦੇ ਇਸਤੇਮਾਲ ਨਾਲ ਸਰੀਰ ਨੂੰ ਹੋਣ ਵਾਲੇ ਫ਼ਾਇਦਿਆਂ ਬਾਰੇ...

1. ਦਿਮਾਗੀ ਵਿਕਾਰ

ਨਾਰੀਅਲ ਤੇਲ 'ਚ ਫ਼ੈਟੀ ਐਸਿਡ ਮੌਜੂਦ ਹੁੰਦਾ ਹੈ ਜੋ ਸਰੀਰ ਅਤੇ ਦਿਮਾਗ ਲਈ ਫ਼ਾਇਦੇਮੰਦ ਸਾਬਤ ਹੁੰਦਾ ਹੈ। ਇਸ ਲਈ ਨਾਰੀਅਲ ਤੇਲ 'ਚ ਖਾਣਾ ਪਕਾ ਕੇ ਖਾਓ।

2. ਭੁੱਖ ਕੰਟਰੋਲ ਕਰੇ

ਜੇਕਰ ਤੁਹਾਨੂੰ ਵੀ ਵਾਰ-ਵਾਰ ਭੁੱਖ ਲੱਗ ਜਾਂਦੀ ਹੈ ਤਾਂ ਨਾਰੀਅਲ ਤੇਲ ਦਾ ਸੇਵਨ ਕਰੋ। ਨਾਰੀਅਲ ਤੇਲ 'ਚ ਕਾਰਬੋਹਾਈਡ੍ਰੇਟ ਅਤੇ ਕੈਲੋਰੀ ਦੀ ਮਾਤਰਾ ਕਾਫ਼ੀ ਜ਼ਿਆਦਾ ਹੁੰਦੀ ਹੈ, ਜੋ ਭੁੱਖ ਨੂੰ ਕੰਟਰੋਲ 'ਚ ਰੱਖਦੇ ਹਨ।

3. ਡਾਇਬਿਟੀਜ਼

ਡਾਇਬਿਟੀਜ਼ ਦੇ ਮਰੀਜ਼ ਲਈ ਨਾਰੀਅਲ ਤੇਲ ਕਾਫ਼ੀ ਫ਼ਾਇਦੇਮੰਦ ਹੈ। ਨਾਰੀਅਲ ਤੇਲ ਸਰੀਰ 'ਚ ਇੰਸੁਲਿਨ ਦੀ ਮਾਤਰਾ ਵਧਾ ਦਿੰਦਾ ਹੈ। ਇਸ ਨਾਲ ਡਾਇਬਿਟੀਜ਼ ਕੰਟਰੋਲ 'ਚ ਰਹਿੰਦੀ ਹੈ।

4. ਜੋੜਾਂ ਦਾ ਦਰਦ

ਨਾਰੀਅਲ ਤੇਲ 'ਚ ਕੈਲਸ਼ੀਅਮ ਮੌਜੂਦ ਹੁੰਦਾ ਹੈ ਜੋ ਹੱਡੀਆਂ ਦੇ ਵਿਕਾਸ 'ਚ ਜ਼ਰੂਰੀ ਤੱਤ ਹੈ। ਇਸ ਨਾਲ ਜੋੜਾਂ ਦੇ ਦਰਦ ਦੀ ਸਮੱਸਿਆ ਦੂਰ ਹੋ ਜਾਂਦੀ ਹੈ।

5. ਤਣਾਅ ਦੂਰ ਕਰੇ

ਤਣਾਅ ਅੱਜਕਲ ਹਰ ਵਿਅਕਤੀ ਦੀ ਕਮਜ਼ੋਰੀ ਬਣ ਚੁਕਿਆ ਹੈ। ਜੇਕਰ ਤੁਸੀਂ ਵੀ ਤਣਾਅ 'ਚੋਂ ਲੰਘ ਰਹੇ ਹੋ ਤਾਂ ਕਨਪਟੀਆਂ ਅਤੇ ਮੱਥੇ 'ਤੇ ਹਲਕੇ ਹੱਥਾਂ ਨਾਲ ਨਾਰੀਅਲ ਤੇਲ ਦੀ ਮਾਲਿਸ਼ ਕਰੋ। ਇਸ ਨਾਲ ਸਿਰਦਰਦ ਅਤੇ ਤਣਾਅ ਤੁਰੰਤ ਗਾਇਬ ਹੋ ਜਾਂਦਾ ਹੈ।

6. ਭਾਰ ਘਟਾਏ

ਨਾਰੀਅਲ ਤੇਲ 'ਚ ਫ਼ੈਟ ਦੀ ਮਾਤਰਾ ਘੱਟ ਹੁੰਦੀ ਹੈ।

ਨਾਰੀਅਲ ਤੇਲ ਯੁਕਤ ਭੋਜਨ ਕਰਨ ਨਾਲ ਸਰੀਰ ਦੀ ਚੁਸਤੀ-ਫ਼ੁਰਤੀ ਵਧਦੀ ਹੈ ਅਤੇ ਸਰੀਰ ਦਾ ਭਾਰ ਵੀ ਕੰਟਰੋਲ 'ਚ ਰਹਿੰਦਾ ਹੈ।

# ਸਰੀਰ ਲਈ ਅੰਮ੍ਰਿਤ ਤੋਂ ਘੱਟ ਨਹੀਂ ਹੈ ਗਾਂ ਦਾ ਦੁੱਧ



ਗਾਂ ਇੱਕ ਅਜਿਹਾ ਪਸ਼ੂ ਹੈ ਜਿਸਨੂੰ ਰਾਸ਼ਟਰੀ ਪਸ਼ੂ ਦਾ ਦਰਜਾ ਮਿਲੇ ਜਾ ਨਾ ਮਿਲੇ, ਉਹ ਹਮੇਸ਼ਾ ਲੋਕਾਂ ਦੀ ਸਿਹਤ ਦੇ ਲਈ ਲਾਭਕਾਰੀ ਰਹਿੰਦੀ ਹੈ। ਗਾਂ ਦਾ ਦੁੱਧ ਨਾਲ ਸਾਡੇ ਸਰੀਰ ਦੀਆਂ ਕਈ ਬੀਮਾਰੀਆਂ ਠੀਕ ਹੁੰਦੀਆਂ ਹਨ। ਆਓ ਜਾਣਦੇ ਹਾਂ ਅਜਿਹੇ ਹੀ ਕੁੱਝ ਲਾਭ ਜੋ ਸਾਨੂੰ ਗਾਂ ਦੇ ਦੁੱਧ ਤੋਂ ਮਿਲਦੇ ਹਨ।

1. ਕੈਂਸਰ

ਗਾਂ ਦੇ ਦੁੱਧ 'ਚ ਮੌਜੂਦ ਕੈਲਸ਼ੀਅਮ ਕੈਂਸਰ ਸੈੱਲ ਬਣਨ ਤੋਂ ਰੋਕਦਾ ਹੈ। ਇਸ ਨਾਲ ਖਾਸ ਕਰਕੇ ਬ੍ਰੈਸਟ ਕੈਂਸਰ ਦਾ ਖਤਰਾ ਟਲਦਾ ਹੈ।

2. ਸਿਹਤਮੰਦ ਦਿਲ

ਗਾਂ ਦੇ ਦੁੱਧ 'ਚ ਵਿਟਾਮਿਨ-ਬੀ12 ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਇਸ ਨਾਲ ਹਾਰਟ ਡਿਜੀਜ ਦੀ ਪਰੇਸ਼ਾਨੀ ਘੱਟ ਹੁੰਦੀ ਹੈ।

3. ਕਿਡਨੀ ਸਟੋਨ

ਗਾਂ ਦੇ ਦੁੱਧ 'ਚ ਮੌਜੂਦ ਪੋਟਾਸ਼ੀਅਮ ਅਤੇ ਕੈਲਸ਼ੀਅਮ ਕਿਡਨੀ ਨੂੰ ਸਿਹਤਮੰਦ ਰੱਖਦਾ ਹੈ। ਇਸ ਨਾਲ ਕਿਡਨੀ ਸਟੋਨ ਦਾ ਖਤਰਾ ਘੱਟ ਹੁੰਦਾ ਹੈ।

4. ਚਮਕਦਾਰ ਵਾਲ

ਗਾਂ ਦੇ ਦੁੱਧ 'ਚ ਨਮਕ ਪਾ ਕੇ ਵਾਲਾਂ 'ਚ ਲਗਾਉਣ ਨਾਲ ਵਾਲਾਂ ਦਾ ਝੜਨਾ ਘੱਟ ਹੁੰਦਾ ਹੈ। ਇਸ ਨਾਲ ਵਾਲ ਸੰਘਣੇ ਅਤੇ ਚਮਕਦਾਰ ਹੋਣ ਲੱਗਦੇ ਹਨ।

5. ਦੁਬਲੇਪਣ ਦੂਰ ਕਰੇ

ਗਾਂ ਦੇ ਘਿਓ 'ਚ ਪ੍ਰੋਟੀਨ ਦੀ ਕਾਫ਼ੀ ਮਾਤਰਾ 'ਚ ਪਾਇਆ ਜਾਂਦਾ ਹੈ। ਇਸ ਨੂੰ ਰੋਜ਼ਾਨਾ ਆਪਣੀ ਖੁਰਾਰ 'ਚ ਸ਼ਾਮਲ ਕਰਨ ਨਾਲ ਪਤਲੇ ਬੰਦੇ ਸਿਹਤਮੰਦ ਹੁੰਦੇ ਹਨ।

6. ਸਿਰ ਦਰਦ

ਸਵੇਰੇ ਸ਼ਾਮ ਗਾਂ ਦੇ ਘਿਓ ਦੀਆਂ 2 ਬੂੰਦਾ ਨੱਕ 'ਚ ਪਾਉਣ ਨਾਲ ਸਿਰਦਰਦ ਦੂਰ ਹੁੰਦਾ ਹੈ। ਇਹ ਮਾਈਗ੍ਰੇਨ ਦੀ ਪਰੇਸ਼ਾਨੀ ਨੂੰ ਵੀ ਕੰਟਰੋਲ ਕਰਦਾ ਹੈ।

# ਕਿਉਂ ਜ਼ਰੂਰੀ ਹੈ ਸਰੀਰਕ ਸਬੰਧ ਬਣਾਉਣਾ?



ਨਵੀਂ ਦਿੱਲੀ — ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਹਰ ਇਨਸਾਨ ਦੀ ਲਾਈਫ਼ 'ਚ ਸਰੀਰਕ ਸਬੰਧ ਬਣਾਉਣਾ ਬਹੁਤ ਜ਼ਰੂਰੀ ਹੁੰਦਾ ਹੈ ਕਿਉਂਕਿ ਸਰੀਰਕ ਸਬੰਧਾਂ ਨਾਲ ਨਾ ਸਿਰਫ਼ ਇਨਸਾਨ ਨੂੰ ਪਰਮ ਆਨੰਦ ਦੀ ਪ੍ਰਾਪਤੀ ਹੁੰਦੀ ਹੈ ਬਲਕਿ ਇਸ ਨਾਲ ਸਰੀਰ 'ਚ ਪਾਏ ਜਾਣ ਵਾਲੇ ਸਾਰੇ ਹਾਰਮੋਨਸ ਸੰਤੁਲਿਤ ਹੁੰਦੇ ਹਨ।

ਅੱਜ ਇਸੇ ਸਬੰਧ 'ਚ ਅਸੀਂ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰਾਂਗੇ ਕਿ ਇਨਸਾਨ ਦੀ ਲਾਈਫ਼ 'ਚ ਸਰੀਰਕ ਸਬੰਧ ਕਿੰਨੇ ਜ਼ਰੂਰੀ ਹਨ। ਨਾਲ ਹੀ ਇਹ ਵੀ ਜਾਨਣ ਦੀ ਕੋਸ਼ਿਸ਼ ਕਰਾਂਗੇ ਕਿ ਇਸ ਨਾਲ ਸਰੀਰ ਤੇ ਸਿਹਤ 'ਤੇ ਕੀ ਪ੍ਰਭਾਵ ਪੈਂਦਾ ਹੈ।

ਮੈਡੀਕਲ ਸਾਈਂਸ ਦੀ ਗੱਲ ਕਰੀਏ ਤਾਂ ਲਾਈਫ਼ ਦੇ ਲਈ ਸਰੀਰਕ ਸਬੰਧ ਬਹੁਤ ਜ਼ਰੂਰੀ ਹਨ ਕਿਉਂਕਿ ਸਰੀਰਕ ਸਬੰਧਾਂ ਬਣਾਉਣ ਨਾਲ ਹੀ ਇਨਸਾਨ ਆਪਣੀ ਜਨਰੇਸ਼ਨ ਨੂੰ ਅੱਗੇ ਵਧਾ ਸਕਦਾ ਹੈ ਤੇ ਇੱਕ ਨਵੀਂ ਜਨਰੇਸ਼ਨ ਦੀ ਕਲਪਨਾ ਕਰ ਸਕਦਾ ਹੈ। ਕਿਸੇ ਵੀ ਔਰਤ ਲਈ ਬਿਨਾਂ ਸਰੀਰਕ ਸਬੰਧਾਂ ਦੇ ਗਰਭਵਤੀ ਹੋਣਾ ਮੁਸ਼ਕਲ ਹੈ, ਚਾਹੇ ਅੱਜ ਦੀ ਸਾਈਂਸ ਨੇ ਬਹੁਤ ਤਰੱਕੀ ਕਰ ਲਈ ਹੈ।

ਸਰੀਰਕ ਸਬੰਧ ਬਣਾਉਣ ਨਾਲ ਔਰਤਾਂ ਤੇ ਪੁਰਸ਼ਾਂ ਦੇ ਸਰੀਰ 'ਚ ਪਾਏ ਜਾਣ ਵਾਲੇ ਸਾਰੇ ਹਾਰਮੋਨਸ ਸੰਤੁਲਿਤ ਰਹਿੰਦੇ ਹਨ। ਜਿਸ ਨਾਲ ਸਰੀਰ 'ਚ ਥਕਾਵਟ ਦੀ ਸਮੱਸਿਆ ਘੱਟਦੀ ਹੈ। ਨਾਲ ਸਰੀਰ 'ਚ ਖ਼ੂਨ ਦਾ ਸੰਚਾਰ ਵੀ ਵਧਦਾ ਹੈ। ਇੰਨਾ ਹੀ ਨਹੀਂ ਰੂਟੀਨ ਸਰੀਰਕ ਸਬੰਧ ਬਣਾਉਣ ਨਾਲ ਔਰਤਾਂ ਤੇ ਪੁਰਸ਼ਾਂ ਦੇ ਸਰੀਰ ਦਾ ਇਮਿਊਨ ਸਿਸਟਮ ਵੀ ਮਜ਼ਬੂਤ ਹੁੰਦਾ ਹੈ। ਜਿਸ ਨਾਲ ਸਰੀਰ 'ਚ ਬੀਮਾਰੀ ਹੋਣ ਚਾਂਸ ਵੀ ਘੱਟ ਜਾਂਦੇ ਹਨ। ਇਸ ਲਈ ਸਰੀਰਕ ਸਬੰਧ ਲਾਈਫ਼ ਲਈ ਬਹੁਤ ਜ਼ਰੂਰੀ ਹੁੰਦੇ ਹਨ।

ਅਮਰੀਕਨ ਹੈਲਥ ਤੇ ਮੈਡੀਸੀਨ ਦੇ ਡਾਕਟਰ ਵੇਨ ਦਾ ਕਹਿਣਾ ਹੈ ਕਿ ਸਾਡੀ ਜ਼ਿੰਦਗੀ 'ਚ ਸਰੀਰਕ ਸਬੰਧ ਬਹੁਤ ਜ਼ਰੂਰੀ ਹਨ ਕਿਉਂਕਿ ਸਰੀਰਕ ਸਬੰਧ ਬਣਾਉਣ ਨਾਲ ਔਰਤਾਂ ਤੇ ਪੁਰਸ਼ਾਂ ਦੇ ਸਰੀਰ 'ਚੋਂ ਕੈਲਰੀ ਘੱਟਦੀ ਹੈ, ਜਿਸ ਨਾਲ ਸਰੀਰ ਦਾ ਤਾਪਮਾਨ ਤੇ ਪੀ.ਐੱਚ. ਲੈਵਲ ਆਮ ਰਹਿੰਦਾ ਹੈ। ਇਸ ਨਾਲ ਔਰਤਾਂ ਨੂੰ ਗਰਭਵਤੀ ਹੋਣ 'ਚ ਆਸਾਨੀ ਹੁੰਦੀ ਹੈ। ਨਾਲ ਹੀ ਪੀ.ਐੱਚ. ਲੈਵਲ ਆਮ ਰਹਿਣ ਨਾਲ ਸਰੀਰ ਸਿਹਤਮੰਦ ਰਹਿੰਦਾ ਹੈ ਤੇ ਸਰੀਰ 'ਚ ਊਰਜਾ ਦੀ ਕਮੀ ਨਹੀਂ ਹੁੰਦੀ।

# ਜ਼ਿਆਦਾ ਫ਼ੈਟ ਵਾਲਾ ਭੋਜਨ ਜਾਨਲੇਵਾ ਬੀਮਾਰੀ ਨੂੰ ਦਿੰਦੈ ਸੱਦਾ

ਜ਼ਿਆਦਾ ਫ਼ੈਟ ਵਾਲੇ ਅਤੇ ਕੋਲੇਸਟ੍ਰੋਲ ਵਾਲੇ ਭੋਜਨ ਨਾਲ ਲਿਵਰ ਦੀ ਗੰਭੀਰ ਬੀਮਾਰੀ ਹੋ ਸਕਦੀ ਹੈ। ਇੱਕ ਅਧਿਐਨ 'ਚ ਇਹ ਗੱਲ ਸਾਹਮਣੇ ਆਈ ਹੈ। ਅਧਿਐਨ 'ਚ ਕਿਹਾ ਗਿਆ ਹੈ ਕਿ ਜ਼ਿਆਦਾ ਫ਼ੈਟ ਯੁਕਤ ਅਤੇ ਕੋਲੇਸਟ੍ਰੋਲ ਵਾਲੇ ਭੋਜਨ ਨਾਲ ਇਮਊਨ ਸਿਸਟਮ 'ਚ ਕੁਝ ਅਜਿਹੇ ਬਦਲਾਅ ਆ ਸਕਦੇ ਹਨ ਜਿਨ੍ਹਾਂ ਨਾਲ ਨਾਨ-ਐਲਕੋਹਲਿਕ ਸਟੇਥੋਹੈਪੇਟਾਈਟਿਸ (ਐੱਨ. ਏ. ਐੱਸ. ਐੱਚ.) ਬੀਮਾਰੀ ਹੋ ਸਕਦੀ ਹੈ।

ਇਸ ਬੀਮਾਰੀ 'ਚ ਲਿਵਰ 'ਚ ਸੋਜ਼ਿਸ਼ ਆ ਜਾਂਦੀ ਹੈ। ਆਮਤੌਰ 'ਤੇ ਇਹ ਬੀਮਾਰੀ ਉਨ੍ਹਾਂ ਲੋਕਾਂ ਨੂੰ ਹੁੰਦੀ ਹੈ ਜੋ ਜ਼ਿਆਦਾ ਸ਼ਰਾਬ ਪੀਂਦੇ ਹਨ, ਪਰ ਅਧਿਐਨ 'ਚ ਸਾਹਮਣੇ ਆਇਆ ਹੈ ਕਿ ਘੱਟ ਸ਼ਰਾਬ ਪੀਣ ਤੇ ਬਿਲਕੁਲ ਨਾ ਪੀਣ ਵਾਲਿਆਂ ਨੂੰ ਵੀ ਇਹ ਬੀਮਾਰੀ ਹੋ ਸਕਦੀ ਹੈ। ਨਾਨ-ਐਲਕੋਹਲਿਕ ਸਟੇਥੋਹੈਪੇਟਾਈਟਿਸ ਅੱਗੇ ਚੱਲ ਕੇ ਲਿਵਰ ਸਿਰੋਸਿਸ ਜਾਂ ਲਿਵਰ ਕੈਂਸਰ 'ਚ ਬਦਲ ਸਕਦਾ ਹੈ ਜਿਸਦਾ ਅਜੇ ਕੋਈ ਇਲਾਜ ਨਹੀਂ ਹੈ।






## ਮਸ਼ਰੂਮ ਸੈਂਡਵਿਚ



ਨਾਸ਼ਤੇ 'ਚ ਲੋਕ ਸੈਂਡਵਿਚ ਖਾਣਾ ਬਹੁਤ ਪਸੰਦ ਕਰਦੇ ਹਨ। ਅਜਿਹੇ 'ਚ ਤੁਸੀਂ ਮਸ਼ਰੂਮ ਸੈਂਡਵਿਚ ਬਣਾ ਕੇ ਸਾਰਿਆਂ ਨੂੰ ਖ਼ੁਸ਼ ਕਰ ਸਕਦੀ ਹੋ। ਬਣਾਉਣ 'ਚ ਆਸਾਨ ਹੋਣ ਦੇ ਨਾਲ-ਨਾਲ ਇਹ ਬੇਹੱਦ ਸੁਆਦੀ ਅਤੇ ਹੈਲਦੀ ਵੀ ਹੋਣਗੇ। ਤਾਂ ਚਲੋ ਜਾਣਦੇ ਹਾਂ ਨਾਸ਼ਤੇ 'ਚ ਮਸ਼ਰੂਮ ਸੈਂਡਵਿਚ ਬਣਾਉਣ ਦੀ ਆਸਾਨ ਰੈਸਿਪੀ।

ਸਮੱਗਰੀ

ਮਸ਼ਰੂਮ-600 ਗ੍ਰਾਮ
ਹਰੀ ਮਿਰਚ-4
ਕਾਲੀ ਮਿਰਚ-4 ਚੱਮਚ
ਵ੍ਹਾਈਟ ਬ੍ਰੈੱਡ-12 ਸਲਾਈਸ
ਚੀਜ਼-1 ਕੱਪ
ਰਿਫ਼ਾਇੰਡ ਤੇਲ-2 ਚੱਮਚ
ਨਮਕ ਸੁਆਦ ਮੁਤਾਬਕ

ਬਣਾਉਣ ਦੀ ਵਿਧੀ

1. ਸਭ ਤੋਂ ਪਹਿਲਾਂ ਨਾਨ ਸਟਿਕ ਪੈਨ 'ਚ ਤੇਲ ਗਰਮ ਕਰੋ। ਫ਼ਿਰ ਇਸ 'ਚ ਮਸ਼ਰੂਮ ਪਾ ਕੇ 8-10 ਮਿੰਟ ਲਈ ਫ਼੍ਰਾਈ ਕਰੋ। ਇਸ ਤੋਂ ਬਾਅਦ ਇਸ 'ਚ ਹਰੀ ਮਿਰਚ ਪਾ ਕੇ ਨਮਕ ਅਤੇ ਕਾਲੀ ਮਿਰਚ ਪਾ ਕੇ ਭੁੰਨੋ।
2. ਫ਼੍ਰਾਈ ਕਰਨ ਦੇ ਬਾਅਦ ਇਸ ਨੂੰ ਇੱਕ ਬਾਊਲ 'ਚ ਕੱਢ ਲਓ।
3. ਫ਼ਿਰ 6 ਬ੍ਰੈੱਡ ਸਲਾਈਸ 'ਤੇ ਬਰਾਬਰ ਮਾਤਰਾ 'ਚ ਮਸ਼ਰੂਮ ਮਿਕਸਚਰ ਪਾਓ। ਫ਼ਿਰ ਦੂਜੀ ਬ੍ਰੈੱਡ ਸਲਾਈਸ ਇਸ ਦੇ ਉੱਪਰ ਰੱਖ ਕੇ ਕਵਰ ਕਰੋ।
4. ਇਸ ਤੋਂ ਬਾਅਦ ਇਸ ਦੇ ਉਪਰ 1/2 ਚੱਮਚ ਮੱਖਣ ਪਾ ਕੇ ਤਵੇ 'ਤੇ ਦੋਹਾਂ ਸਾਈਡਾਂ 'ਤੋਂ ਗੋਲਡਨ ਬ੍ਰਾਊਨ ਹੋਣ ਤਕ ਫ਼੍ਰਾਈ ਕਰੋ.
5. ਤੁਹਾਡੇ ਮਸ਼ਰੂਮ ਸੈਂਡਵਿਚ ਬਣਾ ਕੇ ਤਿਆਰ ਹੈ। ਫ਼ਿਰ ਇਸ ਨੂੰ ਚਾਹ ਜਾਂ ਸਾਓਸ ਨਾਲ ਗਰਮਾ-ਗਰਮ ਸਰਵ ਕਰੋ।

## ਨਾਰੀਅਲ ਦੀ ਬਰ.ਫੀ



ਆਉਣ ਵਾਲੇ ਮਹੀਨਿਆਂ 'ਚ ਕਈ ਤਿਉਹਾਰ ਆਉਣਗੇ। ਤਿਉਹਾਰਾਂ 'ਚ ਤੁਸੀਂ ਮਠਿਆਈ ਨਾ ਖਾਓ ਅਜਿਹਾ ਹੋ ਹੀ ਨਹੀਂ ਸਕਦਾ। ਬਾਜ਼ਾਰ ਤੋਂ ਲਿਆਉਂਦੀ ਹੋਈ ਮਠਿਆਈ ਮਿਲਾਵਟੀ ਅਤੇ ਬੇਹੀ ਹੁੰਦੀ ਹੈ। ਬਿਹਤਰ ਹੈ ਕਿ ਤੁਸੀਂ ਆਪਣੇ ਘਰ 'ਤੇ ਆਪਣੇ ਹੱਥਾਂ ਨਾਲ ਸ਼ੁੱਧ ਅਤੇ ਤਾਜ਼ਾ ਮਠਿਆਈ ਬਣਾਓ ਜੋ ਤੁਹਾਡੇ ਪਰਿਵਾਰ ਨੂੰ ਸੁਆਦ ਦੇ ਨਾਲ-ਨਾਲ ਚੰਗੀ ਸਿਹਤ ਵੀ ਦੇਵੇ। ਆਓ ਇੱਕ ਅਜਿਹੀ ਹੀ ਸੁਆਦੀ ਡਿਸ਼ ਬਾਰੇ ਤੁਹਾਨੂੰ ਦੱਸਦੇ ਹਾਂ ਜਿਸ ਦਾ ਨਾਂ ਨਾਰੀਅਲ ਬਰਫ਼ੀ ਹੈ।

ਸਮੱਗਰੀ

ਨਾਰੀਅਲ-1 ਕੱਪ (ਕੱਦੂਕਸ ਕੀਤਾ ਹੋਇਆ)
ਖੋਇਆ-1 ਕੱਪ
ਸੁੱਕਾ ਨਾਰੀਅਲ-2-3 ਚੱਮਤ(ਕੱਦੂਕਸ ਕੀਤਾ ਹੋਇਆ)
ਘਿਉ-1,1/2 ਕੱਪ
ਦੁੱਧ-2-3 ਚੱਮਚ
ਸ਼ੂਗਰ ਫ਼੍ਰੀ-2-3 ਚੱਮਚ

ਬਣਾਉਣ ਦੀ ਵਿਧੀ

1. ਇੱਕ ਨਾਨ ਸਟਿਕ ਪੈਨ 'ਚ 1,1/2 ਕੱਪ ਘਿਉ ਗਰਮ ਕਰ ਲਓ। ਉਸ 'ਚ 1 ਕੱਪ ਕੱਦੂਕਸ ਕੀਤਾ ਹੋਇਆ ਨਾਰੀਅਲ ਪਾਓ ਅਤੇ ਮਹਿਕ ਆਉਣ ਤਕ ਭੁੰਨ ਲਓ। ਫ਼ਿਰ ਇਸ 'ਚ 1 ਕੱਪ ਖੋਇਆ ਮਿਲਾ ਲਓ ਅਤੇ 2-3 ਮਿੰਟ ਤਕ ਭੁੰਨੋ।
2. ਇਸ ਤੋਂ ਬਾਅਦ ਇਸ 'ਚ 2-3 ਚੱਮਚ ਦੁੱਧ ਅਤੇ 2-3 ਚੱਮਚ ਸ਼ੂਗਰ ਫ਼੍ਰੀ ਪਾ ਕੇ ਮਿਲਾ ਲਓ ਅਤੇ ਦੋ ਮਿੰਟ ਤਕ ਪਕਾਓ।
3. ਫ਼ਿਰ ਇਸ 'ਚ 2-3 ਚੱਮਚ ਸੁੱਕਾ ਨਾਰੀਅਲ ਪਾਓ ਅਤੇ 30 ਸਕਿੰਟਾਂ ਤਕ ਪਕਾਉਂਦੇ ਰਹੋ। ਫ਼ਿਰ ਇਸ ਤਿਆਰ ਮਿਸ਼ਰਣ ਨੂੰ ਬੇਕਿੰਗ ਟ੍ਰੇਅ 'ਚ ਪਾਓ ਅਤੇ ਬਰਾਬਰ ਹੋਣ ਤਕ ਫ਼ੈਲਾਓ।
4. ਟ੍ਰੇਅ ਨੂੰ ਫ਼ਰਿੱਜ 'ਚ ਲਗਭਗ 1 ਘੰਟੇ ਲਈ ਰੱਖੋ। ਫ਼ਿਰ ਠੰਡੀ ਹੋਈ ਸਮੱਗਰੀ ਨੂੰ ਚੋਰਸ ਜਾਂ ਡਾਇਮੰਡ ਆਕਾਰ 'ਚ ਕੱਟ ਲਓ ਤੁਹਾਡੀ ਨਾਰੀਅਲ ਦੀ ਬਰਫ਼ੀ ਤਿਆਰ ਹੈ।

## ਛੋਲਿਆਂ ਦੀ ਦਾਲ ਦਾ ਕਟਲੇਟ



ਸ਼ਾਮ ਦੀ ਚਾਹ ਦੇ ਨਾਲ ਕੁਝ ਕ੍ਰਿਸਪੀ ਬਣਾਉਣ ਦੀ ਸੋਚ ਰਹੇ ਹੋ ਤਾਂ ਤੁਸੀਂ ਛੋਲਿਆਂ ਦੀ ਦਾਲ ਦਾ ਕਟਲੇਟ ਟ੍ਰਾਈ ਕਰ ਸਕਦੇ ਹੋ। ਖਾਣ 'ਚ ਸੁਆਦ ਹੋਣ ਦੇ ਨਾਲ-ਨਾਲ ਇਨ੍ਹਾਂ ਨੂੰ ਬਣਾਉਣਾ ਵੀ ਬੇਹੱਦ ਆਸਾਨ ਹੈ। ਤਾਂ ਚਲੋ ਜਾਣਦੇ ਹਾਂ ਘਰ 'ਚ ਛੋਲਿਆਂ ਦੀ ਦਾਲ ਦਾ ਕਟਲੇਟ ਬਣਾਉਣ ਦੀ ਆਸਾਨ ਵਿਧੀ ਬਾਰੇ...

ਸਮੱਗਰੀ

ਚਨਾ ਦਾਲ-1 ਕੱਪ (3-4 ਘੰਟਿਆਂ ਤੱਕ ਭਿਓਂਈ ਹੋਈ)
ਹਲਦੀ-1/2 ਚੱਮਚ
ਲਾਲ ਮਿਰਚ ਪਾਊਡਰ-1/2 ਚੱਮਚ
ਹਰੀ ਮਿਰਚ-2
ਲਸਣ- 2 ਕਲੀਆਂ
ਤੇਲ-ਫ਼੍ਰਾਈ ਕਰਨ ਲਈ
ਨਮਕ-ਸੁਆਦ ਮੁਤਾਬਕ

ਕਟਲੇਟ ਬਣਾਉਣ ਦੀ ਰੈਸਿਪੀ

1. ਕਟਲੇਟ ਬਣਾਉਣ ਲਈ ਸਭ ਤੋਂ ਪਹਿਲਾਂ ਭਿਓਂਈ ਹੋਈ ਦਾਲ ਨੂੰ ਮਿਕਸੀ 'ਚ ਪਾ ਕੇ ਪੀਸ ਲਓ।
2. ਫ਼ਿਰ ਇਸ 'ਚ 1/2 ਚੱਮਚ ਹਲਦੀ, 1/2 ਚੱਮਚ ਲਾਲ ਮਿਰਚ ਪਾਊਡਰ, 2 ਹਰੀਆਂ ਮਿਰਚਾਂ, 2-3 ਲਸਣ ਦੀਆਂ ਕਲੀਆਂ ਅਤੇ ਸੁਆਦ ਮੁਤਾਬਕ ਨਮਕ ਪਾ ਕੇ ਦੁਬਾਰਾ ਪੀਸ ਲਓ ਅਤੇ ਸਮੂਦ ਪੇਸਟ ਬਣਾ ਲਓ।
3. ਇਸ ਤੋਂ ਬਾਅਦ ਚਨਾ ਦਾਲ ਮਿਕਸਚਰ 'ਚੋਂ ਥੋੜ੍ਹਾ ਜਿਹਾ ਮਿਸ਼ਰਣ ਲੈ ਕੇ ਉਸ ਨੂੰ ਟਿੱਕੀ ਦੀ ਸ਼ੇਪ ਦਿਓ।
4. ਫ਼ਿਰ ਪੈਨ 'ਚ ਤੇਲ ਗਰਮ ਕਰਕੇ ਇਨ੍ਹਾਂ ਕਟਲੇਟ ਨੂੰ ਗੋਲਡਨ ਬ੍ਰਾਊਨ ਅਤੇ ਕ੍ਰਿਸਪੀ ਹੋਣ ਤਕ ਫ਼੍ਰਾਈ ਕਰੋ।
5. ਫ਼ਰਾਈ ਕਰਨ ਦੇ ਬਾਅਦ ਇਸ ਨੂੰ ਫ਼ਾਇਲ ਪੇਪਰ 'ਤੇ ਰੱਖ ਦਿਓ ਤਾਂ ਕਿ ਐਕਸਟਰਾ ਆਇਲ ਨਿਕਲ ਜਾਵੇ।
6. ਲਓ ਜੀ ਤੁਹਾਡੇ ਛੋਲਿਆਂ ਦੀ ਦਾਲ ਦਾ ਕਟਲੇਟ ਬਣ ਕੇ ਤਿਆਰ ਹੈ। ਇਸ ਨੂੰ ਗਰਮਾ-ਗਰਮ ਚਾਹ ਨਾਲ ਸਰਵ ਕਰੋ।

# ‘ਯੁੱਧ ਨਸ਼ਿਆਂ ਵਿਰੁੱਧ’ ਅਤੇ ‘ਗੈਂਗਸਟਰਾਂ ਤੇ ਵਾਰ’ ਮੁਹਿੰਮ ਤਹਿਤ ਵਿਸ਼ੇਸ਼ ਕਾਰਵਾਈ ਯੋਜਨਾ

## ਸਮਾਜ ਨੂੰ ਨਸ਼ਾ ਮੁਕਤ ਤੇ ਅਪਰਾਧ ਮੁਕਤ ਬਣਾਉਣ ਲਈ ਵਿਸ਼ੇਸ਼ ਕਾਰਵਾਈਆਂ ਸ਼ੁਰੂ

**ਜਲੰਧਰ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



‘ਯੁੱਧ ਨਸ਼ਿਆਂ ਵਿਰੁੱਧ’ ਅਤੇ ‘ਗੈਂਗਸਟਰਾਂ ਤੇ ਵਾਰ’ ਮੁਹਿੰਮਾਂ ਨੂੰ ਹੋਰ ਮਜ਼ਬੂਤ ਕਰਨ ਲਈ ਐਮ.ਐਫ. ਫਾਰੂਕੀ, ਆਈਪੀਐਸ, ਏ.ਡੀ.ਜੀ.ਪੀ. ਐਸਏਪੀ ਜਲੰਧਰ ਅਤੇ ਹਰਵਿੰਦਰ ਸਿੰਘ ਵਿਰਕ, ਐਸ.ਐਸ.ਪੀ. ਜਲੰਧਰ ਦਿਹਾਤੀ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਮੀਟਿੰਗ ਬੁਲਾਈ ਗਈ।

ਮੀਟਿੰਗ ਵਿੱਚ ਮਨਜੀਤ ਕੌਰ, ਪੀਬੀਆਈ ਐਸਪੀ ਅਤੇ ਜ਼ਿਲ੍ਹੇ ਦੇ ਸਾਰੇ ਡੀਐਸਪੀ, ਐਸਐਚਓ, ਚੌਕੀ ਇੰਚਾਰਜ ਅਤੇ ਹੋਰ ਪੁਲਿਸ ਅਧਿਕਾਰੀਆਂ ਵੱਲੋਂ ਸ਼ਿਰਕਤ ਕੀਤੀ ਗਈ। ਮੀਟਿੰਗ ਦੌਰਾਨ, ਨਸ਼ਾ ਤਸਕਰੀ ਅਤੇ ਗੈਂਗਸਟਰ ਗਤੀਵਿਧੀਆਂ ਵਿਰੁੱਧ ਚੱਲ ਰਹੀਆਂ ਕਾਰਵਾਈਆਂ ਦੀ ਵਿਸਥਾਰਪੂਰਵਕ ਸਮੀਖਿਆ ਕੀਤੀ ਗਈ ਅਤੇ ਇਨ੍ਹਾਂ ਮੁਹਿੰਮਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਅੱਗੇ ਦੀਆਂ ਰਣਨੀਤੀਆਂ ਨੂੰ ਅੰਤਿਮ ਰੂਪ ਦਿੱਤਾ ਗਿਆ।

ਇਸ ਮੌਕੇ ਏ.ਡੀ.ਜੀ.ਪੀ. ਨੇ ਦੱਸਿਆ ਕਿ 1 ਮਾਰਚ 2026 ਤੋਂ 31 ਮਾਰਚ 2026 ਤੱਕ ‘ਯੁੱਧ ਨਸ਼ਿਆਂ ਵਿਰੁੱਧ’ ਅਤੇ ‘ਗੈਂਗਸਟਰਾਂ ਤੇ ਵਾਰ’ ਮੁਹਿੰਮਾਂ ਵੱਡੇ ਪੱਧਰ ’ਤੇ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ ਮੁਹਿੰਮਾਂ ਦਾ ਮੁੱਖ ਉਦੇਸ਼ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਦਾ ਪਤਾ ਲਗਾਉਣਾ, ਟਰੇਸ ਕਰਨਾ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨਾ, ਨਸ਼ੀਲੇ ਪਦਾਰਥਾਂ ਦੀ ਸਪਲਾਈ ਚੇਨਾਂ ਨੂੰ ਤੋੜਨਾ ਅਤੇ ਨਾਲ ਹੀ ਗੈਂਗਸਟਰਾਂ ਅਤੇ ਉਨ੍ਹਾਂ ਦੇ ਨੈੱਟਵਰਕਾਂ ਵਿਰੁੱਧ ਸਖ਼ਤ ਕਾਰਵਾਈ ਕਰਨਾ ਹੈ। ਉਨ੍ਹਾਂ ਨੇ ਸਾਰੇ ਅਧਿਕਾਰੀਆਂ ਨੂੰ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ ਘੱਟੋ-ਘੱਟ 10 ਪਛਾਣੇ ਗਏ ਹੌਟਸਪੌਟਸ ’ਤੇ CASO (ਕਾਰਡਨ ਅਤੇ ਸਰਚ ਆਪ੍ਰੇਸ਼ਨ) ਕਰਨ ਦੇ ਨਿਰਦੇਸ਼ ਦਿੱਤੇ, ਖਾਸ ਕਰਕੇ ਉਨ੍ਹਾਂ ਸਥਾਨਾਂ ‘ਤੇ ਜੋ ਨਸ਼ਿਆਂ ਅਤੇ ਸਾਈਕੋਟ੍ਰੌਪਿਕ ਸਬਸਟਾਂਸ ਦੀ ਵਿਕਰੀ ਅਤੇ ਲੈਣ-ਦੇਣ ਵਿੱਚ ਸ਼ਾਮਲ ਹਨ।

ਮੁਹਿੰਮ ਦੌਰਾਨ ਘੇਰਾਬੰਦੀ ਅਤੇ ਸਰਚ ਆਪ੍ਰੇਸ਼ਨ, ਨਸ਼ੀਲੇ ਪਦਾਰਥਾਂ ਪ੍ਰਤੀ ਸੰਵੇਦਨਸ਼ੀਲ ਰੂਟਾਂ ’ਤੇ ਰਾਜ ਵਿਆਪੀ ਨਾਕਾਬੰਦੀ, ਰਾਤ ਦੀ ਤਾਇਨਾਤੀ ਵਧਾਉਣ ਅਤੇ ਨਾਜ਼ੁਕ ਥਾਵਾਂ ’ਤੇ ਵਿਆਪਕ ਜਾਂਚ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਸਨ। ਬਦਨਾਮ ਤਸਕਰਾਂ, ਨਾਜਾਇਜ਼ ਵਪਾਰ ਕਰਨ ਵਾਲਿਆਂ ਅਤੇ ਕੋਰੀਅਰਾਂ ’ਤੇ ਛਾਪੇਮਾਰੀ ਕੀਤੀ ਜਾਵੇਗੀ, ਨਾਲ ਹੀ ਲੋੜੀਂਦੇ ਸ਼ੂਟਰਾਂ ਅਤੇ ਕੱਟੜ ਅਪਰਾਧੀਆਂ ਵਿਰੁੱਧ ਨਿਸ਼ਾਨਾਬੱਧ ਕਾਰਵਾਈ ਕੀਤੀ ਜਾਵੇਗੀ। ਹੌਟਸਪੌਟ ਖੇਤਰਾਂ ਵਿੱਚ ਵੈਰੀਫਿਕੇਸ਼ਨ ਮੁਹਿੰਮਾਂ ਚਲਾਈਆਂ ਜਾਣਗੀਆਂ, ਜਿਸ ਵਿੱਚ ਹੋਟਲਾਂ, ਧਰਮਸ਼ਾਲਾਵਾਂ, ਸਰਾਵਾਂ ਅਤੇ ਕਿਰਾਏਦਾਰਾਂ ਦੀ ਵੈਰੀਫਿਕੇਸ਼ਨ ਸ਼ਾਮਲ ਹੈ।

ਉਨ੍ਹਾਂ ਅੱਗੇ ਨਿਰਦੇਸ਼ ਦਿੱਤੇ ਕਿ ਜੇਲ੍ਹਾਂ ਵਿੱਚ ਵਿਸ਼ੇਸ਼ ਚੈਕਿੰਗ ਮੁਹਿੰਮਾਂ ਚਲਾਈਆਂ ਜਾਣ, ਜਿਸ ਵਿੱਚ ਮੋਬਾਈਲ ਫੋਨਾਂ ਦਾ ਪਤਾ ਲਗਾਉਣ ’ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਕੈਮਿਸਟ ਦੁਕਾਨਾਂ ਦੀ ਸਖ਼ਤ ਜਾਂਚ, ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡਿਆਂ ’ਤੇ CASO ਕਾਰਵਾਈਆਂ, ਅਸਲੇ ਦੇ ਭੰਡਾਰ ’ਤੇ ਵਿਸ਼ੇਸ਼ ਧਿਆਨ ਕੇਂਦਰਿਤ ਕਰਦੇ ਹੋਏ ਗਨ ਹਾਊਸਿਸ ਦੀ ਜਾਂਚ ਅਤੇ ਵਾਹਨਾਂ ਦੀ ਵਿਆਪਕ ਜਾਂਚ-ਖਾਸ ਕਰ ਦੋਪਹੀਆ ਵਾਹਨਾਂ ਅਤੇ ਹੋਰ ਸ਼ੱਕੀ ਵਾਹਨਾਂ ਦੀ - ਨੂੰ ਵੀ ਯਕੀਨੀ ਬਣਾਇਆ ਜਾਵੇਗਾ। ਵਾਰ-ਵਾਰ ਅਪਰਾਧ ਕਰਨ ਵਾਲਿਆਂ ਵਿਰੁੱਧ ਕਾਰਵਾਈ ਤੇਜ਼ ਕੀਤੀ ਜਾਵੇਗੀ, ਜਿਸ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਦੋ ਤੋਂ ਵੱਧ ਸਨੈਚਿੰਗ ਮਾਮਲਿਆਂ ਵਿੱਚ ਸ਼ਾਮਲ ਵਿਅਕਤੀ ਅਤੇ ਤਿੰਨ ਤੋਂ ਵੱਧ ਅਸਲਾ ਐਕਟ ਦੇ ਮਾਮਲਿਆਂ ਵਿੱਚ ਸ਼ਾਮਲ ਵਿਅਕਤੀ ਸ਼ਾਮਲ ਹਨ।

ਇਸ ਤੋਂ ਇਲਾਵਾ ਘੋਸ਼ਿਤ ਅਪਰਾਧੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ, ਗੈਰ-ਰਜਿਸਟਰਡ ਟ੍ਰੈਵਲ ਏਜੰਟਾਂ ਦੀ ਜਾਂਚ ਕੀਤੀ ਜਾਵੇਗੀ, ਅਤੇ ਜਿੱਥੇ ਵੀ ਲੋੜ ਹੋਵੇ ਜੇਲ੍ਹ ਵਿੱਚ ਬੰਦ ਅਪਰਾਧੀਆਂ ਦੇ ਪ੍ਰੋਡਕਸ਼ਨ ਵਾਰੰਟ ਪ੍ਰਾਪਤ ਕੀਤੇ ਜਾਣਗੇ। ਇਸ ਮੁਹਿੰਮ ਦੌਰਾਨ ਨਤੀਜਾ-ਮੁਖੀ ਕਾਰਵਾਈਆਂ ਨੂੰ ਯਕੀਨੀ ਬਣਾਉਣ ਲਈ ਘੱਟੋ-ਘੱਟ 70 ਪ੍ਰਤੀਸ਼ਤ ਪੁਲਿਸ ਫੋਰਸ ਨੂੰ ਲਾਮਬੰਦ ਕੀਤਾ ਜਾਵੇਗਾ।

ਇਹ ਵੀ ਹਦਾਇਤ ਕੀਤੀ ਗਈ ਕਿ ਸੀਨੀਅਰ ਪੁਲਿਸ ਅਧਿਕਾਰੀ ਆਪਣੇ-ਆਪਣੇ ਖੇਤਰਾਂ ਵਿੱਚ ਆਪਰੇਸ਼ਨਾਂ ਦੀ ਨਿੱਜੀ ਤੌਰ ’ਤੇ ਨਿਗਰਾਨੀ ਕਰਨਗੇ ਅਤੇ ਇਨ੍ਹਾਂ ਮੁਹਿੰਮਾਂ ਦੇ ਨਤੀਜਿਆਂ ਬਾਰੇ ਵਿਆਪਕ ਤੌਰ ’ਤੇ ਪ੍ਰਚਾਰ ਕੀਤਾ ਜਾਵੇਗਾ ਤਾਂ ਜੋ ਲੋਕਾਂ ਦਾ ਵਿਸ਼ਵਾਸ ਅਤੇ ਜਾਗਰੂਕਤਾ ਵਧਾਈ ਜਾ ਸਕੇ।

ਅੰਤ ਵਿੱਚ, ਜਲੰਧਰ ਦਿਹਾਤੀ ਪੁਲਿਸ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਤਸਕਰਾਂ ਅਤੇ ਅਪਰਾਧੀ ਤੱਤਾਂ ਬਾਰੇ ਕੋਈ ਵੀ ਜਾਣਕਾਰੀ ਪੁਲਿਸ ਨਾਲ ਸਾਂਝੀ ਕਰਨ ਤਾਂ ਜੋ ਸਮਾਜ ਨੂੰ ਨਸ਼ਿਆਂ ਅਤੇ ਅਪਰਾਧ ਤੋਂ ਮੁਕਤ ਬਣਾਇਆ ਜਾ ਸਕੇ।

# ਹੋਲੇ ਮਹੱਲੇ ਮੌਕੇ ਪੁੱਜੀਆਂ ਸੰਗਤਾਂ ਲਈ ਦੁਸ਼ਹਿਰਾ ਗਰਾਉਂਡ ਵਿਖੇ ਲਗਾਇਆ ਗਿਆ ਲੰਗਰ

**ਮਾਛੀਵਾੜਾ ਸਾਹਿਬ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਖਾਲਸੇ ਦੀ ਧਰਤੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਮਨਾਉਣ ਜਾ ਰਹੀਆਂ ਸੰਗਤਾਂ ਮਾਛੀਵਾੜਾ ਸਾਹਿਬ ਵਿਖੇ ਪਵਿੱਤਰ ਅਤੇ ਇਤਿਹਾਸਿਕ ਸਥਾਨਾਂ ਦੇ ਦਰਸ਼ਨ ਕਰਕੇ ਅੱਗੇ ਵੱਧ ਰਹੀਆਂ ਹਨ, ਜਿਨ੍ਹਾਂ ਲਈ ਮਾਛੀਵਾੜਾ ਸਾਹਿਬ ਇਲਾਕੇ ਭਰ ਦੀਆਂ ਸੰਗਤਾਂ ਵੱਲੋਂ ਵੱਖ-ਵੱਖ ਪਕਵਾਨਾਂ ਦੇ ਲੰਗਰ ਲਗਾਏ ਗਏ ਹਨ।

ਹੇਮਕੁੰਡ ਸਾਹਿਬ ਦੇ ਰਸਤੇ ਵਿੱਚ ਲੰਗਰਾਂ ਵਾਲੇ ਬਾਬਾ ਸੁਖ ਸਿੰਘ ਟੂਸ ਵਾਲੇ ਨੇ ਦੱਸਿਆ ਕਿ ਥਾਣੇਦਾਰ ਗੁਰਨਾਮ ਸਿੰਘ ਧਨੂੰਰ ,ਸਾਬਕਾ ਸਰਪੰਚ ਮਹਿੰਦਰ ਸਿੰਘ ਧਨੂੰਰ ਅਤੇ ਸਮੁੱਚੇ ਪਿੰਡ ਵਾਸੀਆਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਾਛੀਵਾੜਾ ਸਾਹਿਬ ਦੇ ਦੁਸ਼ਹਿਰਾ ਗਰਾਉਂਡ ਵਿਖੇ ਸੰਗਤਾਂ ਲਈ ਲੰਗਰਾਂ ਦਾ ਪ੍ਰਬੰਧ ਕੀਤਾ ਗਿਆ ਹੈ।

ਜਿੱਥੇ ਸੰਗਤਾਂ ਆਪਣੇ ਵਹੀਕਲਾਂ ਦੀ ਪਾਰਕਿੰਗ ਕਰ ਗੁਰਦੁਆਰਾ ਸ੍ਰੀ ਗਨੀ ਖਾਂ ਨਬੀ ਖਾਂ, ਗੁਰਦੁਆਰਾ ਸ੍ਰੀ ਚੁਬਾਰਾ ਸਾਹਿਬ ਅਤੇ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਸਮੇਤ ਮਾਛੀਵਾੜਾ ਸਾਹਿਬ ਦੇ ਹੋਰ ਵੱਖ-ਵੱਖ ਧਾਰਮਿਕ ਸਥਾਨਾਂ ਤੇ ਨਤਮਸਤਕ ਹੋ ਰਹੀਆਂ ਹਨ। ਉਹਨਾਂ ਦੱਸਿਆ ਕਿ ਮਾਛੀਵਾੜਾ ਸਾਹਿਬ ਦੀਆਂ ਸੰਗਤਾਂ ਵੱਲੋਂ ਦੇਸ਼ ਵਿਦੇਸ਼ ਤੋਂ ਮਾਛੀਵਾੜਾ ਸਾਹਿਬ ਦੀ ਧਰਤੀ ਤੇ ਪੁੱਜ ਰਹੀਆਂ ਸੰਗਤਾਂ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ ਜਾ ਰਿਹਾ ਤੇ ਉਹਨਾਂ ਦੀ ਹਰ ਸੁੱਖ ਸਹੂਲਤ ਦਾ ਧਿਆਨ ਰੱਖਿਆ ਜਾ ਰਿਹਾ ਹੈ।

# ਸਾਲ 2047 ਤੱਕ ਹਰਿਆਣਾ ਨੂੰ ਇੱਕ ਟ੍ਰਿਲੀਅਨ ਡਾਲਰ ਦੀ ਆਰਥਿਕਤਾ ਬਣਾਉਣ ਦਾ ਟੀਚਾ: ਮੁੱਖ ਮੰਤਰੀ

**ਚੰਡੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸੋਮਵਾਰ ਨੂੰ ਹਰਿਆਣਾ ਵਿਧਾਨ ਸਭਾ ਵਿੱਚ ਨਾਨ-ਸਟਾਪ ਸਰਕਾਰ ਦਾ ਲਗਾਤਾਰ 12ਵਾਂ ਰਾਜ ਬਜਟ ਪੇਸ਼ ਕਰਦਿਆਂ ਸਾਲ 2047 ਤੱਕ ਹਰਿਆਣਾ ਨੂੰ ਇੱਕ ਟ੍ਰਿਲੀਅਨ ਡਾਲਰ ਦੀ ਆਰਥਿਕਤਾ ਬਣਾਉਣ ਦੀ ਵਚਨਬੱਧਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਵਿੱਤੀ ਸਾਲ 2026-27 ਦਾ ਰਾਜ ਬਜਟ ਸਿਰਫ਼ ਆਮਦਨ-ਖਰਚ ਦਾ ਲੇਖਾ-ਜੋਖਾ ਨਹੀਂ, ਸਗੋਂ ’ਵਿਕਸਿਤ ਹਰਿਆਣਾ’ ਦੇ ਨਿਰਮਾਣ ਦਾ ਇੱਕ ’ਵਿਜ਼ਨ ਡੌਕੂਮੈਂਟ’ (ਦੂਰਦਰਸ਼ੀ ਦਸਤਾਵੇਜ਼) ਹੈ।

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਜਿਸ ਰਫ਼ਤਾਰ ਨਾਲ ਵਿਸ਼ਵ ਦੀਆਂ ਮੋਹਰੀ ਆਰਥਿਕਤਾਵਾਂ ਵਿੱਚ ਆਪਣੀ ਥਾਂ ਬਣਾ ਰਿਹਾ ਹੈ, ਉਸੇ ਸੰਕਲਪ ਅਤੇ ਪ੍ਰੇਰਨਾ ਨਾਲ ਹਰਿਆਣਾ ਵੀ ਵਿਕਾਸ ਦੀਆਂ ਨਵੀਆਂ ਉਚਾਈਆਂ ਨੂੰ ਛੂਹ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਾਲ 2047 ਤੱਕ ਹਰਿਆਣਾ ਨੂੰ ਇੱਕ ਟ੍ਰਿਲੀਅਨ ਡਾਲਰ ਦੀ ਆਰਥਿਕਤਾ ਬਣਾਉਣ ਦਾ ਟੀਚਾ ਮਿੱਥਿਆ ਗਿਆ ਹੈ ਅਤੇ ÷ਹਰਿਆਣਾ ਵਿਜ਼ਨ ਡੌਕੂਮੈਂਟ-2047÷ ਇਸ ਦਿਸ਼ਾ ਵਿੱਚ ਰਾਜ ਦਾ ਮਾਰਗਦਰਸ਼ਕ ਦਸਤਾਵੇਜ਼ ਹੈ। ਇਹ ਬਜਟ ਜਨਤਾ ਦੀ ਵਿਆਪਕ ਸਲਾਹ-ਮਸ਼ਵਰੇ ਨਾਲ ਤਿਆਰ ਕੀਤਾ ਗਿਆ ਹੈ। ਸੂਬੇ ਭਰ ਵਿੱਚ ਵੱਖ-ਵੱਖ ਵਰਗਾਂ ਨਾਲ ਕੀਤੀਆਂ ਗਈਆਂ ਮੀਟਿੰਗਾਂ ਰਾਹੀਂ 2,199 ਸੁਝਾਅ ਪ੍ਰਾਪਤ ਹੋਏ ਅਤੇ 19 ਚੈਟਬੋਟ ਰਾਹੀਂ ਲਗਭਗ 12,400 ਸੁਝਾਅ ਮਿਲੇ, ਜਿਨ੍ਹਾਂ ਵਿੱਚੋਂ ਲਗਭਗ 5,000 ਸੁਝਾਵਾਂ ਨੂੰ ਬਜਟ ਪ੍ਰਸਤਾਵਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਲਈ, ਇਹ ਹਰਿਆਣਾ ਦੀ ਜਨਤਾ ਦੁਆਰਾ ਬਣਾਇਆ ਗਿਆ ਬਜਟ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਵਿੱਤ ਮੰਤਰੀ ਵਜੋਂ ਸਦਨ ਰਾਹੀਂ ਜਨਤਾ ਦੇ ਸਾਹਮਣੇ 5 ਨੁਕਤੇ ਰੱਖੇ, ਜਿਨ੍ਹਾਂ ਦਾ ਪ੍ਰਭਾਵ ਨਾ ਸਿਰਫ਼ ਇਸ ਸਾਲ ਦੇ ਬਜਟ ਵਿੱਚ ਦਿਖਾਈ ਦੇਵੇਗਾ ਸਗੋਂ 2031 ਤੱਕ ਦੇ ਰਾਜ ਬਜਟਾਂ ਵਿੱਚ ਵੀ ਇਨ੍ਹਾਂ ਦੀ ਝਲਕ ਦਿਖਾਈ ਦੇਵੇਗੀ।

**ਸਾਲ 2031 ਤੱਕ ਪ੍ਰਭਾਵਸ਼ਾਲੀ ਰਹਿਣ ਵਾਲੇ ਮੁੱਖ ਨੁਕਤੇ**

ਮੁੱਖ ਮੰਤਰੀ ਨੇ ਦੱਸਿਆ ਕਿ 16ਵੇਂ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਸਾਲ 2026 ਤੋਂ 2031 ਤੱਕ ਕੇਂਦਰੀ ਟੈਕਸਾਂ ਵਿੱਚ ਹਰਿਆਣਾ ਦਾ ਹਿੱਸਾ ਵਧ ਕੇ 1.361 ਪ੍ਰਤੀਸ਼ਤ ਹੋ ਗਿਆ ਹੈ, ਜੋ ਪਿਛਲੇ ਸਮੇਂ ਦੀ ਤੁਲਨਾ ਵਿੱਚ 24.52 ਪ੍ਰਤੀਸ਼ਤ ਦਾ ਇਤਿਹਾਸਕ ਵਾਧਾ ਹੈ ਅਤੇ ਦੇਸ਼ ਵਿੱਚ ਸਭ ਤੋਂ ਵੱਧ ਵਾਧਾ ਹੈ। ਉਨ੍ਹਾਂ ਨੇ ਇਸ ਨੂੰ ’ਡਬਲ ਇੰਜਣ ਸਰਕਾਰ’ ਦੀ ਪ੍ਰਭਾਵਸ਼ੀਲਤਾ ਦਾ ਮਜ਼ਬੂਤ ਸਬੂਤ ਦੱਸਦਿਆਂ ਕਿਹਾ ਕਿ ਅੱਜ ਕੇਂਦਰ ਅਤੇ ਰਾਜ ਦੀਆਂ ਤਾਲਮੇਲ ਵਾਲੀਆਂ ਨੀਤੀਆਂ ਦਾ ਸਿੱਧਾ ਫਾਇਦਾ ਹਰਿਆਣਾ ਨੂੰ ਮਿਲ ਰਿਹਾ ਹੈ।



ਸਾਲ 2026 ਤੋਂ 2031 ਤੱਕ ਹਰਿਆਣਾ ਦਾ ਕੇਂਦਰੀ ਟੈਕਸਾਂ ਵਿੱਚ ਹਿੱਸਾ ਹੁਣ 1.361% ਹੋਵੇਗਾ।ਸਾਲ 2005-10 ਵਿੱਚ ਇਹ ਹਿੱਸਾ 1.075% ਸੀ। ਸਾਲ 2010-15 ਵਿੱਚ ਇਹ ਘਟ ਕੇ 1.048% ਹੋ ਗਿਆ ਸੀ ਅਤੇ ਇਸ ਵਿੱਚ ਹਰਿਆਣਾ ਪੂਰੇ ਦੇਸ਼ 20ਵੇਂ ਸਥਾਨ ਤੇ ਸਨ। ਸਾਲ 2015 -20 ਦੇ ਸਮੇਂ ਵਿੱਚ ਇਹ ਹਿੱਸਾ ਹੋਰ ਵੱਧ ਕੇ 1.084% ਹੋ ਗਿਆ ਅਤੇ ਇਸ ਵਿੱਚ ਸਾਲ 2010-15 ਦੀ ਤੁਲਣਾ ਨਾਲ ਵਾਧੇ ਵਿੱਚ ਸੂਬਾ 17ਵੇਂ ਸਥਾਨ ਤੇ ਆ ਗਿਆ ਸੀ। 15ਵੇਂ ਵਿੱਤ ਕਮਿਸ਼ਨ (2021-26) ਵਿੱਚ ਇਹ 1.093% ਸੀ। ਹੁਣ 16ਵੇਂ ਵਿੱਤ ਕਮਿਸ਼ਨ ਤਹਿਤ ਇਹ ਵਧ ਕੇ 1.361% ਹੋ ਗਿਆ ਹੈ, ਜੋ ਕਿ ਸਾਰੇ 28 ਰਾਜਾਂ ਵਿੱਚੋਂ ਸਭ ਤੋਂ ਵੱਧ ਵਾਧਾ ਹੈ।

ਉਨ੍ਹਾਂ ਕਿਹਾ ਕਿ ਸਾਲ 2026-27 ਦੇ ਬਜਟ ਦੇ ਸੰਦਰਭ ਵਿੱਚ ਇਸ ਵਾਧੇ ਨੂੰ ਦੇਖੀਏ ਤਾਂ ਸਾਲ 2005-06 ਵਿੱਚ 13,853 ਕਰੋੜ ਰੁਪਏ ਹਰਿਆਣਾ ਦੇ ਕੁੱਲ ਮਾਲੀਏ ਵਿੱਚ ਕੇਂਦਰੀ ਟੈਕਸਾਂ ਨਾਲ ਮਿਲੇ ਹਿੱਸੇ ਦਾ 1,201 ਕਰੋੜ ਰੁਪਏ (ਸਿਰਫ਼ 8.7%) ਸੀ। ਸਾਲ 2014-15 ਵਿੱਚ 40,799 ਕਰੋੜ ਰੁਪਏ ਦੇ ਸਾਡੇ ਕੁੱਲ ਮਾਲ ਵਿੱਚ ਕੇਂਦਰੀ ਟੈਕਸਾਂ ਨਾਲ ਮਿਲੇ ਹਿੱਸੇ ਨਾਲ ਮਾਲ ਦਾ 3,548 ਕਰੋੜ ਰੁਪਏ ਮਤਲਬ (ਫਿਰ ਤੋਂ ਸਿਰਫ਼ 8.7%) ਸੀ। ਸਾਲ 2024-25 ਵਿੱਚ ਇਹ ਵਧ ਕੇ 13.2% ਹੋ ਗਿਆ ਸੀ ਅਤੇ ਇਸ ਸਾਲ ਕੁੱਲ ਮਾਲੀਏ ਦਾ 14.2% ਕੇਂਦਰੀ ਟੈਕਸਾਂ ਤੋਂ ਪ੍ਰਾਪਤ ਹੋਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ’ਹਰਿਆਣਾ ਕਲੀਨ ਏਅਰ ਪ੍ਰੋਜੈਕਟ’ ਤਹਿਤ ਵਿਸ਼ਵ ਬੈਂਕ ਵੱਲੋਂ 2716 ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਪ੍ਰਵਾਨ ਕੀਤੀ ਗਈ ਹੈ। ਇਸ ਤੋਂ ਇਲਾਵਾ, ÓWater Secure HaryanaÓ ਲਈ 5715 ਕਰੋੜ ਰੁਪਏ ਅਤੇ ÓHaryana AI MissionÓ ਲਈ 474 ਕਰੋੜ ਰੁਪਏ ਦੀ ਪ੍ਰਵਾਨਗੀ ਜਲਦੀ ਹੀ ਵਿਸ਼ਵ ਬੈਂਕ ਤੋਂ ਜਲਦੀ ਹੀ ਮਿਲ ਜਾਵੇਗੀ। ਇੰਨਾ ਹੀ ਨਹੀਂ, ’ਫੋਰਸਾਈਟ ਐਨਕਸ’ ਦੇ ਨਾਂ ’ਤੇ 4 ਵਿਭਾਗਾਂ ਲਈ 1837.65 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਨਾਲ ਇਹ ਵਿਭਾਗ ’ਭਵਿੱਖ ਦੇ ਸਮਰੱਥ’ ਬਣਨਗੇ। ਉਨ੍ਹਾਂ ਕਿਹਾ ਕਿ ÓHaryana Vision Document-2047’ ਦੇ ਟੀਚਿਆਂ ਅਨੁਸਾਰ ਆਉਣ ਵਾਲੇ ਸਾਰੇ ਬਜਟ ਲਿੰਗ ਅਤੇ ਬਜ਼ੁਰਗਾਂ ’ਤੇ ਅਧਾਰਿਤ ਹੋਣਗੇ।

# ਦੀ ਰਿਟੇਲ ਕਰਿਆਨਾ ਮਰਚੈਂਟਸ ਐਸੋਸੀਏਸ਼ਨ ਦਾ 20ਵਾਂ ਸਾਲਾਨਾ ਇਜਲਾਸ ਹੋਇਆ ਸੰਪੰਨ

**ਸੁਨਾਮ ਊਧਮ ਸਿੰਘ ਵਾਲਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀ ਰਿਟੇਲ ਕਰਿਆਣਾ ਮਰਚੇਂਟ ਐਸਸੀਏਸ਼ਨ ਦਾ ਸਾਲਾਨਾ ਇਜਲਾਸ ਪਰਵੇਸ਼ ਕਾਂਸਲ ਦੀ ਪ੍ਰਧਾਨਗੀ ਹੇਠ ਸੰਪੰਨ ਹੋਇਆ। ਇਸ ਵਿੱਚ ਵੱਡੀ ਗਿਣਤੀ ਵਿੱਚ ਰਿਟੇਲਰ ਦੁਕਾਨਦਾਰਾਂ ਨੇ ਹਿੱਸਾ ਲਿਆ। ਇਸ ਸਮੇਂ ਮੁੱਖ ਮਹਿਮਾਨ ਪਮੋਦ ਗੁਪਤਾ ਪੰਜਾਬ ਪ੍ਰਧਾਨ ਕਰਿਆਨਾ ਐਸੋਸੀਏਸ਼ਨ ਅਤੇ ਸਟਾਰ ਗੈਸਟ ਨਰੇਸ਼ ਭੋਲਾ ਪ੍ਰਧਾਨ ਵਪਾਰ ਮੰਡਲ ਸੁਨਾਮ ਨੇ ਜੋਤੀ ਪ੍ਰਚੰਡ ਕੀਤੀ।

ਇਜਲਾਸ ਨੂੰ ਸੰਬੋਧਨ ਕਰਦਿਆਂ ਪ੍ਰਮੋਦ ਗੁਪਤਾ ਨੇ ਕਿਹਾ ਕਿ ਸਰਕਾਰਾਂ ਨੂੰ ਰਿਟੇਲਰਾਂ, ਵਪਾਰੀਆਂ ਦੀਆਂ ਸਮੱਸਿਆਵਾਂ ਵੱਲ ਧਿਆਨ ਦੇਣ ਦੀ ਲੋੜ ਹੈ।

ਵਪਾਰੀਆਂ ਨਾਲ ਧੱਕੇਸ਼ਾਹੀ ਬਰਦਾਸਤ ਨਹੀਂ ਕੀਤੀ ਜਾਵੇਗੀ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਸੋਚ ਬਦਲੇ ਕਿਉਂਕਿ ਸਰਕਾਰ ਬਣਾਉਣ ਵਿੱਚ ਵਪਾਰੀਆਂ ਦਾ ਅਹਿਮ ਰੋਲ ਰਹਿੰਦਾ ਹੈ। ਵੋਟ ਅਸੀਂ ਵੀ ਪਾਉਂਦੇ ਹਾਂ। ਜੀ.ਐਸ.ਟੀ. ਦੇ ਉਪਰ ਬੋਲਦਿਆਂ ਕਿਹਾ ਕਿ ਸਰਕਾਰ ਵਲੋਂ ਇੰਨਾ ਦਬਾਵ ਬਨਾਉਣਾ ਠੀਕ ਨਹੀਂ। ਜੋ ਸਰਕਾਰਾਂ ਨੇ ਪਹਿਲਾਂ ਦਾਅਵੇ ਕੀਤੇ ਸੀ ਕਿ ਸਰਕਾਰ ਲੋਕਾਂ ਦੀ ਹੋਵੇਗੀ ਉਸ ਵਾਅਦੇ ਤੇ ਹੀ ਰਹਿਣਾ ਚਾਹੀਦਾ ਹੈ। ਨਰੇਸ਼ ਭੋਲਾ ਜੀ ਨੇ ਕਿਹਾ ਕਿ ਕਿਸੇ ਵੀ ਵਪਾਰੀ ਜਾਂ ਦੁਕਾਨਦਾਰ ਨੂੰ ਕੋਈ ਵੀ ਸਮੱਸਿਆ ਆਉਂਦੀ ਹੈ ਤਾਂ ਵਪਾਰ ਮੰਡਲ ਹਰ ਸਮੇਂ ਉਸ ਦੇ ਨਾਲ ਖੜ੍ਹਾ ਹੈ। ਚੇਅਰਮੈਨ ਜਗਜੀਤ ਸਿੰਘ ਅਹੂਜਾ ਜੀ ਨੇ ਸਰਕਾਰ ਨੂੰ ਕਰੜੇ ਸ਼ਬਦਾਂ ਵਿੱਚ ਕਿਹਾ ਕਿ ਸਰਕਾਰ ਨੂੰ ਵਪਾਰ ਵਿਰੋਧੀ ਨੀਤੀਆਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ। ਸਰਕਾਰ ਵੱਡੇ ਘਰਾਣਿਆਂ ਦੀ ਝੋਲੀ ਵਿੱਚ ਰਿਟੇਲ ਦਾ ਕੰਮ ਪਾਉਣਾ ਚਾਹੁੰਦੀ ਹੈ। ਇਹ ਸਰਕਾਰ ਨੂੰ ਬਹੁਤ ਮਹਿੰਗਾ ਪੈ ਸਕਦਾ ਹੈ। ਆਉਣ ਵਾਲਾ ਸਮਾਂ ਬਹੁਤ ਭਿਆਨਕ ਹੈ। ਸਰਕਾਰ ਕਾਨੂੰਨ ਬਨਾਉਣ ਵੇਲੇ ਵਪਾਰੀਆਂ, ਦੁਕਾਨਦਾਰਾਂ ਨਾਲ ਸਲਾਹ ਮਸ਼ਵਰਾ ਕਰਕੇ ਹੀ ਕਾਨੂੰਨ ਬਣਾਵੇ। ਪ੍ਰਧਾਨ ਪਰਵੇਸ਼ ਕਾਂਸਲ ਨੇ ਦੁਕਾਨਦਾਰਾਂ ਦੀ ਘੱਟੋ-ਘੱਟ 2 ਲੱਖ ਰੁਪਏ ਦੀ ਲਿਮਟ 4% ਸਾਲਾਨਾ ਵਿਆਜ ਤੇ ਬਨਾਉਣ ਦੀ ਮੰਗ ਕੀਤੀ ਅਤੇ ਪਿਛਲੇ ਸਾਲ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ ਅਤੇ ਸੈਂਪਲਿੰਗ ਜੋ ਵਸਤੂ ਦਾ ਨਿਰਮਾਤਾ ਹੈ ਉਥੋਂ ਹੀ ਸੈਂਪਲ ਲਏ ਜਾਣ ਬਾਰੇ ਗੱਲ ਕਹੀ। 65 ਸਾਲ ਤੋਂ ਬਾਅਦ ਦੁਕਾਨਦਾਰ ਦੀ ਪੈਨਸ਼ਨ ਲਗਾਉਣ ਬਾਰੇ ਮੰਗ ਕੀਤੀ। ਪੰਜਾਬ ਰਾਜ ਟਰੇਡ ਕਮਿਸ਼ਨ ਦੇ ਮੈਂਬਰ ਅਤੇ ਕਰਿਆਣਾ ਐਸੋਸੀਏਸ਼ਨ ਦੀ ਬੱਬਰਸ਼ੇਰ ਆਗੂ ਅਜੈ ਜਿੰਦਲ ਮਸਤਾਨੀ ਜੀ ਨੇ ਸਟੇਜ ਸਕੱਤਰ ਦੀ ਜਿੰਮੇਵਾਰੀ ਨਿਭਾਉਂਦੇ ਹੋਏ ਬਹੁਤ ਹੀ ਵਧੀਆ ਕਾਰਗੁਜਾਰੀ ਕੀਤੀ ਅਤੇ ਰੋਜਾਨਾ ਹੁੰਦੀਆਂ ਲੁੱਟਾ, ਖੋਹਾਂ, ਚੋਰੀਆਂ ਤੇ ਪ੍ਰਸ਼ਾਸ਼ਨ ਨੂੰ ਨੱਥ ਪਾਉਣ ਦੀ ਮੰਗ ਕੀਤੀ। ਪੰਜਾਬ ਰਾਜ ਟਰੇਡ ਕਮਿਸ਼ਨ ਦੇ ਚੇਅਰਮੈਨ ਰਾਮ ਕੁਮਾਰ ਬਾਂਸਲ ਜੀ ਨੇ ਜੋ ਦੁਕਾਨਦਾਰ ਜੀ.ਐਸ.ਟੀ. ਇੱਕਠਾ ਕਰਕੇ ਸਰਕਾਰ ਦਾ ਖਜਾਨਾ ਭਰਦਾ ਹੈ ਉਸ ਵਿਚੋਂ ਕਮਿਸ਼ਨ ਦੇਣ ਦੀ ਮੰਗ ਕੀਤੀ। ਵਾਈਸ ਚੇਅਰਮੈਨ ਰਾਜੀਵ ਸਿੰਗਲਾ ਜੀ ਨੇ ਆਉਣ ਵਾਲੇ ਸਮੇਂ ਵਿੱਚ ਚੋਣਾਂ ਵੇਲੇ ਵਪਾਰੀ ਦੀ ਅਹਿਮ ਭੂਮਿਕਾ ਬਾਰੇ ਚਾਨਣਾ ਪਾਇਆ ਅਤੇ ਆਨਲਾਈਨ ਸ਼ਾਪਿੰਗ ਦੇ ਹੋਣ ਵਾਲੇ ਨੁਕਸਾਨ ਬਾਰੇ ਦੱਸਿਆ। ਜਿਥੇ ਭਾਰੀ ਗਿਣਤੀ ਵਿੱਚ ਵੱਖ-ਵੱਖ ਕੰਪਨੀਆਂ ਤੋਂ ਕੰਪਨੀਆਂ ਦੇ ਸੇਲਜਮੈਨ ਅਤੇ ਜੀ.ਐਮ. ਪਹੁੰਚੇ ਹੋਏ ਸਨ। ਇਲੈਕਟ੍ਰੌਨਿਕ ਮੀਡੀਆ ਅਤੇ ਪ੍ਰੈਸ ਮੀਡੀਆ ਨੇ ਵੀ ਭਾਰੀ ਗਿਣਤੀ ਵਿੱਚ ਇਸ ਕਾਨਫਰੰਸ ਵਿੱਚ ਹਿੱਸਾ ਲਿਆ। ਇਸ ਕਾਨਫਰੰਸ ਦੇ ਸਪੋਸਰ ਪ੍ਰਾਈਡ ਐਗਰੋ ਇੰਡੀਆ ਲਿਮਟਿਡ (ਜਾਦੂ ਚਾਹ) ਅਤੇ ਰਾਮ ਸੰਨਜ ਪ੍ਰਾਈਵੇਟ ਲਿਮਟਿਡ (ਰਾਜ ਸੰਨਜ ਦੇਸੀ ਘਿਓ) ਸਨ। ਇਸ ਮੀਟਿੰਗ ਵਿੱਚ ਜੋਨੀ ਕਾਂਸਲ, ਮੁਕੇਸ਼ ਬਾਂਸਲ, ਰਤਨ, ਸੰਕੇਤ, ਕੇਸ਼ੀ, ਮੰਗਤ, ਕ੍ਰਿਸ਼ਨ, ਅੰਕਿਤ, ਪੰਕਜ, ਹਰੀਸ਼ ਬਾਂਸਲ, ਸੰਜੀਵ, ਅਭਿਸ਼ੇਕ ਮਿੱਤਲ, ਦੀਪਨ ਸਿੰਗਲਾ, ਦੀਪਕ ਜਿੰਦਲ, ਪ੍ਰਮੋਦ ਜਿੰਦਲ, ਰਾਜੇਸ਼ ਪਾਲੀ, ਕੁਲਦੀਪ ਆਦਿ ਹਾਜ਼ਰ ਸਨ।

# ਬੀਅਰ ਦੇ ਕੈਨਾਂ ’ਚ ਲੁਕੋ ਕੇ ਲਿਆਂਦੇ ਅਰਬਾਂ ਦੇ ਨਸ਼ੇ ਲਈ ਪੰਜਾਬੀ ਨੂੰ 22 ਸਾਲ ਕੈਦ




**ਔਕਲੈਂਡ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਿਊ ਜ਼ੀਲੈਂਡ ਦੀ ਇੱਕ ਅਦਾਲਤ ਨੇ ਨਸ਼ਾ ਤਸਕਰੀ ਦੇ ਇੱਕ ਵੱਡੇ ਮਾਮਲੇ ’ਚ ਭਾਰਤੀ ਮੂਲ ਦੇ ਬਲਤੇਜ ਸਿੰਘ ਅਗਵਾਨ ਨੂੰ 22 ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਹੈ। ਬਲਤੇਜ ਸਿੰਘ ’ਤੇ ਦੋਸ਼ ਹੈ ਕਿ ਉਸ ਨੇ ਵੱਡੀ ਮਾਤਰਾ ’ਚ ਖ਼ਤਰਨਾਕ ਲਿਕੁਇਡ ਮੈਥਮਫ਼ੈਟੇਮੀਨ ਨਿਊ ਜ਼ੀਲੈਂਡ ’ਚ ਗ਼ੈਰ-ਕਾਨੂੰਨੀ ਤਰੀਕੇ ਨਾਲ ਮੰਗਵਾਇਆ ਸੀ।

ਦੱਸਿਆ ਜਾ ਰਿਹਾ ਹੈ ਕਿ ਬਲਤੇਜ ਸਿੰਘ ਅਗਵਾਨ ਇੰਦਰਾ ਗਾਂਧੀ ਦੇ ਕਾਤਲ ਸਤਵੰਤ ਸਿੰਘ ਦਾ ਭਤੀਜਾ ਹੈ। ਉਸ ਨੇ ਇਸ ਨਸ਼ੇ ਨੂੰ ਬਹੁਤ ਹੀ ਚਾਲਾਕੀ ਨਾਲ ਬੀਅਰ ਦੀਆਂ ਕੈਨਾਂ ’ਚ ਲੁਕਾ ਕੇ ਨਿਊ ਜ਼ੀਲੈਂਡ ਲੈ ਕੇ ਆਇਆ ਸੀ। ਜਾਂਚ ਏਜੰਸੀਆਂ ਨੇ ਜਦੋਂ ਇਨ੍ਹਾਂ ਕੈਨਾਂ ਦੀ ਜਾਂਚ ਕੀਤੀ ਤਾਂ ਉਨ੍ਹਾਂ ’ਚੋਂ ਬੀਅਰ ਦੀ ਬਜਾਏ ਭਾਰੀ ਮਾਤਰਾ ’ਚ ਡਰੱਗ ਬਰਾਮਦ ਹੋਈ ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ’ਚ ਕੀਮਤ ਕਰੀਬ 600-700 ਕਰੋੜ ਰੁਪਏ ਦੱਸੀ ਜਾਂਦੀ ਹੈ। ਰਿਪੋਰਟਾਂ ਅਨੁਸਾਰ ਬਲਤੇਜ ਸਿੰਘ ਅਗਵਾਨ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦੇ ਦੋਸ਼ੀ ਸਤਵੰਤ ਸਿੰਘ ਦਾ ਭਤੀਜਾ ਹੈ। ਉਸ ਦੇ ਖ਼ਾਲਿਸਤਾਨੀ ਸਬੰਧਾਂ ਅਤੇ ਨਾਰਕੋ-ਟੈਰੋਰਿਜ਼ਮ ’ਚ ਸ਼ਮੂਲੀਅਤ ਨੂੰ ਲੈ ਕੇ ਵੀ ਜਾਂਚ ਹੋ ਰਹੀ ਹੈ।

ਨਿਊ ਜ਼ੀਲੈਂਡ ਦੀ ਅਦਾਲਤ ਨੇ ਇਸ ਨੂੰ ਸਮਾਜ ਲਈ ਇੱਕ ਗੰਭੀਰ ਖ਼ਤਰਾ ਮੰਨਦਿਆਂ ਬਲਤੇਜ ਸਿੰਘ ਨੂੰ 22 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਕਿਹਾ ਕਿ ਅਜਿਹੇ ਗੰਭੀਰ ਅਪਰਾਧਾਂ ਲਈ ਸਖ਼ਤ ਸਜ਼ਾ ਦੇਣਾ ਜ਼ਰੂਰੀ ਹੈ ਤਾਂ ਜੋ ਭਵਿੱਖ ’ਚ ਕੋਈ ਅਜਿਹਾ ਕਰਨ ਦੀ ਹਿੰਮਤ ਨਾ ਕਰੇ।

ਇਸ ਔਪਰੇਸ਼ਨ ਨੂੰ ਨਿਊ ਜ਼ੀਲੈਂਡ ਪੁਲੀਸ ਅਤੇ ਕਸਟਮਜ਼ ਵਿਭਾਗ ਦੀ ਇੱਕ ਵੱਡੀ ਸਫ਼ਲਤਾ ਮੰਨਿਆ ਜਾ ਰਿਹਾ ਹੈ ਕਿਉਂਕਿ ਇਸ ਡਰੱਗ ਦੀ ਅੰਤਰਰਾਸ਼ਟਰੀ ਬਾਜ਼ਾਰ ’ਚ ਕੀਮਤ ਕਰੋੜਾਂ ਰੁਪਏ ਹੈ।

ਬਲਤੇਜ ਸਿੰਘ ’ਤੇ ਲੱਗੇ ਇਨ੍ਹਾਂ ਦੋਸ਼ਾਂ ਅਤੇ ਸਜ਼ਾ ਤੋਂ ਬਾਅਦ ਅੰਤਰਰਾਸ਼ਟਰੀ ਪੱਧਰ ’ਤੇ ਨਸ਼ਾ ਤਸਕਰੀ ਦੇ ਨੈੱਟਵਰਕਾਂ ਵਿਰੁੱਧ ਜਾਂਚ ਤੇਜ਼ ਹੋ ਗਈ ਹੈ। ਇਹ ਮਾਮਲਾ ਇਸ ਲਈ ਵੀ ਚਰਚਾ ’ਚ ਹੈ ਕਿਉਂਕਿ ਇਸ ’ਚ ਨਸ਼ਾ ਤਸਕਰੀ ਦੇ ਨਾਲ-ਨਾਲ ਕੱਟੜਪੰਥੀ ਸਬੰਧਾਂ ਦੇ ਪਹਿਲੂ ਵੀ ਸਾਹਮਣੇ ਆ ਰਹੇ ਹਨ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਪਿੰਡ ਭੱਦਲਵੱਡ ਵਿਖੇ ਓ.ਐਸ.ਡੀ. ਸੁਖਵੀਰ ਸਿੰਘ ਨੇ ਕਰਵਾਈ ਵਿਕਾਸ ਕਾਰਜਾਂ ਦੀ ਸ਼ੁਰੂਆਤ



**ਧੂਰੀ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਪਿੰਡ ਭੱਦਲਵੱਡ ਵਿਖੇ ਪਿੰਡ ਦੇ ਸਰਬਪੱਖੀ ਵਿਕਾਸ ਲਈ 50 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਇਸੇ ਲੜੀ ਤਹਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿੱਚ ਕਰੀਬ 10 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਗੇਟ ਤੇ ਕੰਮ ਦੀ ਸ਼ੁਰੂਆਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓਐਸਡੀ ਸੁਖਵੀਰ ਸਿੰਘ ਵੱਲੋਂ ਕਰਵਾਈ ਗਈ।

ਇਸ ਮੌਕੇ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਗੁਰੂ ਸਾਹਿਬ ਜੀ ਦੇ ਚਰਨ ਛੋਹ ਪਿੰਡਾਂ ਵਿੱਚ 50-50 ਲੱਖ ਰੁਪਏ ਨਾਲ ਵਿਕਾਸ ਕਾਰਜ ਕੀਤੇ ਜਾ ਰਹੇ ਹਨ।

ਉਹਨਾਂ ਦੱਸਿਆ ਕਿ ਪਿੰਡ ਭੱਦਲਵੱਡ ਬਹੁਤ ਹੀ ਇਤਿਹਾਸਿਕ ਪਿੰਡ ਹੈ ਜਿੱਥੇ ਤਿੰਨ ਗੁਰੂ ਸਾਹਿਬਾਨਾਂ ਵੱਲੋਂ ਆਪਣੇ ਚਰਨ ਪਾਏ ਗਏ ਹਨ। ਉਹਨਾਂ ਦੱਸਿਆ ਕਿ ਇੱਥੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਚਰਨ ਪਾਏ ਗਏ ਹਨ। ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਪਿੰਡ ਵਿੱਚ ਕੁੱਲ 50 ਲੱਖ ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਪ੍ਰਾਜੈਕਟ ਕੀਤੇ ਜਾ ਰਹੇ ਹਨ। ਇਨ੍ਹਾਂ ਵਿੱਚ 5 ਲੱਖ ਰੁਪਏ ਬੱਸ ਅੱਡੇ ਲਈ, 10 ਲੱਖ ਰੁਪਏ ਗੁਰਦੁਆਰਾ ਸਾਹਿਬ ਨੂੰ ਜਾਂਦੇ ਰਸਤੇ ਦੇ ਨਵੀਨੀਕਰਨ ਲਈ, 5 ਲੱਖ ਰੁਪਏ ਪੰਚਾਇਤ ਘਰ ਲਈ ਅਤੇ 20 ਲੱਖ ਰੁਪਏ ਖੇਡ ਮੈਦਾਨ ਦੇ ਵਿਕਾਸ ਲਈ ਖਰਚ ਕੀਤੇ ਜਾਣਗੇ।

ਇਸ ਮੌਕੇ ਪੁਸ਼ਪਿੰਦਰ ਸ਼ਰਮਾ, ਸਰਪੰਚ ਕਰਮਜੀਤ ਸਿੰਘ, ਤੀਰਥ ਸਿੰਘ, ਸੋਹਣ ਸਿੰਘ ਸਮੇਤ ਵੱਡੀ ਗਿਣਤੀ ਪਿੰਡ ਵਾਸੀ ਮੌਜੂਦ ਸਨ।

# ਮਾਣਕੀ ਦੀ ਟੀਮ ਨੇ ਜਿੱਤਿਆ ਪਿੰਡ ਸਿਹਾਲੇ ਦਾ ਕਬੱਡੀ ਕੱਪ



**ਮਾਛੀਵਾੜਾ ਸਾਹਿਬ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਾਕ ਮਾਛੀਵਾੜਾ ਦੇ ਪਿੰਡ ਸਿਹਾਲਾ ਵਿਖੇ ਪਿੰਡ ਵਾਸੀਆਂ ਵੱਲੋਂ ਖੇਡ ਖਿਡਾਰੀ ਅਤੇ ਖੇਡ ਗਰਾਊਂਡਾਂ ਦਾ ਸਨਮਾਨ ਕਰਦਿਆਂ ਕਬੱਡੀ ਕੱਪ ਕਰਵਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਕਬੱਡੀ ਟੀਮਾਂ ਅਤੇ ਆਨੰਦ ਮਾਨਣ ਲਈ ਦਰਸ਼ਕ ਵੀਰਾਂ ਦੇ ਸ਼ਿਰਕਤ ਕੀਤੀ। ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਗੋਨੀ ਰਾਣਾ, ਪਵਨ ਸ਼ਰਮਾ, ਅਜੀਤ ਰਾਣਾ ਅਤੇ, ਭੋਲਾ ਚੌਧਰੀ, ਤਰਲੋਚਨ ਸਿੰਘ ਯੂਐਸਏ, ਹਰ ਵੀਰ ਦਿਓਲ, ਦੇਵ ਜੱਸੜ,ਅਮਨ ਰਾਣਾ ਦੀ ਸਮੁੱਚੀ ਟੀਮ ਵੱਲੋਂ ਕੀਤੇ ਗਏ ਸੁਚੱਜੇ ਪ੍ਰਬੰਧਾ ਨਾਲ ਇਹ ਕਬੱਡੀ ਕੱਪ ਯਾਦਗਾਰੀ ਹੋ ਨਿਬੜਿਆ। ਇਕ ਪਿੰਡ ਓਪਨ ਟੀਮਾਂ ਵਿੱਚ ਫਾਈਨਲ ਮੈਚ ਮਾਣਕੀ ਅਤੇ ਧੰਨ ਧੰਨ ਬਾਬਾ ਗਾਜੀ ਦਾਸ ਸਪੋਰਟਸ ਕਲੱਬ ਧਨੌਂਗੀ ਦੀਆਂ ਟੀਮਾਂ ਵਿਚਕਾਰ ਹੋਇਆ। ਜਿਸ ਵਿੱਚ ਮਾਣਕੀ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਇਕ ਲੱਖ ਰੁਪਏ ਦਾ ਪਹਿਲਾ ਇਨਾਮ ਅਤੇ ਕੱਪ ਪ੍ਰਾਪਤ ਕੀਤਾ, ਜਦਕਿ ਧਨੌਂਗੀ ਦੀ ਟੀਮ ਦੂਜੇ ਸਥਾਨ ਤੇ ਰਹਿੰਦਿਆਂ 75000/ਰੁਪਏ ਅਤੇ ਕੱਪ ਜਿੱਤਣ ਵਿੱਚ ਸਫਲ ਰਹੀ। ਟੂਰਨਾਮੈਂਟ ਦੇ ਬੈਸਟ ਰੇਡਰ ਅਤੇ ਬੈਸਟ ਸਟੋਪਰ ਛੋਟਾ ਗੋਪੀ ਮਾਣਕੀ ਅਤੇ ਵੱਡਾ ਗੋਪੀ ਮਾਣਕੀ ਚੁਣੇ ਗਏ ਜਿਨਾਂ ਨੂੰ 31000/,,31000/ਰੁਪਏ ਦੀ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਕਬੱਡੀ ਕੱਪ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਸਮਰਾਲਾ ਕਾਂਗਰਸ ਪਾਰਟੀ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਆਪਣੀ ਸਮੁੱਚੀ ਟੀਮ ਸਮੇਤ ਸ਼ਿਰਕਤ ਕੀਤੀ, ਜਿਨਾਂ ਪ੍ਰਬੰਧਕਾਂ ਨੂੰ ਇਸ ਕਬੱਡੀ ਕੱਪ ਲਈ ਵਧਾਈ ਦਿੰਦਿਆਂ ਖਿਡਾਰੀਆਂ ਨੂੰ ਆਪਣੇ ਹੋਰ ਜੋਸ਼ ਜਜ਼ਬੇ, ਅਤੇ ਲਗਨ ਨਾਲ ਮਿਹਨਤ ਕਰਨ ਲਈ ਪ੍ਰੇਰਤ ਕੀਤਾ। ਉਹਨਾਂ ਖਿਡਾਰੀਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਕਿਹਾ ਕਿ ਪੰਜਾਬ ਪਹਿਲੇ ਸਮਿਆਂ ਤੋਂ ਹੀ ਆਪਣੀ ਖੇਡਾਂ ਅਤੇ ਖੇਡ ਗਰਾਊਂਡਾਂ ਨਾਲ ਦੁਨੀਆਂ ਭਰ ਵਿੱਚ ਚਮਕਿਆ ਹੋਇਆ ਹੈ ਪਰ ਅਜੋਕੇ ਸਮੇਂ ਵਗਦੇ ਨਸ਼ਿਆਂ ਦੇ ਛੇਵੇਂ ਦਰਿਆ ਨੇ ਸਾਡੀ ਜਵਾਨੀ ਨੂੰ ਪ੍ਰਭਾਵਿਤ ਜਰੂਰ ਕੀਤਾ ਹੈ। ਉਹਨਾਂ ਖਿਡਾਰੀਆਂ ਦਾ ਧੰਨਵਾਦ ਪ੍ਰਗਟ ਕੀਤਾ ਕਿ ਤੁਸੀਂ ਖੇਡ ਗਰਾਊਂਡ ਅਤੇ ਖੇਡਾਂ ਨਾਲ ਜੁੜ ਕੇ ਹੋਰ ਨੌਜਵਾਨਾਂ ਲਈ ਵੀ ਰਾਹ ਦਸੇਰਾ ਬਣ ਰਹੇ ਹੋ।

ਇਸ ਖੇਡ ਮੇਲੇ ਦੀ ਕਮੈਂਟਰੀ ਇੰਟਰਨੈਸ਼ਨਲ ਕਮੈਂਟੇਟਰ ਹਰਜੀਤ ਸਿੰਘ ਲੱਲ ਕਲਾ ,ਓਮ ਕੜਿਆਣਾ, ਗਗਨ ਜਟਾਣਾ ਅਤੇ ਗੁਰੀ ਖੰਨਾ ਨੇ ਸ਼ਾਇਰਾਨਾ ਅੰਦਾਜ਼ ਨਾਲ ਕੀਤੀ। ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ ਅਤੇ ਸਹਿਯੋਗੀ ਸੱਜਣਾਂ ਨੂੰ ਸਨਮਾਨਿਤ ਕੀਤਾ ਗਿਆ।

# ਝਾੜ ਸਾਹਿਬ ਕਾਲਜ ਵਿਖੇ ਪਲੇਸਮੈਂਟ ਡਰਾਈਵ ਸੰਬੰਧੀ ਜਾਣਕਾਰੀ ਹਿੱਤ ਲੱਗਿਆ ਸੈਮੀਨਾਰ

**ਮਾਛੀਵਾੜਾ ਸਾਹਿਬ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**




ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ,ਝਾੜ ਸਾਹਿਬ ਵਿਖੇ ਪ੍ਰਿੰਸੀਪਲ ਡਾ.ਰਜਿੰਦਰ ਕੌਰ ਦੀ ਯੋਗ ਅਗਵਾਈ ਅਤੇ ਸ.ਸੁਖਮਿੰਦਰ ਸਿੰਘ ਸਕੱਤਰ ਵਿੱਦਿਆ ਸ਼੍ਰੋ.ਗੁ.ਪ੍ਰੰ.ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਕਾਲਜ ਦੇ ਪਲੇਸਮੈਂਟ ਐਂਡ ਗਾਈਡੈਂਸ ਸੈਲ ਦੇ ਕੋ-ਆਰਡੀਨੇਟਰ ਡਾ.ਸੁਨੀਤਾ ਕੌਸ਼ਲ ਅਤੇ ਸਟ੍ਰੀਮ ਕੋ ਕੋ-ਆਰਡੀਨੇਟਰ ਮਿਸ ਆਰਤੀ ਰਾਣੀ, ਡਾ.ਮਨਦੀਪ ਕੌਰ, ਮਿਸ ਸੁਖਦੀਪ ਕੌਰ, ਜਸਵੀਰ ਕੋਰ, ਹਰਪੀਤ ਕੌਰ ਦੇ ਸਾਂਝੇ ਯਤਨਾਂ ਸਦਕਾ ਅਤੇ ਪੰਕਜ ਕੁਮਾਰ (ਅਨੁਦੀਪ ਫਾਊਡੇਸ਼ਨ) ਦੇ ਸਹਿਯੋਗ ਨਾਲ ਪਲੇਸਮੈਂਟ ਡਰਾਈਵ ਕਰਵਾਈ ਗਈ ਜਿਸ ਵਿੱਚ 04 ਕੰਪਨੀਆਂ ਅਧਾਨ ਸਲਿਊਸ਼ਨ, ਡੀ.ਆਰ. ਆਈ ਟੀ ਐਮ ਹਾਈਰਿੰਗ, ਅਪਗਰੇਡ (ਐਕਸਿਜ਼ ਬੈਂਕ),ਐਨਾਟੈੱਕ ਕਨਸਲਟਿੰਗ ਸਰਵਿਸਿਜ਼ ਆਦਿ ਕੰਪਨੀਆਂ ਨੇ ਭਾਗ ਲਿਆ। ਕੰਪਨੀਆਂ ਦੇ ਨੁਮਾਇੰਦਿਆ ਡੀ.ਆਰ. ਦੀ ਲੋਕਲ ਮੈਨੇਜਿੰਗ ਕਮੇਟੀ ਵੱਲੋਂ ਇਸ ਪਲੇਸਮੈਂਟ ਡਰਾਈਵ ਦੀ ਸ਼ਲਾਘਾ ਕੀਤੀ ਗਈ।

ਕਾਮਰਸ, ਆਈ ਟੀ ਐਮ ਕੰਪਨੀ ਦੇ ਸ੍ਰੀ ਅਭਾਸ ਅਤੇ ਉਹਨਾਂ ਦੀ ਟੀਮ ਮੈਬਰ, ਅਧਾਨ ਸਲਿਊਸ਼ਨ ਦੇ ਸ੍ਰੀ ਕਰਨ, ਐਨਾਟੈਕ ਕੰਪਨੀ ਦੇ ਸ੍ਰੀ ਅਤੁਲ ਵਰਮਾ ਨੇ ਇੰਟਰਵਿਊ ਲਈ ਅਤੇ ਐਕਸਿਜ਼ ਬੈਂਕ ਦੇ ਨੁਮਾਇੰਦਿਆ ਵੱਲੋਂ ਵਿਦਿਆਰਥਣਾਂ ਦੀ ਆਨਲਾਈਨ ਇੰਟਰਵਿਊ ਲਈ ਗਈ। ਇਸ ਪਲੇਸਮੈਂਟ ਡਰਾਈਵ ਵਿੱਚ ਕਾਲਜ ਦੇ ਵੱਖ ਵੱਖ ਵਿਭਾਗਾਂ ਆਰਟਸ, ਕੰਪਿਊਟਰ ਸਾਇੰਸ.ਬੀ.ਐਸ.ਸੀ.ਐਫ.ਡੀ. ਦੇ ਭਾਗ ਦੂਜਾ ਅਤੇ ਭਾਗ ਤੀਜਾ ਦੀਆਂ ਵਿਦਿਆਰਥਣਾਂ ਨੇ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ। ਕੰਪਨੀਆਂ ਦੇ ਨੁਮਾਇੰਦਿਆਂ ਵੱਲੋਂ ਆਪਣੀ ਕੰਪਨੀ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਇੰਟਰਵਿਊ ਲਈਆਂ ਗਈਆਂ ਜਿਸ ਵਿੱਚ ਮਾਣ ਦੀ ਗੱਲ ਹੈ ਕਿ 50 ਤੋਂ ਵੱਧ ਯੋਗ ਅਤੇ ਪ੍ਰਤਿਭਾਵਾਨ ਵਿਦਿਆਰਥੀਆਂ ਦੀ ਸਿਲੈਕਸ਼ਨ ਹੋਈ। ਇਸ ਮੌਕੇ ਪ੍ਰਿੰਸੀਪਲ ਡਾ.ਰਜਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆ ਕਿਹਾ ਕਿ ਕਾਲਜ ਵਿਖੇ ਪਲੇਸਮੈਂਟ ਐਂਡ ਗਾਈਡੈਂਸ ਸੈੱਲ ਅਧੀਨ ਵਿਦਿਆਰਥਣਾਂ ਨੂੰ ਵੱਖ ਵੱਖ ਖੇਤਰਾਂ ਵਿੱਚ ਨੌਕਰੀ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਅਤੇ ਵਿਦਿਆਰਥਣਾਂ ਨੂੰ ਕਮਿਊਨੀਕੇਸ਼ਨ ਸਕਿੱਲ,ਇੰਟਰਵਿਊ ਸਕਿੱਲ,ਪਰਸਨੈਲਿਟੀ ਡਿਵੈਲਪਮੈਂਟ ਅਤੇ ਸਖਸ਼ੀਅਤਾਂ ਨੂੰ ਨਿਖਾਰਨ ਦੇ ਯਤਨਾਂ ਪ੍ਰਤੀ ਸੁਚੇਤ ਕੀਤਾ ਜਾਂਦਾ ਹੈ ਤਾਂ ਜੋ ਅੱਜ ਦੇ ਮੁਕਾਬਲੇ ਦੇ ਦੌਰ ਵਿੱਚ ਉਹ ਰੁਜ਼ਗਾਰ ਪ੍ਰਾਪਤ ਕਰ ਸਕਣ ਉਹਨਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਦੌਰਾਨ ਹੀ ਆਪਣੇ ਸੁਨਹਿਰੀ ਭਵਿੱਖ ਲਈ ਰੁਜ਼ਗਾਰ ਦੇ ਸੰਭਾਵਿਤ ਮੌਕੇ ਭਾਲਣੇ ਚਾਹੀਦੇ ਹਨ।

ਡਾ.ਸੁਨੀਤਾ ਕੌਸ਼ਲ (ਕੋ-ਆਰਡੀਨੇਟਰ ਪਲੇਸਮੈਂਟ ਸੈੱਲ, ਵੱਲੋਂ ਇਸ ਪਲੇਸਮੈਂਟ ਡਰਾਈਵ ਵਿੱਚ ਸਿਲੈਕਟ ਹੋਏ ਵਿਦਿਆਰਥਣਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਆਪਣੇ ਕਰੀਅਰ ਨੂੰ ਨਿਖਾਰਨ ਵਿੱਚ ਵਿਦਿਆਰਥੀਆਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ। ਅੰਤ ਵਿੱਚ ਡਾ.ਮਨਦੀਪ ਕੌਰ ਵੱਲੋਂ ਇਸ ਪਲੇਸਮੈਂਟ ਡਰਾਈਵ ਵਿੱਚ ਆਏ ਕੰਪਨੀ ਦੇ ਨੁਮਾਇੰਦਿਆਂ ਅਤੇ ਪੰਕਜ ਕੁਮਾਰ (ਅਨੁਦੀਪ ਫਾਊਡੇਸ਼ਨ ਦੇ ਨੁਮਾਇੰਦੇ। ਜਿਹਨਾਂ ਦੇ ਸਹਿਯੋਗ ਨਾਲ ਇਹ ਪਲੇਸਮੈਂਟ ਡਰਾਈਵ ਕਰਵਾਈ ਗਈ ਅਤੇ ਇਸ ਵਿੱਚ ਭਾਗ ਲੈਣ ਵਾਲ ਸਾਰ ਵਿਦਿਆਰਥਣਾਂ ਦਾ ਧੰਨਵਾਦ ਕੀਤਾ।

# ਧੂਰੀ ਹਲਕੇ ਦੇ ਵੱਡੀ ਗਿਣਤੀ ਨੌਜਵਾਨ ਆਮ ਆਦਮੀ ਪਾਰਟੀ ’ਚ ਹੋਏ ਸ਼ਾਮਲ



**ਧੂਰੀ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਧੂਰੀ ਹਲਕੇ ਵਿੱਚ ਉਸ ਵੇਲੇ ਰਾਜਨੀਤਿਕ ਸਰਗਰਮੀਆਂ ਨੂੰ ਨਵਾਂ ਉਤਸ਼ਾਹ ਮਿਲਿਆ ਜਦੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਓਐਸਡੀ ਸੁਖਵੀਰ ਸਿੰਘ ਨੇ ਵੱਡੀ ਗਿਣਤੀ ਨੌਜਵਾਨਾਂ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਕਰਵਾਇਆ। ਧੂਰੀ ਸ਼ਹਿਰ ਦੀ ਵਾਰਡ ਨੰਬਰ 20 ਅਤੇ 11 ਸਮੇਤ ਕਈ ਪਿੰਡਾਂ ਦੇ ਨੌਜਵਾਨ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਅਤੇ ਸਰਕਾਰ ਦੇ ਵਿਕਾਸਮੁੱਖੀ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਨਾਲ ਜੁੜੇ।

ਇਸ ਮੌਕੇ ਸੰਬੋਧਨ ਕਰਦਿਆਂ ਓਐਸਡੀ ਸੁਖਵੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ, ਸਿਹਤ, ਰੁਜ਼ਗਾਰ ਅਤੇ ਬੁਨਿਆਦੀ ਢਾਂਚੇ ਦੇ ਖੇਤਰਾਂ ਵਿੱਚ ਕੀਤੇ ਗਏ ਇਤਿਹਾਸਕ ਫ਼ੈਸਲਿਆਂ ਕਾਰਨ ਨੌਜਵਾਨ ਵਰਗ ਵਿੱਚ ਹੋਰ ਵਿਸ਼ਵਾਸ ਵਧਿਆ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਸਮਾਜ ਦੀ ਅਸਲ ਤਾਕਤ ਹਨ ਅਤੇ ਉਨ੍ਹਾਂ ਦੀ ਸਰਗਰਮ ਭਾਗੀਦਾਰੀ ਨਾਲ ਹੀ ਸੂਬੇ ਦੀ ਤਰੱਕੀ ਨੂੰ ਨਵੀਂ ਦਿਸ਼ਾ ਮਿਲ ਸਕਦੀ ਹੈ।

ਉਨ੍ਹਾਂ ਨਵੇਂ ਸ਼ਾਮਿਲ ਹੋਏ ਨੌਜਵਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਪਾਰਟੀ ਉਨ੍ਹਾਂ ਨੂੰ ਸਾਫ-ਸੁਥਰੀ ਅਤੇ ਜ਼ਿੰਮੇਵਾਰ ਰਾਜਨੀਤੀ ਲਈ ਮੰਚ ਪ੍ਰਦਾਨ ਕਰਦੀ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਲੋਕ-ਭਲਾਈ ਦੇ ਕਾਰਜਾਂ ਵਿੱਚ ਅੱਗੇ ਆ ਕੇ ਆਪਣਾ ਯੋਗਦਾਨ ਪਾਉਣ ਅਤੇ ਸਰਕਾਰ ਦੀਆਂ ਯੋਜਨਾਵਾਂ ਨੂੰ ਘਰ-ਘਰ ਤੱਕ ਪਹੁੰਚਾਉਣ ਵਿੱਚ ਸਹਿਯੋਗ ਦੇਣ।

ਨਵੇਂ ਸ਼ਾਮਿਲ ਹੋਏ ਨੌਜਵਾਨਾਂ ਨੇ ਭਰੋਸਾ ਦਿੱਤਾ ਕਿ ਉਹ ਪਾਰਟੀ ਦੀ ਵਿਚਾਰਧਾਰਾ ਨੂੰ ਮਜ਼ਬੂਤ ਕਰਨ ਅਤੇ ਧੂਰੀ ਹਲਕੇ ਦੇ ਸਮੂਹਿਕ ਵਿਕਾਸ ਲਈ ਪੂਰੀ ਨਿਸ਼ਠਾ ਨਾਲ ਕੰਮ ਕਰਨਗੇ।

ਇਸ ਮੌਕੇ ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁਲੀ, ਅਮਨਦੀਪ ਸਿੰਘ ਅਤੇ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਲੰਟੀਅਰ ਅਤੇ ਸਥਾਨਕ ਆਗੂ ਮੌਜੂਦ ਸਨ।

ਸਮਾਗਮ ਦੇ ਅੰਤ ਵਿੱਚ ਓਐਸਡੀ ਸੁਖਬੀਰ ਸਿੰਘ ਨੇ ਵਿਸ਼ਵਾਸ ਜਤਾਇਆ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਵੱਡੀ ਗਿਣਤੀ ਵਿੱਚ ਨੌਜਵਾਨ ਪਾਰਟੀ ਨਾਲ ਜੁੜ ਕੇ ਪੰਜਾਬ ਨੂੰ ਤਰੱਕੀ ਦੇ ਰਸਤੇ ’ਤੇ ਅੱਗੇ ਵਧਾਉਣ ਵਿੱਚ ਆਪਣਾ ਅਹਿਮ ਯੋਗਦਾਨ ਪਾਉਣਗੇ।

# ਪੰਜਾਬ ਸਖੀ ਸ਼ਕਤੀ ਮੇਲੇ ਦੇ ਸ਼ਾਮ ਸੂਫੀਆਨਾ ਅੰਦਾਜ ’ਚ ਰਹੀ

**ਫਾਜ਼ਿਲਕਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਫਾਜ਼ਿਲਕਾ ਦੇ ਪ੍ਰਤਾਪ ਬਾਗ ਵਿਖੇ ਲਗਾਏ ਜਾ ਰਹੇ ਪੰਜਾਬ ਸਖੀ ਸ਼ਕਤੀ ਮੇਲੇ ਦੇ ਦੂਜੇ ਦਿਨ ਦੀ ਸ਼ਾਮ ਸੂਫੀਆਨਾ ਅੰਦਾਜ *ਚ ਬੀਤੀ। ਸੂਫ਼ੀ ਕਲਾਕਾਰ ਰਘੂਨੰਦਨ ਸ਼ਰਮਾ ਤੇ ਸਾਨੀਆ ਨੇ ਆਪਣੀ ਸੂਫੀ ਗਾਇਕੀ ਨਾਲ ਸੂਰਾਂ ਦਾ ਜਲਵਾ ਵਿਖੇਰਿਆ ਤੇ ਹਰ ਕੋਈ ਸੂਫੀ ਗਾਇਕੀ ਤੋਂ ਮੋਹਿਤ ਹੋ ਗਿਆ। ਗਾਇਕਾਂ ਦੇ ਗੀਤਾਂ ਸਾਂਸੋਂ ਕੀ ਮਾਲਾ ਪੇ ਸਿਮਰੂ ਮੈਂ ਤੇਰਾ ਨਾਮ, ਮੈ ਲਾਜਪਾਲਾ ਦੇ ਲੜ ਲਗੀਆ, ਆਓਗੇ ਜਬ ਤੁਮ ਓ ਸੱਜਣਾ, ਜੇ ਤੂੰ ਅੱਖੀਆਂ ਦੇ ਸਾਹਮਣੇ ਨਹੀਂ ਰਹਿਣਾ ਆਦਿ ਗੀਤਾਂ ਨੇ ਦਰਸ਼ਕਾਂ ਨੂੰ ਆਪਣੇ ਨਾਲ ਜੋੜੀ ਰੱਖਿਆ ਤੇ ਖੂਬ ਵਾਹ—ਵਾਹ ਬਟੋਰੀ।

# ਕਹਾਣੀ



## ਤ੍ਰਿਪਤੀ

-ਸੰਤ ਮੋਹਰ ਸਿੰਘ

ਉਹ ਫਾਇਲਾ ਨਾਲ ਘੋਲ ਕਰ ਰਿਹਾ ਸੀ। ਅਚਾਨਕ ਇਕ ਚੰਗੇ ਰੱਜੇ-ਪੁੱਜੇ ਸਰਦਾਰ ਸਾਹਿਬ ਆਏ। ਸਤਿ ਸ੍ਰੀ ਅਕਾਲ ਬੁਲਾਈ ਅਤੇ ਗੱਲਾਂ ਕਰਨ ਲੱਗ ਪਏ। "ਆਪ ਇਸ ਦਫ਼ਤਰ ਵਿਚ ਕੰਮ ਕਰਦੇ ਹੋ?"

"ਜੀ ਮੈਂ ਇੱਥੇ ਕਲਰਕ ਹਾਂ।" "ਆਪ ਪਾਸ ਕੰਮ ਆਇਆ ਹਾਂ!" "ਦੱਸੋ....ਕੀ ਕੰਮ ਹੈ?" "ਮੇਰੀ ਲੜਕੀ" ਸਰਦਾਰ ਜੀ ਨੇ ਆਖਣਾ ਸ਼ੁਰੂ ਕੀਤਾ "ਡਾਕਟਰ ਹੈ। ਪਿਛਲੇ ਵਰ੍ਹੇ ਉਸਨੇ ਐਮ. ਬੀ. ਐਸ. ਐਸ. ਪਾਸ ਕੀਤੀ ਹੈ। ਹੁਣ ਉਹ ਹਾਊਸ ਸਰਜਨ ਲੱਗੀ ਹੋਈ ਹੈ। ਮੇਰੀ ਇੱਛਾ ਆਪ ਨਾਲ ਰਿਸ਼ਤਾ ਕਰਨ ਦੀ ਹੈ। ਆਪ ਬਾਰੇ ਆਪ ਜੀ ਦੇ ਤਾਇਆ ਪਾਸੋਂ ਪਤਾ ਲੱਗਾ ਸੀ।"

"ਜੀ.....ਮੈਂ ਮਾਮੂਲੀ ਕਲਰਕ ਹਾਂ! ਮੇਰੀ ਕਿਸਮਤ ਵਿਚ ਸਾਰੀ ਉਮਰ ਫ਼ਾਈਲਾਂ ਨਾਲ ਮੱਥਾ ਮਾਰਨਾ ਲਿਖਿਆ ਹੈ। ਇਹ ਥੋੜ੍ਹੀ ਜਿਹੀ ਤਨਖਾਹ ਨਾਲ ਮਸਾਂ ਗੁਜ਼ਾਰਾ ਹੀ ਚਲਦਾ ਹੈ। ਮੈਂ ਸਿਰਫ਼ ਦੱਸਵੀਂ ਪਾਸ ਹਾਂ। ਉਹ ਵੀ ਥਰਡ ਕਲਾਸ! ਮੈਂ ਹੈਰਾਨ ਹਾਂ ਆਪ ਕਿਹੋ ਜਿਹੇ ਪਿਤਾ ਹੋ ਜੋ ਆਪਣੀ ਹੋਣਹਾਰ ਚੰਗੀ ਪੜ੍ਹੀ ਲਿਖੀ ਡਾਕਟਰ ਲੜਕੀ ਦਾ ਰਿਸ਼ਤਾ ਮੇਰੇ ਜਿਹੇ ਸਾਧਾਰਨ ਕਲਰਕ ਨਾਲ ਕਰਨਾ ਚਾਹੁੰਦੇ ਹੋ। ਮੇਰੇ ਲਈ ਔਖਾ ਹੈ ਕਿ ਮੈਂ ਆਪਣੇ ਨਾਲੋਂ ਵੱਧ ਪੜ੍ਹੀ ਲਿਖੀ ਕੁੜੀ ਨੂੰ ਆਪਣੀ ਜੀਵਨ ਸਾਥਣ ਚੁਣਾਵਾਂ।"

"ਨਹੀਂ" ਮਲਦੀਪ ਦੇ ਪਿਤਾ ਜੀ ਨੇ ਆਖਣਾ ਸ਼ੁਰੂ ਕੀਤਾ "ਪੁੱਤਰ ਕਾਰਨ ਇਹ ਹੈ ਕਿ ਮੈਂ ਅਜਿਹਾ ਲੜਕਾ ਚਾਹੁੰਦਾ ਹਾਂ ਜੋ ਮੇਰੀ ਧੀ ਨੂੰ ਪਿਆਰ ਕਰੇ, ਉਸਨੂੰ ਸੁਖੀ ਰੱਖੇ। ਅਮੀਰਾਂ ਦੇ ਪੁੱਤਰ ਅਜੀਬ ਹੁੰਦੇ ਹਨ। ਉਨ੍ਹਾਂ ਲਈ ਸੁਹੱਪਣ ਹੀ ਸਭ ਕੁਝ ਹੁੰਦਾ ਹੈ। ਗੁਣਾਂ ਦੀ ਉਹ ਕਦਰ ਨਹੀਂ ਕਰ ਸਕਦੇ। ਉਨ੍ਹਾਂ ਦੀ ਨਿਗਾਹ ਵਿਚ ਵਿਦਿਆ ਹੀ ਸਭ ਕੁਝ ਨਹੀਂ ਹੁੰਦੀ। ਸਿਰਫ਼ ਉਹੀ ਚਿੱਟਾ ਚੰਮ ਚਾਹੁੰਦੇ ਨੇ। ਇਸ ਕਰਕੇ ਮੈਂ ਆਪ ਜਿਹੇ ਸਾਊ ਜਵਾਨ ਨਾਲ ਆਪਣੀ ਕੁੜੀ ਦਾ ਰਿਸ਼ਤਾ ਕਰਨਾ ਚਾਹੁੰਦਾ ਹਾਂ।"

ਉਸਨੇ ਅਨੁਮਾਨ ਲਗਾ ਲਿਆ ਕਿ ਕੁੜੀ ਜ਼ਰੂਰ ਕਾਲੀ ਤੇ ਕਰੂਪ ਹੋਣੀ ਹੈ ਜਿਸ ਕਰਕੇ ਮੇਰੇ ਜਿਹੇ ਨਿਗੁਣੇ ਕਲਰਕ ਨਾਲ ਉਸਦਾ ਨਰੜਨਾਂ ਚਾਹੁੰਦਾ ਹੈ। ਉਹ ਕੁਝ ਚਿਰ ਨੀਵੀਂ ਪਾਈ ਬੈਠਾ ਰਿਹਾ ਫਿਰ ਪੋਲੇ ਆਖਣ ਲੱਗਾ:

"ਮੈਂ ਲੜਕੀ ਦੇਖਣੀ ਚਾਹੁੰਦਾ ਹਾਂ।" "ਕਾਕਾ ਦੇਖ ਨਾ, ਉਹ ਆਖਰ ਲੜਕੀ ਹੀ ਹੈ।" ਪਿਤਾ ਜੀ ਨੇ ਉਦਾਸ ਹੁੰਦਿਆ ਆਖਿਆ "ਨਾਲੇ ਲੜਕੀ ਦਿਖਾਉਣ ਦਾ ਰਿਵਾਜ਼ ਨਹੀਂ।" "ਪਰ ਮੇਰੀ ਜ਼ਿੰਦਗੀ ਦਾ ਸਵਾਲ ਹੈ। ਮੈਂ ਲੜਕੀ ਦੇਖੇ ਬਿਨ੍ਹਾਂ ਹਾਂ ਨਹੀਂ ਕਰ ਸਕਦਾ।"

"ਅਛਾ ਫਿਰ ਤੁਸੀਂ ਐਤਵਾਰ ਸ਼ਾਮ ਨੂੰ ਆ ਜਾਣਾ" ਆਖ ਕੇ ਪਿਤਾ ਜੀ ਆਪਣੇ ਘਰ ਨੂੰ ਤੁਰ ਪਏ। ਐਤਵਾਰ ਸ਼ਾਮ ਨੂੰ ਉਹ ਮਨਦੀਪ ਨੂੰ ਦੇਖਣ ਗਿਆ। ਉਸਨੇ ਮੁਲਕਾਤ ਕੀਤੀ। ਫਿਰ ਚੁੱਪ ਚਾਪ ਨੀਵੀਂ ਪਾਈ ਬੈਠਾ ਰਿਹਾ। ਚਾਹ ਆ ਗਈ। ਚਾਹ ਪੀ ਕੇ ਉਹ ਵਾਪਸ ਆ ਗਿਆ ਅਤੇ ਘਰ ਅ ਕੇ ਰੱਬ ਦਾ ਲੱਖ ਲੱਖ ਸ਼ੁਕਰ ਕੀਤਾ ਕਿ ਉਹ ਬੱਚ ਗਿਆ। ਉਸਨੇ ਕੁਝ ਦਿਨਾਂ ਪਿੱਛੋਂ ਜਵਾਬ ਦੇ ਦਿੱਤਾ ਕਿ ਮੇਰਾ ਹਾਲੇ ਵਿਆਹ ਕਰਵਾਉਣ ਦਾ ਵਿਚਾਰ ਨਹੀਂ ਹੈ। ਮਨਦੀਪ ਦੀ ਸ਼ਕਲ ਸੂਰਤ ਅਜੀਬ ਸੀ। ਉਸਦਾ ਰੰਗ ਬਹੁਤ ਹੀ ਕਾਲਾ, ਕੱਦ ਮੱਧਰਾ ਤੇ ਸ਼ਰੀਰ ਭਾਰਾ ਸੀ। ਚਿੱਟੇ ਦੰਦ ਉਸਨੂੰ ਹੋਰ ਵੀ ਕਰੂਪ ਬਣਾਉਂਦੇ ਸਨ। ਉਸਦੀਆ ਅੱਖਾਂ ਡਰਾਵਣੀਆਂ ਅਤੇ ਵਾਲਾਂ ਵਿਚ ਧੌਲੇ ਸਨ। ਉਸਦੀ ਕਰੂਪਤਾ ਨੂੰ ਦੇਖ ਕੇ ਕੋਈ ਵੀ ਉਸ ਨਾਲ ਵਿਆਹ ਕਰਾਉਣ ਲਈ ਤਿਆਰ ਨਾ ਹੋਇਆ। ਜੋ ਆਉਂਦਾ ਦੇਖ ਕੇ ਚਲਾ ਜਾਂਦਾ ਤੇ ਫਿਰ ਜਵਾਬ ਆ ਜਾਂਦਾ ਕਿ ਸਾਡਾ ਵਿਆਹ ਕਰਾਉਣ ਦਾ ਅਜੇ ਵਿਚਾਰ ਨਹੀਂ ਹੈ।

ਮਨਦੀਪ ਦੇ ਪਿਤਾ ਜੀ ਬਹੁਤ ਹੀ ਉਦਾਸ ਸਨ। ਉਹ ਹਾਰ ਹੰਭ ਕੇ ਬੈਠ ਗਏ। ਉਹ ਬਿਮਾਰ ਹੋ ਗਏ ਤੇ ਇਕ ਦਿਨ ਦਿਲ ਦੇ ਦੌਰੇ ਨੇ ਉਨ੍ਹਾਂ ਦੇ ਸਾਰੇ ਕਸ਼ਟ ਹਰ ਲਏ। ਮਨਦੀਪ ਅੰਤਾਂ ਦੀ ਉਦਾਸ ਹੋ ਗਈ। ਉਸਨੇ ਮਿਸਨ ਹਸਪਤਾਲ ਵਿਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਉਹ ਬਹੁਤ ਹੀ ਮਿਹਨਤ ਨਾਲ ਕੰਮ ਕਰਦੀ। ਸਾਰਿਆ ਦੇ ਕੰਮ ਬੜੇ ਚਾਅ ਨਾਲ ਕਰਦੀ। ਰੋਗੀ ਉਸਤੋਂ ਬਹੁਤ ਹੀ ਪ੍ਰਭਾਵਿਤ ਤੇ ਖੁਸ਼ ਸਨ। ਪਰ ਉਸਦਾ ਅੰਦਰ ਪਿਆਰ ਭੁੱਖ ਨਾਲ ਚੀਕ ਰਿਹਾ ਸੀ, ਕਿਉਂਕਿ ਦੁਨੀਆ ਵਿਚ ਕੋਈ ਵੀ ਅਜਿਹਾ ਪ੍ਰਾਣੀ ਨਹੀਂ ਜਿਸਨੂੰ ਪਿਆਰ ਭੁੱਖ ਨਾ ਹੋਵੇ ਤੇ ਇਸਤਰੀ ਦਾ ਆਸਰਾ ਵੀ ਪਿਆਰ ਹੈ। ਉਹ ਤੜਪਦੀ ਕਿ ਕੋਈ ਉਸਨੂੰ ਪਿਆਰ ਭਰੇ ਬੋਲਾਂ ਨਾਲ ਬੁਲਾਏ, ਉਹਦਾ ਵੀ ਜੀ ਕਰਦਾ ਕਿ ਹੋਰ ਲੇਡੀ ਡਾਕਟਰਾਂ ਵਾਂਗ ਉਸਨੂੰ ਵੀ ਡਾਕਟਰ ਨਾਲ ਸਿਨੇਮਾ ਲੈ ਜਾਣ। ਉਸ ਨਾਲ ਸੈਰ ਕਰਨ ਜਾਣ ਪਰ ਇਹ ਸਭ ਕੁਝ ਸੁਪਨੇ ਵਿਚ ਵੀ ਪੂਰਾ ਹੋਣ ਨੂੰ ਤਿਆਰ ਨਹੀਂ ਸੀ। ਉਸਦੀ ਜ਼ਿੰਦਗੀ ਨਿਰੀ ਅੰਧਕਾਰ ਜਿਹੀ ਬਣ ਗਈ। ਫਿਰ ਪ੍ਰਕਾਸ਼ ਜਿਹੜਾ ਉਥੇ ਕੰਪਾਉਂਡਰ ਸੀ, ਇਕ ਛਿੱਟ ਚਾਨਣ ਦੀ ਬਣ ਕੇ ਆਇਆ। ਮਨਦੀਪ ਨੂੰ ਜਾਪਿਆ ਕਿ ਪ੍ਰਕਾਸ਼ ਉਸਨੂੰ ਪਿਆਰ ਕਰਦਾ ਹੈ, ਤਾਂ ਖੁਸ਼ੀ ਉਸ ਪਾਸੋਂ ਸਾਂਭੀ ਨਾ ਜਾਏ। ਪ੍ਰਕਾਸ਼ ਵੀ ਮਨਦੀਪ ਵਰਗਾ ਕਰੂਪ ਅਤੇ ਕੁਹਜਾ ਜਿਹਾ ਮਨੁੱਖ ਸੀ। ਉਹ ਮਨਦੀਪ ਨੂੰ ਬਹੁਤ ਹੀ ਸਤਿਕਾਰ ਭਰੇ ਮਿੱਠੇ-ਮਿੱਠੇ ਸ਼ਬਦਾਂ ਨਾਲ ਬੁਲਾਉਂਦਾ। ਪਰ ਕਦੇ ਵੀ ਉਸਨੇ ਪਿਆਰ ਜਾਹਰ ਨਾ ਕੀਤਾ। ਮਨਦੀਪ ਨੇ ਸੋਚਿਆ ਕਿ ਉਹ ਸੰਗਦਾ ਹੈ। ਇਸ ਲਈ ਮੈਂ ਖੁਦ ਹੀ ਕਿਸੇ ਦਿਨ ਉਸਨੂੰ ਆਖ ਦੇਣਾ ਹੈ ਕਿ ਮੈਨੂੰ ਤੇਰੇ ਨਾਲ ਪਿਆਰ ਏ।

ਇਕ ਸ਼ਾਮ ਪ੍ਰਕਾਸ਼ ਮਨਦੀਪ ਦੇ ਘਰ ਕਿਸੇ ਹਸਪਤਾਲ ਦੇ ਕੰਮ ਆਇਆ! ਮਨਦੀਪ ਲਈ ਉਹ ਖੁਸ਼ੀ ਦਾ ਸੰਦੇਸ਼ ਸੀ। ਉਸਨੇ ਜਲਦੀ ਜਲਦੀ ਚਾਹ ਬਣਾਈ ਤੇ ਫਿਰ ਉਹ ਚਾਹ ਪੀਣ ਲੱਗ ਪਏ। ਮਨਦੀਪ ਨੇ ਬੜੇ ਹੌਂਸਲੇ ਨਾਲ ਪੁੱਛਿਆ, "ਪ੍ਰਕਾਸ਼ ਕਦੇ ਕਿਸੇ ਨੂੰ ਪਿਆਰ ਕੀਤਾ ਹੈ?" ਪਰ ਪ੍ਰਕਾਸ਼ ਨੀਵੀਂ ਪਾਈ ਬੈਠਾ ਰਿਹਾ।

ਫਿਰ ਮਨਦੀਪ ਨੇ ਉਸਨੂੰ ਆਖਣਾ ਸ਼ੁਰੂ ਕੀਤਾ "ਦੇਖ ਪ੍ਰਕਾਸ਼! ਮੇਰੀ ਜ਼ਿੰਦਗੀ ਨਿਰੀ ਨਿਰਾਸ਼ਾ ਹੈ। ਮੈਂ ਅਮੀਰ ਡਾਕਟਰ ਹਾਂ, ਸਾਰੇ ਸੁੱਖ ਹਨ, ਪਰ ਮੈਂ ਪਿਆਰ ਬਿਨ੍ਹਾ ਤੜਪ ਰਹੀ ਹਾਂ। ਮੈਨੂੰ ਕੋਈ ਵੀ ਪਿਆਰ ਨਹੀਂ ਕਰਦਾ ਤੇ ਫਿਰ ਪਤਾ ਨਹੀਂ ਕਿਉਂ ਮੈਂ ਤੈਨੂੰ ਪਿਆਰ ਕਰਨ ਲੱਗ ਪਈ ਹਾਂ। ਮੇਰੀ ਜ਼ਿੰਦਗੀ ਵਿਚ ਆ ਜਾ। ਤੈਨੂੰ ਸਾਰੀ ਉਮਰ ਪੁਜਾਂਗੀ।" "ਉਫ.....ਸੌਰੀ ਡਾਕਟਰ। ਮੈਂ ਤਾਂ ਆਪ ਸਤਿਕਾਰ ਕਰਦਾ, ਹਾਂ ਪਰ ਆਪ ਮੇਰੇ ਸਤਿਕਾਰ ਨੂੰ ਗਲਤ ਸਮਝ ਗਏ। ਇਕ ਸੋਹਣੀ ਜਿਹੀ ਨਰਸ ਨਾਲ ਮੇਰਾ ਰੁਮਾਂਸ ਚਲਦਾ ਹੈ। ਮੈਂ ਉਸ ਨਾਲ ਮਹੀਨੇ ਤੱਕ ਸ਼ਾਦੀ ਕਰ ਲੈਣੀ ਹੈ, ਇਹ ਆਖ ਕੇ ਪ੍ਰਕਾਸ਼ ਅਲੋਪ ਹੋ ਗਿਆ।

ਉਹ ਉਦਾਸ ਹੋ ਗਈ। ਸੋਚਦੀ ਆਦਮੀ ਤਾਂ ਚੰਮ ਦੇ ਵਿਉਪਾਰੀ ਹਨ, ਉਸਨੇ ਮਿਸ਼ਨ ਹਸਪਤਾਲ ਛੱਡਣ ਦੀ ਸੋਚੀ। ਉਹ ਆਪਣੇ ਮਨ ਨਾਲ ਗੱਲਾਂ ਕਰਦੀ, "ਕਿੰਨੇ ਮਨੁੱਖਾਂ ਨੇ ਮੈਨੂੰ ਤ੍ਰਿਸਕਾਰਿਆ ਹੈ। ਜਿਸਨੇ ਮੈਨੂੰ ਦੇਖਿਆ ਮੂੰਹ ਫੇਰ ਕੇ ਲੰਘ ਗਿਆ। ਰੱਬ ਕਿੰਨਾ ਜ਼ਾਲਮ ਹੈ ਜੋ ਮਨੁੱਖ ਦੇ ਅਰਮਾਨਾਂ ਨਾਲ ਖੇਡਦਾ ਹੈ ਤੇ ਖੁਸ਼ ਹੁੰਦਾ ਹੈ। ਕਾਸ਼! ਰੱਬ ਇਕ ਇਸਤਰੀ ਹੁੰਦਾ ਤੇ ਕੋਈ ਉਸਨੂੰ ਪਿਆਰ ਨਾ ਕਰਦਾ। ਫਿਰ ਉਸਨੂੰ ਪਤਾ ਲੱਗਦਾ ਇਸਤਰੀ ਦਾ ਪਿਆਰ ਰਹਿਤ ਜੀਵਨ ਕਿਹੋ ਜਿਹਾ ਹੁੰਦਾ ਹੈ।" ਉਸਨੇ ਨੌਕਰੀ ਛੱਡ ਦਿੱਤੀ। ਉਸਨੇ ਫੈਸਲਾ ਕਰ ਲਿਆ ਕਿ ਹੁਣ ਤਾਂ ਪਿਆਰ ਜਾਂ ਵਿਆਹ ਦਾ ਸੁਪਨਾ ਵੀ ਨਹੀ ਲੈਣਾ।

ਅਚਾਨਕ ਚੀਨ ਨੇ ਭਾਰਤ 'ਤੇ ਹਮਲਾ ਕਰ ਦਿੱਤਾ। ਉਸਨੇ ਦੇਸ਼ ਸੇਵਾ ਦਾ ਚੰਗਾ ਮੌਕਾ ਜਾਣ ਕੇ ਮਿਲਟਰੀ ਵਿਚ ਭਰਤੀ ਹੋਣ ਠੀਕ ਸਮਝਿਆ। ਉਹ ਭਰਤੀ ਹੋ ਕੇ ਸਰਹੱਦਾਂ 'ਤੇ ਲੜਦੇ ਵੀਰਾਂ ਦੀ ਸੇਵਾ ਵਿਚ ਜੁੱਟ ਗਈ। ਉਹ ਫਲੋਰੈਂਸ ਨਾਈਟਿੰਗੇਲ ਵਾਂਗ ਸਾਰਾ-ਸਾਰਾ ਦਿਨ ਉਨ੍ਹਾਂ ਦੀ ਦੇਖ ਭਾਲ ਕਰਦੀ ਅਤੇ ਫਿਰ ਰਾਤ ਨੂੰ ਉਨ੍ਹਾਂ ਪਾਸ ਜਾ ਕੇ ਉਨ੍ਹਾਂ ਦੇ ਖੱਤ ਪੱਤਰ ਲਿਖਦੀ। ਸਿਪਾਹੀ ਉਸਨੂੰ ਬਹੁਤ ਸਤਿਕਾਰ ਨਾਲ ਦੇਖਦੇ ਤੇ ਉਸ ਦੀਆਂ ਸਿਫਤਾਂ ਕਰਦੇ ਨਾ ਥੱਕਦੇ। ਉਸ ਨੇ ਕਾਫੀ ਤਰੱਕੀ ਕਰ ਲਈ। ਉਸ ਨੂੰ ਦੇਸ਼ ਸੇਵਾ ਵੱਜੋਂ ਰਾਸ਼ਟਰੀ ਸਨਮਾਨ ਵੀ ਮਿਲਿਆ।

ਹੁਣ ਉਹ ਮੇਜਰ ਡਾਕਟਰ ਸੀ। ਉਸ ਪਾਸ ਹਜ਼ਾਰਾਂ ਰੁਪਏ ਸਨ। ਨੌਕਰ ਚਾਕਰ ਘਰ ਦਾ ਕੰਮ ਕਰਦੇ ਪਰ ਸੀ ਉਹ ਅਜੇ ਵੀ ਉਹੀ ਕਰੂਪ ਡਾਕਟਰ! ਜਦੋਂ ਉਸ ਨੂੰ ਇਹ ਖ਼ਿਆਲ ਆਉਂਦਾ ਤਾਂ ਉਸ ਦਾ ਸਾਰਾ ਅਨੰਦ ਗਾਇਬ ਹੋ ਜਾਂਦਾ। ਉਹ ਰੋ ਪੈਂਦੀ। ਘਰ ਖਾਣ ਨੂੰ ਆਉਂਦਾ। ਉਸ ਦਾ ਜੀ ਕੀਤਾ ਕਿ ਯਤੀਮਖਾਨੇ 'ਚੋਂ ਕੋਈ ਬੱਚਾ ਲੈ ਕੇ ਆਵੇ ਪਰ ਫਿਰ ਉਸ ਨੇ ਆਪੇ ਸਲਾਹ ਹਟਾ ਦਿੱਤੀ।

ਉਸ ਦੇ ਚਾਚੇ ਨੇ ਇਕ ਆਦਮੀ ਨਾਲ ਆਪਣੇ ਇਸ ਡਾਕਟਰ ਭਤੀਜੀ ਬਾਰੇ ਗੱਲ ਕੀਤੀ ਜੋ ਹੁਣੇ ਹੀ ਰੰਡਾ ਹੋਇਆ ਸੀ। ਉਸਨੇ ਨਾਂਹ ਨੁਕਰ ਕੀਤੀ ਪਰ ਜਦੋਂ ਚਾਚਾ ਜੀ ਨੇ ਹਜ਼ਾਰਾਂ ਰੁਪਈਆਂ ਦਾ ਜ਼ਿਕਰ ਕੀਤਾ ਤਾਂ ਉਸ ਦਾ ਮਨ ਲਾਲਚ ਵਿਚ ਆ ਗਿਆ। ਉਸ ਨੇ ਸੋਚਿਆ ਕਾਲੀ ਹੈ ਤਾਂ ਕੀ ਹੋਇਆ ਉਹ ਅਮੀਰ ਤਾਂ ਹੈ। ਉਸ ਦਾ ਪੈਸਾ ਮੇਰਾ ਹੋਵੇਗਾ ਤੇ ਅੱਜਕੱਲ੍ਹ ਧਨ ਨਾਲ ਹੁਸਨ ਵੀ ਖਰੀਦਿਆ ਜਾ ਸਕਦਾ ਹੈ। ਉਹ ਚਾਚਾ ਜੀ ਨਾਲ ਮਨਦੀਪ ਨੂੰ ਦੇਖਣ ਆਇਆ। ਮਨਦੀਪ ਉਦਾਸ ਸੀ। ਉਹ ਸਾਰੇ ਚਾਹ ਪੀ ਰਹੇ ਸਨ ਪਰ ਉਸ ਦੇ ਮਨ ਵਿਚ ਖਿਆਲਾਂ ਦੀ ਘੋੜ ਦੌੜ ਹੋ ਰਹੀ ਸੀ। ਇਕ ਖਿਆਲ ਉਸਨੂੰ ਅਪਨਾਉਣ ਤੇ ਦੂਜੇ ਤਿਆਗਣ ਲਈ ਪ੍ਰੇਰ ਰਿਹਾ ਸੀ। ਉਸ ਦੇ ਚਿਹਰੇ ਤੋਂ ਉਸ ਦੇ ਅੰਦਰ ਦੀ ਹਾਲਤ ਦਾ ਪਤਾ ਲੱਗ ਸਕਦਾ ਸੀ। ਉਸ ਓਪਰੇ ਤੇ ਲਾਲਚੀ ਆਦਮੀ ਨੇ ਆਪਣੀਆਂ ਦੰਦੀਆਂ ਜਿਹੀਆਂ ਕੱਢ ਕੇ ਬੜੇ ਪਿਆਰ ਭਰੇ ਅੰਦਾਜ਼ ਵਿਚ ਆਖਿਆ "ਮਨਦੀਪ ਜੀ ਤੁਸੀਂ ਮੈਨੂੰ ਬਹੁਤ ਹੀ ਪਸੰਦ ਹੈ।"

ਉਧਰੋਂ ਜਵਾਬ ਆਇਆ "ਪਰ ਤੁਸੀਂ ਮੈਨੂੰ ਬਿਲਕੁਲ ਪਸੰਦ ਨਹੀਂ। ਤੁਸੀਂ ਬੜੀ ਖੁਸ਼ੀ ਨਾਲ ਮੇਰੇ ਘਰੋਂ ਦਫਾ ਹੋ ਸਕਦੇ ਹੋ। ਮੈਂ ਵਿਆਹ ਨਹੀਂ ਕਰਵਾਉਣਾ।" ਉਹ ਮੂੰਹ ਅੱਡਾ ਮਨਦੀਪ ਵੱਲ ਦੇਖਦਾ ਰਿਹਾ ਤੇ ਫਿਰ ਚੁੱਪ ਚਾਪ ਚਲਾ ਗਿਆ। ਚਾਚਾ ਜੀ ਬੁਰਾ ਭਲਾ ਆਖ ਕੇ ਚਲੇ ਗਏ। ਮਨਦੀਪ ਦੇ ਚਿਹਰੇ 'ਤੇ ਸੰਤੁਸ਼ਟਤਾ ਦੇ ਚਿੰਨ੍ਹ ਉਘੜ ਆਏ। ਉਸਨੂੰ ਸਾਰੇ ਲੋਕਾਂ ਨੇ ਤ੍ਰਿਸਕਾਰਿਆ ਸੀ। ਅੱਜ ਉਸ ਦੀ ਵਰ੍ਹਿਆਂ ਦੀ ਲਾਲਸਾ ਕਿ ਉਹ ਕਿਸੇ ਨੂੰ ਤ੍ਰਿਸਕਾਰੇ ਪੂਰੀ ਹੋ ਗਈ। ਫਿਰ ਉਹ ਅੰਦਰ ਵੜ ਕੇ ਉਚੀ ਉਚੀ ਰੋਣ ਲੱਗ ਪਈ।

# ਵਿਅੰਗ

## ਅਧਿਆਪਕ ਜਾਂ ਰਸੋਈਆ?

ਪਿਛਲੀ ਸਰਕਾਰ ਵਲੋਂ ਪ੍ਰਾਇਮਰੀ ਸਕੂਨਾਂ ਵਿਚ ਸ਼ੁਰੂ ਕੀਤੀ ਈ ਮਿਡ ਡੇ ਮੀਲ ਯੋਜਨਾ ਨੇ ਅਧਿਆਪਕਾਂ ਨੂੰ ਰਸੋਈਏ ਬਣਾ ਕੇ ਰੱਖ ਦਿੱਤਾ ਹੈ। ਲਾਤਾਰ ਖਾਣਾ ਤਿਆਰ ਕਰ ਕਰ ਕੇ ਅਧਿਆਪਕਾਂ ਦਾ ਸੁਭਾਅ ਵੀ ਔਰਤਾਂ ਵਾਲਾ ਹੁੰਦਾ ਜਾ ਰਿਹਾ ਹੈ। ਅਧਿਆਪਕਾਂ ਨੂੰ ਲੂਣ-ਮਿਰਚ ਆਦਿ ਦੀਆਂ ਕੀਮਤਾਂ ਵੀ ਯਾਦ ਹੋ ਗਈਆਂ ਹਨ। ਵਿਅੰਗ ਸਕੂਲ ਆਫ ਮਾਲੇਰਕੋਟਲਾ ਦੇ ਖੋਜਾਰਥੀ ਨੇ ਦੱਸਿਆ ਕਿ ਕੁੜੀਆਂ ਨੇ ਵੀ ਅਜਿਹੇ ਰਿਸ਼ਤੇ ਪਹਿਲ ਦੇ ਆਧਾਰ 'ਤੇ ਕਬੂਲ ਕੀਤੇ ਹਨ, ਜਿਨ੍ਹਾਂ ਵਿਚ ਮੁੰਡਾ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਲੱਗਾ ਹੋਇਆ ਹੈ। ਇਕ ਅਧਿਆਪਕ ਦਾ ਵਿਆਹ ਨਹੀਂ ਹੋ ਰਿਹਾ ਸੀ ਪਰ ਜਦ ਉਸ ਨੇ ਅਖਬਾਰ ਵਿਚ ਦਿੱਤੇ ਇਸ਼ਤਿਹਾਰ ਵਿਚ ਸਾਫ ਲਿਖਿਆ ਕਿ ਉਹ ਅਧਿਪਕ-ਕਮ-ਰਸੋਂਹਿਆ ਹੈ ਤਾਂ ਝੱਟ ਹੀ ਰਿਸ਼ਤਿਆਂ ਦੀ ਲਾਈਨ ਲੱਗ ਗਈ। ਖਾਣਾ ਬਣਾ-ਬਣਾ ਕੇ ਅਧਿਆਪਕ ਵੀ ਹੁਣ ਏਨੇ ਬੇਸ਼ਰਮ ਹੋ ਗਏ ਹਨ ਕਿ ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਜਦ ਅਧਿਆਪਕਾਂ ਦੀ ਨਵੀਂ ਭਰਤੀ ਦਾ ਇਸ਼ਤਿਹਾਰ ਦਿੱਤਾ ਜਾਵੇ ਤਾਂ ਇਸ਼ਤਿਹਾਰ 'ਤੇ ਸਿਰਫ ਅਧਿਆਪਕ ਦੀ ਭਰਤੀ ਲਈ ਇਸ਼ਤਿਹਾਰ ਲਿਖ ਕੇ ਹੀ ਨਾ ਸਾਰ ਦਿੱਤਾ ਜਾਵੇ, ਸਗੋਂ ਸਪਸ਼ਟ ਲਿਖਿਆ ਜਾਵੇ 'ਅਧਿਆਪਕ-ਕਮ-ਰਸੋਈਆ ਦੀ ਭਰਤੀ ਲਈ ਇਸ਼ਤਿਹਾਰ' ਹੈ, ਤਾਂ ਕਿ ਰਿਸ਼ਤਾ ਕਰਨ ਵੇਲੇ ਔਕੜ ਨਾ ਆਵੇ। ਇੰਟਰਵਿਊ ਵੇਲੇ ਵੀ ਖਾਣਾ ਪਕਾਉਣ ਨਾਲ ਸਬੰਧਤ ਸਵਾਲ ਪੁੱਛੇ ਜਾਣ। ਅਧਿਆਪਕਾਂ ਨੇ ਇਹ ਮੰਗ ਕੀਤੀ ਕਿ ਸਾਰੇ ਬੀ. ਐੱਡ ਕਾਲਜਾਂ ਵਿਚ ਖਾਣਾ ਪਕਾਉਣ ਦੀ ਸਿਖਲਾਈ ਦੇਣੀ ਚਾਹੀਦੀ ਹੈ, ਜਿਸ ਕਾਲਜ ਵਿਚ ਭਾਂਡੇ-ਪਤੀਲੇ ਤੇ ਲੂਣ-ਤੇਲ ਨਹੀ ਹੈ, ਉਸ ਦੀ ਮਾਨਤਾ ਰੱਦ ਕਰ ਦਿੱਤੀ ਜਾਵੇ। ਕਿੰਨਾ ਚੰਗਾ ਲੱਗੇਗਾ ਜਦ ਪੜ੍ਹਣ ਵਲੇ ਵੀ ਤੇ ਪੜਾਉਣ ਵੇਲੇ ਵੀ ਭੋਜਨ ਤਿਆਰ ਕੀਤਾ ਜਾਵੇਗਾ। ਸਾਰੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀ ਦੇ ਬੀ. ਐਡ ਤੇ ਐਮ. ਐਡ ਵਿਭਾਗਾਂ ਵਿਚ ਸਵੇਰੇ ਹੀ ਦੇਗਾਂ ਚਾੜ ਦਿੱਤੀਆਂ ਜਾਇਆ ਕਰਨਗੀਆਂ। ਕਿਸੇ ਦਾ ਦਿਮਾਗ ਪੜ੍ਹਾਈ ਜਾਂ ਵਿਕਾਸ ਦੀਆਂ ਨਵੀਆਂ ਯੋਜਨਾਵਾਂ ਘੜਣ ਵੱਲ ਨਹੀਂ ਜਾਵੇਗਾ। ਦਿਨ ਰਾਤ ਖਾਣੇ ਪਕਾਂਉਣ ਤੇ ਖਾਣ ਦੇ ਦੌਰ ਹੀ ਚਲਦੇ ਰਹਿਣਗੇ।

## ਡੰਗਰ ਡਾਕਟਰ

ਜ਼ਿਲ੍ਹਾ ਪ੍ਰੀਸ਼ਦਾਂ ਵਿਚ ਤਿੰਨ ਸਾਲ ਲਈ ਠੇਕੇ 'ਤੇ ਕੰਮ ਕਰ ਰਹੇ ਡੰਗਰ ਡਾਕਟਰਾਂ 'ਤੇ ਮਹੀਨਾਵਾਰ ਤਨਖਾਹ ਨਾ ਮਿਲਣ ਕਾਰਨ ਸਰਕਾਰੀ ਮਾਰ ਤਾਂ ਪੈ ਹੀ ਰਹੀ ਹੈ ਹੈ ਕਿ ਹੁਣ ਉਨ੍ਹਾਂ ਨੂੰ ਜਾਵਨਰਾਂ ਨੇ ਵੀ ਕੁੱਟਣਾ ਸ਼ੁਰੂ ਕਰ ਦਿੱਤਾ ਹੈ। ਕੁਝ ਦਿਨ ਪਹਿਲਾਂ ਜਲੰਧਰ ਜ਼ਿਲ੍ਹੇ ਦੀ ਇਕ ਪਸ਼ੂ ਡਿਸਪੈਂਸਰੀ ਵਿਚ ਕੰਮ ਕਰ ਰਹੇ ਡਾਕਟਰ ਨੇ ਇਕ ਮੱਝ ਦੇ ਗਰਭਵਤੀ ਹੋਣ ਦਾ ਟੈਸਟ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਬਿਨਾਂ ਹੀ ਸ਼ੁਰੂ ਕਰ ਦਿੱਤਾ ਪਰ ਡਾਕਟਰ ਦੇ ਦਿਮਾਗ ਵਿਚ ਪਿਛਲੇ ਤਿੰਨ ਮਹੀਨਿਆਂ ਤੋਂ ਤਨਖਾਹ ਨਾ ਮਿਲਣ ਕਰਕੇ ਸੋਚਾਂ ਦਾ ਤੂਫਾਨ ਆਇਆ ਹੋਇਆ ਸੀ। ਉਸ ਦਾ ਸੰਪੂਰਨ ਧਿਆਨ ਆਪਣੀ ਪਤਨੀ ਨਾਲ ਕੀਤੇ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਵਲ ਦੌੜਿਆ ਹੋਇਆ ਸੀ। ਜਿਵੇਂ ਹੀ ਉਸ ਨੇ ਮੱਝ ਦਾ ਚੈਕਅਪ ਸ਼ੁਰੂ ਕੀਤਾ ਤਾਂ ਮੱਝ ਨੇ ਲੱਤਾਂ ਮਾਰਨੀਆਂ ਤੇ ਟੱਪਣਾ ਸ਼ੁਰੂ ਕਰ ਦਿੱਤਾ। ਡਾਕਟਰ ਅਚਾਨਕ ਹੋਈ ਗੜਬੜੀ ਕਾਰਨ ਘਬਰਾ ਗਿਆ ਤੇ ਉਸ ਦੇ ਹੱਥ ਵਿਚ ਫੜੀਆਂ ਸੂਈਆਂ ਮੱਝ ਦੇ ਖੁੱਭ ਗਈਆਂ, ਜਿਸ ਕਾਰਨ ਮੱਝ ਨੇ ਗੁੱਸੇ ਵਿਚ ਆ ਕੇ ਧੂੜਾਂ ਪੱਟਦੀ ਦੌੜ ਸ਼ੁਰੂ ਕਰ ਦਿੱਤੀ। ਡੰਗਰ ਡਾਕਟਰ ਹੋਰ ਘਬਰਾ ਗਿਆ, ਉਸ ਨੇ ਗੰਭੀਰ ਸੱਟਾਂ ਤੋਂ ਬਚਣ ਲਈ ਮੱਝ ਦੀ ਪੂੰਛ ਨੂੰ ਜ਼ੋਰ ਨਾਲ ਫੜ ਲਿਆ, ਕਿਉਂਕਿ ਡਾਕਟਰ ਦਾ ਕੱਦ ਕਾਫੀ ਛੋਟਾ ਸੀ, ਇਸ ਕਰਕੇ ਮੱਝ ਦੀ ਤੇਜ਼ ਰਫਤਾਰ ਕਾਨ ਉਸ ਨੇ ਪੂੰਛ ਨਾਲ ਲਟਕ ਜਾਣਾ ਹੀ ਚੰਗਾ ਸਮਝਿਆ। ਮੱਝ ਦੌੜਦੀ ਰਹੀ, ਡਾਕਟਰ ਸਫਰ ਕਰਦਾ ਰਿਹਾ। ਜਦ ਲਟਕਦਿਆਂ-ਲਟਕਦਿਆਂ ਡਾਕਟਰ ਥੱਕ ਗਿਆ ਤਾਂ ਉਸ ਨੇ ਮੱਝ ਨੂੰ ਰੋਕਣ ਲਈ ਉਸ ਦੀ ਪੂੰਛ 'ਤੇ ਦੰਦੀ ਵੱਢ ਦਿੱਤੀ। ਦੰਦੀ ਕਾਰਨ ਮੱਝ ਅਚਾਨਕ ਇਕ ਪਲ ਲਈ ਰੁਕ ਤਾਂ ਗਈ ਪਰ ਡਾਕਟਰ ਨੂੰ ਕੁਝ ਸਮਝ ਨਾ ਆਇਆ ਤੇ ਉਹ ਪੂੰਛ ਛੱਡ ਕੇ ਸੁਰੱਖਿਆ ਹੋਣ ਦੀ ਥਾਂ ਟਪੂਸੀ ਮਾਰ ਕੇ ਮੱਝ ਦੇ ਉਪਰ ਚੜ੍ਹ ਗਿਆ। ਮੱਝ ਨੇ ਫਿਰ ਦੌੜਨਾ ਸ਼ੁਰੂ ਕਰ ਦਿੱਤਾ ਤੇ ਕਈ ਕਿਲੋਮੀਟਰ ਖੇਤਾਂ ਤੇ ਸੜਕਾਂ 'ਤੇ ਗੇੜੇ ਦੇ ਕੇ ਹੀ ਆਪਣੀ ਰਫਤਾਰ ਹੌਲੀ ਕੀਤੀ। ਬਾਅਦ ਵਿਚ ਪਿੰਡ ਵਾਲਿਆਂ ਨੇ ਹਫ ਚੁੱਕੀ ਮੱਝ ਦੀ ਪਿੱਠ ਤੋਂ ਡਾਕਟਰ ਨੂੰ ਹੇਠਾਂ ਉਤਾਰਿਆ। ਜਿਥੇ ਡਾਕਟਰ ਦੇ ਕੱਪੜੇ ਗਾਰੇ ਨਾਲ ਲੱਥਪਥ ਹੋ ਗਏ ਸਨ, ਉਥੇ ਮੱਝ ਦੀ ਪੂੰਛ ਵੀ ਲਹੂ-ਲੂਹਾਨ ਹੋਈ ਪਾਈ ਗਈ। ਵਿਅੰਗ ਸਕੂਲ ਆਫ ਮਾਲੇਰਕੋਟਲਾ ਨੇ ਜ਼ਖਮੀ ਮੱਝ ਤੇ ਪੂੰਤ ਨਾ ਲਟਕੇ ਹੋਏ ਡੰਗਰ ਡਾਕਟਰ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ।



# ਮਿੰਨੀ ਕਹਾਣੀਆਂ

## ਰਸੀਦੀ ਟਿਕਟਾਂ..ਨਹੀਂ ਡਾਕ ਟਿਕਟਾਂ

"ਮੈਂਮ ਇਕ ਵਿਦਿਆਰਥੀ ਦੀ ਜਨਮ ਮਿਤੀ ਬੋਰਡ ਵੱਲੋਂ ਗਲਤ ਲਿਖੀ ਆਈ ਹੈ, ਮੈਂ ਰੋਲ ਨੰਬਰਾਂ ਦਾ ਹੁਣੇ ਮਿਲਾਨ ਕਰਕੇ ਵੇਖਿਆ। ਆਪਾਂ ਤਾਂ ਫਾਰਮ ਵਿਚ ਦਾਖਲਾ ਖਾਰਜ ਅਨੁਸਾਰ ਠੀਕ ਲਿਖੀ ਹੋਈ ਆ। ਪ੍ਰਿੰਸੀਪਲ ਮੈਂਮ ਮੈਡੀਕਲ ਛੁੱਟੀ 'ਤੇ ਹਨ... ਉਹ ਤਾਂ ਅੱਠ ਦਿਨ ਆਉਂਦੇ ਨਹੀਂ। ਹੁਣ ਕੀ ਕਰੀਏ?" ਮਿਸਿਜ਼ ਰਾਜਦੀਪ ਨੇ ਮਿਸਿਜ਼ ਬੱਲ ਨਾਲ ਗੱਲ ਸਾਂਝੀ ਕੀਤੀ।

"ਕੋਈ ਗੱਲ ਨਹੀਂ ਬੋਰਡ ਨੂੰ ਪੱਤਰ ਲਿਖ ਦਿਆਂਗੇ, ਨਾਲ ਫਾਰਮ ਦੀ ਫੋਟੋ ਸਟੇਟ ਕਾਪੀ। ਗਲਤੀ ਦਰੁਸਤ ਹੋ ਕੇ ਆ ਜਾਏਗੀ।" ਮਿਸਿਜ਼ ਬੱਲ ਨੇ ਕਿਹਾ। "ਮੈਂਮ ਮੈਂ ਤਾਂ ਕਦੇ ਇਹੋ ਜਿਹੀ ਚਿੱਠੀ ਲਿਖੀ ਨਹੀਂ, ਕਿਵੇਂ ਲਿਖਣੈ?"
"ਲਿਖੋ, ਵੱਲੋਂ : ਪ੍ਰਿੰਸੀਪਲ ਸ.ਸ.ਸ. ਸਕੂਲ ਦਾਨਾਂ। ਵੱਲ : ਸਕੱਤਰ (ਪ੍ਰੀਖਿਆਵਾਂ) ਬੋਰਡ ਦਾ ਨਾਂ। ਵਿਸ਼ਾ : ਜਨਮ ਮਿਤੀ ਠੀਕ ਕਰਾਉਣ ਬਾਰੇ। ਸ੍ਰੀ ਮਾਨ ਜੀ...ਵਗੈਰਾ..ਵਗੈਰਾ..ਵਗੈਰ। ਇਹ ਹੁਣ ਰਜਿਸਟਰਡ ...ਡਾਕ ਰਾਹੀਂ ਭੇਜ ਦਿਓ। ਵੀਹ ਰੁਪਏ ਦੀਆਂ ਟਿਕਟਾਂ ਲੱਗਣਗੀਆਂ।" ਮਿਸਿਜ਼ ਬੱਲ ਨੇ ਦੱਸਿਆ।

ਪਿੰਡ ਵਿਚ ਡਾਕਘਰ ਨਾ ਹੋਣ ਕਾਰਨ ਰਾਜਦੀਪ ਨੇ ਦੁਕਾਨ ਤੋਂ ਵੀਹ ਰੁਪਏ ਦੀਆਂ ਟਿਕਟਾਂ ਮੰਗਵਾਈਆਂ। ਦੁਕਾਨਦਾਰ ਨੇ ਵੀਹਾਂ ਦੀ ਥਾਂ ਤੀਹ ਰੁਪਏ ਲਏ। ਉਸ ਨੇ ਲਿਫਾਫੇ 'ਤੇ ਟਿਕਟਾਂ ਲਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਜਦੋਂ ਟਿਕਟਾਂ ਲਿਫਾਫੇ ਤੋਂ ਬਾਹਰ ਜਾਣ ਲੱਗੀਆਂ ਤਾਂ ਮਿਸਿਜ਼ ਬੱਲ ਕੋਲ ਆ ਕੇ ਕਹਿਣ ਲੱਗੀ, "ਕਿਵੇਂ ਲਾਈਏ? ਐਨੀਆਂ ਟਿਕਟਾਂ ਤਾਂ ਲਿਫਾਫੇ 'ਤੇ ਕਿਸੇ ਪਾਸੇ ਵੀ ਪੂਰੀਆਂ ਨਹੀਂ ਲੱਗਦੀਆਂ।"
"ਵੱਡੀਆਂ ਟਿਕਟਾਂ ਮੰਗਵਾਉਣੀਆਂ ਸਨ, ਪੰਜ-ਪੰਜ ਰੁਪਏ ਦੀਆਂ ਚਾਰ ਜਾਂ ਦਸ-ਦਸ ਰੁਪਏ ਵਾਲੀਆਂ ਦੋ।" ਬਿਨਾਂ ਟਿਕਟਾਂ ਵੱਲ ਵੇਖੇ ਮਿਸਿਜ਼ ਬੱਸ ਨੇ ਜਵਾਬ ਦਿੱਤਾ।
"ਲਿਆਓ ਮੈਂ ਲਾਵਾਂ।" ਰਾਜਦੀਪ ਹੱਥੋਂ ਟਿਕਟਾਂ ਫੜਦੇ ਮਿਸਿਜ਼ ਬੱਲ ਨੇ ਕਿਹਾ। ਹੱਥ ਵਿਚ ਟਿਕਟਾਂ ਫੜ ਕੇ ਉਹ ਜ਼ੋਰ-ਜ਼ੋਰ ਦੀ ਹੱਸਣ ਲੱਗ..ਉਸ ਕੋਲੋਂ ਗੱਲ ਨਾ ਹੋਵੇ...ਹੱਸੀ...ਹੱਸੀ..ਜਾਵੇ। ਹਾਸਾ ਮੁਸ਼ਕਿਲ ਨਾਲ ਰੋਕਦੇ ਸਿਰਫ਼ ਇਹੀ ਕਹਿ ਹੋਇਆ, "...ਇ...ਹ..ਤਾਂ ਰ..ਸੀ...ਦੀ ਟਿ..ਕ..ਟਾਂ...ਨੇ, ਡਾ..ਕ ਟਿ..ਕ....ਟਾਂ ਨਹੀਂ...।"

ਬਮਲਜੀਤ ਕੌਰ ਮਾਨ

## ਉਹ ਮਿਲ ਗਿਆ!

ਉਹ ਦੋ ਬੇਟੀਆਂ ਤੋਂ ਬਾਅਦ ਹਰੇਕ ਬੱਚੀ ਦਾ ਗਰਭਪਾਤ ਮੁੰਡੇ ਦੀ ਲੋੜ ਕਰਕੇ ਕਰਦੇ ਰਹੇ। ਵੱਡੀ ਬੇਟੀ ਪਰਮਜੀਤ ਹੁਣਸੋਲ੍ਹਾਂ ਸਾਲ ਦੀ ਉਮਰ ਪਾਰ ਕਰ ਚੁੱਕੀ ਸੀ। ਰਵਨੀਤ ਉਸ ਤੋਂ ਦੋ ਸਾਲ ਛੋਟੀ ਸੀ। ਕਾਲਜ ਵਿਚ ਪੜ੍ਹਦੀਆਂ ਪਰਮਜੀਤ ਦੀਆਂ ਸਹੇਲੀਆਂ ਦੇ ਮਨਵਿਚ ਇਹ ਭੁਲੇਖਾ ਸੀ ਕਿ ਪਰਮਜੀਤ ਦੇ ਮੰਮੀ-ਡੈਡੀ ਨੇ ਦੋ ਬੇਟੀਆਂ ਨੂੰ ਹੀ ਮੁੰਡੇ ਸਮਝ ਕੇ ਪਰਿਵਾਰ ਸੀਮਤ ਰੱਖਿਆ ਹੈ ਅਤੇ ਕੁੜੀਆਂ ਨੂੰ ਮੁੰਡਿਆਂ ਵਾਂਗ ਸਨਮਾਨ ਦਿੱਤਾ ਹੈ। ਪਰਮਜੀਤ ਵੀ ਆਪਣੇ ਆਪ ਨੂੰ ਮੁੰਡੇ ਦੀ ਥਾਂ ਹੀਸਮਝਣ ਲੱਗ ਪਈ। ਉਹ ਮੁੰਡਿਆਂ ਵਾਲੀਆਂ ਜ਼ਿੰਮੇਵਾਰੀਆਂ ਵੀ ਕਈ ਵਾਰ ਨਿਭਾਉਣ ਦਾ ਹੰਭਲਾ ਮਾਰਦੀ। ਭਰੂਣ ਹੱਤਿਆ ਵਿਸ਼ੇਸ਼ 'ਤੇ ਕਾਲਜ ਵਿਚ ਪਰਮਜੀਤ ਨੇ ਬੜੇ ਮਾਣ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਭਾਸ਼ਣ ਦਿੱਤਾ ਤੇ ਵਾਹ-ਵਾਹ ਖੱਟੀ। ਆਪਣੀ ਮਾਂ ਦਾ ਪੈਰ ਭਾਰੀ ਹੋਣ ਦਾ ਜਦੋਂ ਪਰਮਜੀਤ ਨੂੰ ਪਤਾ ਲੱਗਿਆ ਤਾਂ ਉਸਦੇ ਮਨ ਅੰਦਰ ਆਪਣੀ ਹੋਂਦ ਉਸ ਨੂੰ ਬੁਰੀ ਲੱਗਣ ਲੱਗ ਪਈ। ਉਸ ਦੀ ਛੋਟੀ ਭੈਣ ਵੀ ਹੁਣ ਸਭ ਸਮਝਦੀ ਸੀ। ਨਰਸਿੰਗ ਹੋਮ 'ਚੋਂ ਪਰਮਜੀਤ ਦੇ ਡੈਡੀ ਨੇ ਫੋਨ ਕਰਕੇ ਘਰੇ ਦੱਸਿਆ, 'ਬੇਟੀ ਤੁਹਾਡਾ ਵੀਰ ਆ ਗਿਆ।" ਦੋਵੇਂ ਬੱਚੀਆਂ ਨੇ ਪਹਿਲਾਂ ਹੀ ਬਣਾਈ ਸਕੀਮ ਅਨੁਸਾਰ ਆਤਮ-ਹੱਤਿਆ ਕਰ ਲਈ ਤੇ ਪਰਚੇ 'ਤੇ ਲਿਖ ਦਿੱਤਾ, "ਹੁਣ ਤੁਹਾਨੂੰ ਉਹ ਮਿਲ ਗਿਆ, ਜਿਸ ਦੀ ਤੁਹਾਨੂੰ ਲੋੜ ਸੀ। ਹੁਣਸਾਡੀ..।

-ਮੇਜਰ ਸਿੰਘ

# ਵਿਅੰਗ



# ਅਨੋਖੀ ਖਬਰ



ਪਿਛਲੀ ਰਾਤ ਬੱਸ ਸਟੈਂਡ ਕੋਲ ਵਾਲੀਆਂ ਝੁੱਗੀਆਂ ਵਾਲਿਆਂ ਨੂੰ ਪੰਦਰਾਂ-ਵੀਹ ਡਾਕੂਆਂ ਨੇ ਘੇਰਾ ਪਾਉਣ ਦੀ ਲਾਈ ਖ਼ਬਰ ਜਿਉਂ ਹੀ 'ਪਰਸੋਂ ਤੱਕ' ਚੈਨਲ ਵਾਲਿਆਂ ਨੇ ਪ੍ਰਸਾਰਿਤ ਕੀਤੀ ਤਾਂ ਸਾਰੇ ਸੁੱਤੇ ਪਏ ਸ਼ਹਿਰ ਵਿਚ ਸਨਸਨੀ ਫੈਲ ਗਈ। ਡਾਕੂਆਂ ਨੇ ਸਾਰੇ ਲੁੱਟੇ ਹੋਏ ਮਾਲ ਜਿਵੇਂ ਰੂੜੀਆਂ ਵਿਚੋਂ ਚੁੱਗੇ ਹੋਏ ਖਾਲੀ ਫਟੇ-ਪੁਰਾਣੇ ਲਿਫਾਫੇ, ਬੋਰੇ, ਪਾਟੀਆਂ ਤਰਪਾਲਾਂ ਅਤੇ ਹੋਰ ਸਾਰੇ ਨਿੱਕ-ਸੁੱਕ ਦੀਆਂ ਪੰਡਾਂ ਬੰਨ੍ਹ ਕੇ ਚਾਰ ਡਾਕੂਆਂ ਦੇ ਸਾਈਕਲਾਂ 'ਤੇ ਰੱਖ ਕੇ ਆਪਣੇ ਅੱਡੇ ਵੱਲ ਨੂੰ ਰਵਾਨਾ ਕਰ ਦਿੱਤਾ। ਬਾਕੀ ਦੇ ਡਾਕੂ ਵੀ ਮਾਰੇ ਹੋਏ ਸਫਲ ਡਾਕੇ ਦੀ ਖੁਸ਼ੀ ਵਿਚ ਝੂੰਮਦੇ ਦੌੜਨ ਦੀ ਤਿਆਰੀ ਕਰ ਹੀ ਰਹੇ ਸਨ ਪਰ ਟੀ. ਵੀ. ਵਿਚ ਖ਼ਬਰ ਆਉਣ ਕਰਕੇ ਸਾਰੇ ਜ਼ਿਲ੍ਹੇ ਦੀ ਪੁਲਿਸ ਵੀ ਹਰਕਤ ਵਿਚ ਆ ਗਈ। ਘੇਰਾ ਪਿਆ ਦੇਖ ਡਾਕੂਆਂ ਨੇ ਵੀ ਪੁਜ਼ੀਸ਼ਨਾਂ ਲੈ ਲਈਆਂ। ਦੋਹਾਂ ਪਾਸਿਉਂ ਰਾਈਫਲਾਂ ਅਤੇ ਗੁਲੇਲਾਂ ਚਲਣ ਲੱਗੀਆਂ, ਗੁਲੇਲਾਂ ਨਾਲ ਡੇਕ ਦੀਆਂ ਗੋਟਲੀਆਂ ਅਤੇ ਰਾਈਫਲਾਂ ਨਾਲ ਬਰਾਬਰ ਗੋਲੀਆਂ ਦਾ ਮੀਂਹ ਵਰ੍ਹਨ ਲੱਗਾ। ਲਗਾਤਾਰ ਪੰਜ ਘੰਟੇ ਤੱਕ ਚਲੇ ਮੁਕਾਬਲੇ ਵਿਚ ਪੁਲਿਸ ਨੂੰ ਕੋਈ ਵੀ ਕਾਮਯਾਬੀ ਨਾ ਮਿਲੀ ਤਾਂ ਪੁਲਿਸ ਨੇ ਵਾਇਰਲੈੱਸ ਕਰਕੇ ਹੋਰ ਪੁਲਿਸ ਅਤੇ ਕਮਾਂਡੋਜ਼ ਬੁਲਾ ਲਏ। ਗੋਲੀਆਂ ਤੇ ਗਟੋਲਾਂ ਡਾਕੂਆਂ ਦੀਆਂ ਵੀ ਤਕਰੀਬਨ ਖਤਮ ਵਰਗੀਆਂ ਹੀ ਸਨ ਨਾਲੇ ਪੁਲਿਸ ਦਾ ਘੇਰਾ ਤੰਗ ਹੁੰਦਾ ਦੇਖ ਡਾਕੂ ਵੀ ਉਸ ਜਗ੍ਹਾ ਨੂੰ ਛੱਡਣ ਦੀ ਵਿਉਂਤਬੰਦੀ ਕਰਨ ਲੱਗੇ। ਡਾਕੂਆਂ ਦੇ ਸਰਦਾਰ ਦੀ ਜਿਉਂ ਹੀ ਸੜਕ ਕੰਢੇ ਖੜ੍ਹੇ ਪੀ. ਡਬਲਿਊ. ਡੀ. ਵਾਲਿਆਂ ਦੇ ਰੋਡ ਰੋਲਰ 'ਤੇ ਪਈ ਤਾਂ ਉਸ ਦਿਮਾਗ ਨੇ ਮਿੰਟਾਂ ਵਿਚ ਹੀ ਸਾਰੀ ਪਲਾਨਿੰਗ ਕਰ ਲਈ। ਉਸ ਨੇ ਆਪਣੇ ਸਾਰੇ ਸਾਥੀ ਡਾਕੂਆਂ ਨੂੰ ਕੁਝ ਸਮਝਾਉਣ ਤੋਂ ਬਾਅਦ 'ਅੱਖ ਝਪਕਦਿਆਂ ਹੀ ਸਾਰੇ ਡਾਕੂ ਉਸ ਰੋਡ ਰੋਲਰ 'ਤੇ ਸਵਾਰ ਹੋ ਕੇ ਹਨ੍ਹੇਰੇ ਦਾ ਫਾਇਦਾ ਉਠਾਉਂਦੇ ਹੋਏ ਫਰਾਰ ਹੋਣ 'ਚ ਸਫਲ ਹੋ ਗਏ। ਪੁਲਿਸ ਨੇ ਡਾਕੂਆਂ ਪਿੱਛੇ ਬਥੇਰੀਆਂ ਜਿਪਸੀਆਂ ਲਾਈਆਂ ਪਰ ਹੱਥ ਅਸਫਲਤਾ ਹੀ ਲੱਗੀ। ਡਾਕੂ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਗਏ ਸਨ। ਪੁਲਿਸ ਇਕ ਵਾਰ ਫਿਰ ਨਾਕਾਮ। ਪਰ ਪੁਲਿਸ ਨੂੰ ਉਸ ਵਕਤ ਬਹੁਤ ਹੀ ਵੱਡੀ ਸਫਲਤਾ ਹਾਸਲ ਹੋਈ ਜਦੋਂ ਸਿਰਫ ਅੱਧੇ ਘੰਟੇ ਬਾਅਦ ਉਹੀ ਰੋਡ ਰੋਲਰ ਵਾਰਦਾਤ ਵਾਲੀ ਥਾਂ ਤੋਂ ਸਵਾ ਕੁ ਸੌ ਕਿਲੋਮੀਟਰ ਦੂਰ ਪੱਛਮ ਵਾਲੇ ਪਾਸਿਉਂ ਪੁਲਿਸ ਨੇ ਬਰਾਮਦ ਕੀਤਾ। ਪੁਲਿਸ ਦਾ ਕਹਿਣਾ ਹੈ ਕਿ ਅਪਰਾਧੀ ਕਿੰਨਾ ਵੀ ਹੁਸ਼ਿਆਰ ਹੋਵੇ, ਉਹ ਪਿੱਛੇ ਕੋਈ ਨਾ ਕੋਈ ਸਬੂਤ ਜ਼ਰੂਰ ਛੱਡ ਜਾਂਦਾ ਹੈ। ਇਸ ਕਰਕੇ ਪੁਲਿਸ ਉਸ ਰੋਡ ਰੋਲਰ ਨੂੰ ਟੋਅ ਕਰਕੇ ਥਾਣੇ ਵਿਚ ਲਿਆ ਕੇ ਉਸ ਰੋਲਰ ਦੀ ਬਹੁਤ ਹੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ ਤਾਂ ਕਿ ਡਾਕੂਆਂ ਦੇ ਟਿਕਾਣੇ ਦੀ ਅਤੇ ਲੁੱਟੇ ਹੋਏ ਮਾਲ ਦੀ ਕੋਈ ਨਾ ਕੋਈ ਸੂਹ ਜਾਂ ਕੋਈ ਹੋਰ ਠੋਸ ਸਬੂਤ ਮਿਲ ਸਕੇ। ਖ਼ਬਰ ਲਿਖੇ ਜਾਣ ਤੱਕ ਪੁਲਿਸ ਕਿਸੇ ਵੀ ਨਤੀਜੇ 'ਤੇ ਨਹੀਂ ਸੀ ਪਹੁੰਚ ਸਕੀ। ਛਾਣਬੀਨ ਜਾਰੀ ਹੈ।

ਗੁਰਦੀਪ ਮਣਕੂ (ਪੌਨਾ)

# ਮਿੰਨੀ ਕਹਾਣੀਆਂ

## ਮੰਗ

ਗਲੀ ਦੀਆਂ ਤੀਵੀਆਂ ਸੰਤੋਖ ਕੌਰ ਨੂੰ ਮੁੰਡੇ ਦੇ ਵਿਆਹ ਦੀਆਂ ਵਧਾਈਆਂ ਦੇਣ ਆ ਰਹੀਆਂ ਸਨ। ਉਹ ਮੁੰਡੇ ਦਾ ਵਿਆਹ ਨਕੋਦਰ ਕਰ ਕੇ ਆਈ ਸੀ-ਅਖੇ! ਕੌਣ ਆਣ-ਜਾਣ ਦਾ ਝੰਜਟ ਕਰੇ। ਸੋਚਿਆ, ਮੈਂ ਵੀ ਵਧਾਈ ਦੇ ਆਵਾਂ-ਗਲੀ ਦਾ ਮਾਮਲਾ ਜੁ ਹੈ। ਖਾਸ ਗੱਲ ਇਹ ਵੀ ਸੀ ਕਿ ਸੰਤੋਖ ਕੌਰ ਨੇ ਦਾਜ ਨਹੀਂ ਸੀ ਲਿਆ। ਮੈਂ ਜਾ ਕੇ ਵੇਖਿਆ ਕਿ ਘਰ ਵਧੀਆ ਫਰਨੀਚਰ ਅਤੇ ਢੇਰਾਂ ਦੇ ਢੇਰ ਕੀਮਤੀ ਤੋਂ ਕੀਮਤੀ ਸਮਾਨ ਨਾਲ ਭਰਿਆ ਪਿਆ ਸੀ। ਮੇਰੇ ਮੂੰਹੋਂ ਨਿਕਲ ਗਿਆ, ਭੈਣ ਜੀ! ਆਹ ਕੀ! ਤੁਸੀਂ ਤਾਂ ਦਾਜ ਨਹੀਂ ਲੈਣਾ। ਸੰਤੋਖ ਕੌਰ ਕਹਿਣ ਲੱਗੀ, "ਭੈਣ ਜੀ ਜੋ ਦਿੱਤਾ ਆਪਣੀ ਧੀ ਨੂੰ ਦਿੱਤਾ, ਸਾਡੀ ਤਾਂ ਕੋਈ ਮੰਗ ਹੀ ਨਹੀਂ ਸੀ।

ਹਰਪ੍ਰੀਤ ਕੌਰ ਮਨਚੰਦਾ

## ਰੋਟੀ

ਜਾਦੂਗਰ ਤਮਾਸ਼ਾ ਦਿਖਾ ਰਿਹਾ ਸੀ। ਉਹ ਕਾਗਜ਼ ਨੂੰ ਸੌ ਦੇ ਨੋਟਾਂ ਵਿਚ ਬਦਲ ਦਿੰਦਾ। ਟੋਪੀ ਵਿਚੋਂ ਕਬੂਤਰ ਕੱਢ ਦਿੰਦਾ। ਉਹ ਕਿਸੇ ਨੂੰ ਵੀ ਬੁਲਾ ਕੇ ਉਸ ਤੋਂ ਸਿੱਕਿਆਂ ਦਾ ਡੱਬਾ ਭਰ ਲੈਂਦਾ। ਡੰਡਾ ਘੁੰਮਾ ਕੇ ਕਾਗਜ਼ ਤੋਂ ਤਰ੍ਹਾਂ-ਤਰ੍ਹਾਂ ਦੇ ਫੁੱਲ ਬਣਾ ਦਿੰਦਾ। ਜਾਦੂਗਰ ਦੇ ਇਸ ਤਮਾਸ਼ੇ 'ਤੇ ਲੋਕ ਤਾੜੀਆਂ ਵਜਾ ਰਹੇ ਸਨ। ਪਰ ਉਹ ਜਾਦੂ ਨਾਲ ਆਪਣੇ ਲਈ ਦੋ ਵਕਤ ਦੀ ਰੋਟੀ ਨਹੀਂ ਮੰਗਵਾ ਸਕਦਾ।

ਬੂਟਾ ਰਾਮ, ਮਾਖਾ ਚਹਿਲਾਂ

## ਨਜ਼ਰੀਆ

ਲਾਇਬਰੇਰੀ ਵਿਚ ਇਕ ਮੇਜ਼ 'ਤੇ ਪਏ ਤਿੰਨ ਚਾਰ ਅਖ਼ਬਾਰ ਆਪਸ ਵਿਚ ਗੱਲਾਂ ਕਰ ਰਹੇ ਸਨ :-

ਪਹਿਲਾ ਅਖ਼ਬਾਰ : ਆਪਣੀ ਵੀ ਕੋਈ ਜ਼ਿੰਦਗੀ ਏ। ਬੰਬ ਧਮਾਕਿਆਂ, ਐਕਸੀਡੈਂਟਾਂ, ਆਤਮ-ਹੱਤਿਆਵਾਂ, ਮੰਤਰੀਆਂ ਦੇ ਘੁਟਾਲਿਆਂ ਆਦਿ ਦੀਆਂ ਖ਼ਬਰਾਂ ਨਾਲ ਆਪਾਂ ਸਵੇਰੇ ਸਵੇਰੇ ਹੀ ਪਾਠਕਾਂ ਦੇ ਮੂਡ ਖਰਾਬ ਕਰ ਦਿੰਦੇ ਹਾਂ।

ਦੂਜਾ ਅਖ਼ਬਾਰ : ਹਾਂ ਯਾਰ, ਹੋਰ ਤਾਂ ਹੋਰ ਫਿਲਮੀ ਐਕਟਰਸਾਂ ਤੇ ਤਰ੍ਹਾਂ-ਤਰ੍ਹਾਂ ਦੀਆਂ ਮਾਡਲਾਂ ਦੇ ਅਸ਼ਲੀਲ ਫੋਟੋ ਪਾਠਕਾਂ ਅੰਦਰ ਗਲਤ ਪ੍ਰਵਿਰਤੀਆਂ ਜਗਾਉਂਦੇ ਹਨ।

ਤੀਜਾ ਅਖ਼ਬਾਰ : ਤਿੰਨ-ਤਿੰਨ ਸਾਲਾਂ ਦੀਆਂ ਮਾਸੂਮ ਬੱਚੀਆਂ ਨਾਲ ਬਲਾਤਕਾਰ, ਭਰੂਣ-ਹੱਤਿਆਵਾਂ, ਨਵ-ਵਿਆਹੁਤਾ ਦਾ ਸਹੁਰਿਆਂ ਵੱਲੋਂ ਮਾਰ ਦਿੱਤੇ ਜਾਣ ਦੀਆਂ ਵਾਰਦਾਤਾਂ। ਇਹੋ ਜਿਹੀਆਂ ਹੈਵਾਨਗੀ ਭਰੀਆਂ ਖ਼ਬਰਾਂ ਨਾਲ ਲੋਕਾਂ ਦੇ ਦਿਲ ਦਹਿਲ ਜਾਂਦੇ ਹਨ। ਕੀ ਸਿੱਖਿਆ ਦਿੰਦੇ ਹਾਂ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ?

ਚੌਥਾ ਅਖ਼ਬਾਰ : ਗੁਰੂ ਨਾਨਕ ਦੇਵ ਜੀ, ਮਹਾਤਮਾ ਬੁੱਧ, ਈਸਾ ਮਸੀਹ, ਸਵਾਮੀ ਦਇਆ ਨੰਦ ਵਰਗੀਆਂ ਹੋਰ ਮਹਾਨ ਆਤਮਾਵਾਂ ਬਾਰੇ ਸਮੱਗਰੀ, ਵਿਗਿਆਨ ਦੀਆਂ ਕਾਢਾਂ, ਸਿਹਤ ਬਾਰੇ, ਰਸੋਈ ਬਾਰੇ ਅਤੇ ਬੱਚਿਆਂ ਦੇ ਸੁੰਦਰ ਚਿੱਤਰ ਆਦਿ ਤਰ੍ਹਾਂ-ਤਰ੍ਹਾਂ ਦੀ ਜਾਣਕਾਰੀ ਵੀ ਤਾਂ ਹੁੰਦੀ ਹੈ ਅਖ਼ਬਾਰ ਵਿਚ। ਇਹ ਤਾਂ ਸਭ ਕੁਝ ਪਾਠਕ ਦੇ ਪੜ੍ਹਨ ਦੇ ਨਜ਼ਰੀਏ 'ਤੇ ਨਿਰਭਰ ਕਰਦਾ ਏ ਕਿ ਕਿਹੜਾ ਕੀ ਪੜ੍ਹਨਾ ਪਸੰਦ ਕਰਦਾ ਏ?

ਰਿੰਪੀ ਪਨੇਸਰ



# ਕਾਵਿ ਰਚਨਾ

## ਗਜ਼ਲਾਂ

ਪੱਥਰਾਂ ਵਿਚ ਵਹੇ, ਇਕ ਨਦੀ ਸਾਂਵਲੀ।
ਦਰਦ ਦਿਲ ਦਾ ਕਹੇ, ਇਕ ਨਦੀਂ ਸਾਂਵਲੀ।
ਪੀੜ ਜ਼ਖਮਾਂ ਦੀ ਮਹਿਣੇ, ਤੇ ਇਲਜ਼ਾਮ ਸਹਿ,
ਗਮ ਦੇ ਸਾਗਰ ਲੋਹੇ, ਇਕ ਨਦੀ ਸਾਂਵਲੀ।
ਮੈਂ ਜਦੋਂ ਵੀ ਲਿਖਾਂ, ਗੀਤ ਕੋਈ ਗਜ਼ਲ,
ਮਨ ਵਿਚ ਮੇਰੇ ਰਹੇ, ਇਕ ਨਦੀ ਸਾਂਵਲੀ।
ਹੌਕਿਆਂ ਨੂੰ ਦਬਾ, ਹੰਝੂਆਂ ਨੂੰ ਛੁਪਾ
ਹਰ ਸਿੱਤਮ ਨਿੱਤ ਸਹੇ, ਇਕ ਨਦੀ ਸਾਂਵਲੀ
ਜਾਣਦੇ ਹੋਏ ਵੀ, ਬਣ ਕੇ ਅਣਜਾਣ ਹੀ
ਕੁਝ ਨਾ ਬੋਲੇ ਕਹੇ, ਇਕ ਨਦੀ ਸਾਂਵਲੀ।
ਦਿਲ ਵਿਚ ਮੇਰੇ ਉਹ, ਹਰ ਵਾਰ ਜਾਵੇ ਉਤਰ
ਪਾਸ ਜਦ ਵੀ ਬਹੇ, ਇਕ ਨਦੀ ਸਾਂਵਲੀ।
ਕਾਸ਼ ਸਮਝੇ ਉਹ, ਜੋ ਉਸ ਨੂੰ ਕਹਿ ਨਾ ਸਕਾਂ,
ਬਣ ਕੇ ਮੇਰੀ ਰਹੇ, ਇਕ ਨਦੀ ਸਾਂਵਲੀ।

✲ ✲ ✲ ✲ ✲

ਹਰ ਮੋੜ ਮਕਤਲਾਂ ਨੇ ਹੋਰ ਚੌਕ ਕਤਲਗਾਹਾਂ,
ਕਿਧਰੇ ਵੀ ਜ਼ਿੰਦਗੀ ਨੂੰ ਨਹੀਂ ਮਿਲਦੀਆਂ ਪਨਾਹਾਂ
ਕਦਮਾਂ 'ਚ ਤੇਰੇ ਅਰਪਣ ਤਾਉਮਰ ਦੀ ਕਮਾਈ
ਅਸ਼ਕਾਂ ਦਾ ਇਕ ਸਮੁੰਦਰ ਲੱਖਾਂ ਹੀ ਸਰਦ ਆਹਾਂ।
ਦਰਵੇਸ਼ ਬੇਜ਼ੁਬਾਂ ਹਾਂ ਖਾਮੋਸ਼ ਚੀਕ ਮੇਰੀ,
ਦੁਨੀਆਂ ਨੂੰ ਨਾ ਸੁਣੇਗੀ ਕਿੰਨਾ ਵੀ ਮੈਂ ਕਰਾਹਾਂ
ਤਨ ਵੀ ਨਹੀਂ ਹੈ ਸਾਬਤ ਮਨ ਵੀ ਨਹੀਂ ਸਲਾਤਮ
ਤੇਰੀ ਪ੍ਰੀਤ ਲੈ ਤੂੰ ਅਣਲਿਖੇ ਨੂੰ ਸੁਣ ਲੈ ਤੂੰ ਅਦਕਹੇ ਨੂੰ
ਲੂ ਲੂ ਵਿਚ ਤਜ਼ਕਰਾ ਹੈ ਕਿੰਨਾ ਮੈਂ ਤੈਨੂੰ ਚਾਹਾਂ
ਸੁਣ ਲੈ ਪੁਕਾਰ ਮੇਰੀ ਖੰਭਾਂ 'ਚ ਤਾਣ ਭਰਦੇ
ਤੇਰੀ ਦੀਦਾਰ ਖਾਤਰ ਗਗਨਾਂਤਰਾਂ ਨੂੰ ਗਾਹਾਂ
ਅਜ਼ਲਾਂ ਤੋਂ ਮੁੰਤਜ਼ਿਰ ਹਾਂ ਆ ਮਿਲ ਹੁਣੇ ਹੀ ਵਰਨਾ
ਚੜ੍ਹਿਆ ਚਨਾਬ ਹਾਂ ਮੈਂ ਹੁਣ ਕਿੰਗਰੇ ਵੀ ਢਾਹਾਂ।

-ਡਾ. ਸਰਬਜੀਤ

✲ ✲ ✲ ✲ ✲

ਰਾਤ ਦਾ ਸੰਨਾਟਾ ਹੈ ਤੇ ਦਿਨ ਦੀ ਖਾਮੋਸ਼ੀ ਹੈ,
ਹਰਕਤ-ਏ-ਲਾਸ਼ ਹੈ ਤੇ ਰੂਹ ਦੀ ਬੇਹੋਸ਼ੀ ਹੈ।
ਕਬਰਾਂ ਦਾ ਰਾਜ ਦਿੱਤਾ ਪਰਜਾ ਨੇ ਮੁਰਦੇ,
ਕਿਹੋ-ਜਿਹਾ ਜਸ਼ਨ ਇਹ ਕੇਹੀ ਤਾਜਪੋਸ਼ੀ ਹੈ।
ਸੂਰਤ ਦਾ ਜੋ ਵੀ ਚੰਗਾ ਲੱਗੇ ਉਹੀ ਮਹਿਬੂਬ,
ਪਿਆਰ ਨਹੀਂ ਯਾਰੋ ਇਹ ਤਾਂ ਜਿਸਮਫਰੋਸ਼ੀ ਹੈ।
ਖ਼ਫਾ ਕੁਝ ਬੋਲਾਂ ਜੇ ਮੈਂ ਚੁੱਪ ਰਹਾਂ ਸੜਦੇ ਨੇ,
ਲੋਕਾਂ ਪੱਲੇ ਪਾਈ ਮੇਰੇ ਅਜ਼ਬ ਨਮੋਸ਼ੀ ਹੈ।
ਹਸ਼ਰ ਦੇ ਵੇਲੇ ਖੌਰੇ ਹਸ਼ਰ ਕੀ ਹੋਣਾ ਏ,
ਮਿਲੀ ਨਾ ਪਰਮਜੀਤ' ਖੁਸ਼ੀ ਜੋ ਵੀ ਲੋਚੀ ਹੈ।

# ਮਿੰਨੀ ਕਹਾਣੀਆਂ

## ਚੰਗੀ ਸਿਹਤ

ਇਕ ਪਿੰਡ ਵਿਚ ਇਕ ਸੇਠ ਰਹਿੰਦਾ ਸੀ। ਉਹ ਬਹੁਤ ਜ਼ਿਆਦਾ ਅਮੀਰ ਸੀ। ਸੇਠ ਦੇ ਇਕੋ ਔਲਾਦ ਹੋਣ ਕਰਕੇ ਸੇਠ ਉਸ ਦੀਆਂ ਸਾਰੀਆਂ ਫਰਮਾਇਸ਼ਾਂ ਪੂਰੀਆਂ ਕਰਦਾ ਸੀ। ਛੋਟੀ ਉਮਰ ਦਾ ਹੋਣ ਕਰਕੇ ਗੁਰਜੀਤ ਬਹੁਤ ਚਾਕਲੇਟ, ਆਈਸਕ੍ਰੀਮ, ਟੌਫੀਆਂ ਆਦਿ ਸ਼ੌਕ ਨਾਲ ਖਾਂਦਾ ਸੀ। ਸੇਠ ਨੂੰ ਪਤਾ ਸੀ ਕਿ ਇਹਸਭ ਕੁਝ ਖਾਣ ਨਾਲ ਉਸ ਦੇ ਦੰਦ ਅਤੇ ਸਿਹਤ ਖਰਾਬ ਹੋ ਜਾਵੇਗੀ। ਪਰ ਇਕੋ ਔਲਾਦ ਹੋਣ ਕਰਕੇ ਉਹ ਉਸ ਨੂੰ ਕੁਝ ਨਹੀਂ ਸੀ ਕਹਿੰਦਾ। ਸੇਠ ਦੀ ਪਤਨੀ ਉਸ ਨੂੰ ਬਹੁਤ ਸਮਝਾਉਂਦੀ ਸੀ। ਲੇਕਿਨ ਗੁਰਜੀਤ ਫਿਰ ਵੀ ਕੁਝ ਨਾ ਕੁਝ ਖਾਈ ਜਾਂਦਾ ਸੀ। ਉਹ ਕੋਈ ਵੀ ਕੰਮ ਆਪ ਨਹੀਂ ਸੀ ਕਰਦਾ। ਹਮੇਸ਼ਾ ਵਿਹਲਾ ਰਹਿੰਦਾ ਸੀ, ਜਿਸ ਕਾਰਨ ਉਸ ਦੀ ਸਿਹਤ ਵਿਗੜਦੀ ਜਾ ਰਹੀ ਸੀ।

ਇਕ ਰਾਤ ਉਸ ਨੇ ਸੁਪਨੇ ਵਿਚ ਦੇਖਿਆ ਕਿ ਇਕ ਜਾਦੂਗਰ ਉਸ ਦੇ ਕੋਲ ਆਉਂਦਾ ਹੈ ਅਤੇ ਕਹਿੰਦਾ ਹੈ ਕਿ ਗੁਰਜੀਤ ਤੂੰ ਤਿੰਨ ਸਾਲ ਦੇ ਬਾਅਦ ਮਰ ਜਾਵੇਂਗਾ। ਇਹ ਸੁਣ ਕੇ ਗੁਰਜੀਤ ਨੂੰ ਯਕੀਨ ਨਹੀਂ ਹੋਇਆ। ਫਿਰ ਉਸ ਨੇ ਪੁੱਛਿਆ ਕਿ ਕਿਉਂ? ਜਾਦੂਗਰ ਨੇ ਕਿਹਾ ਕਿ ਤੂੰ ਬਹੁਤ ਚਾਕਲੇਟ, ਆਈਸਕ੍ਰੀਮ ਖਾਂਦਾਂ ਏਂ ਤੇ ਤੇਰੇ ਮਾਤਾ-ਪਿਤਾ ਤੈਨੂੰ ਇਹ ਖਾਣ ਤੋਂ ਨਹੀਂ ਰੋਕਦੇ ਕਿਉਂਕਿ ਤੂੰ ਉਨ੍ਹਾਂ ਦੀ ਇਕੋ ਇਕ ਔਲਾਦ ਹੈਂ ਅਤੇ ਉਹ ਤੈਨੂੰ ਹਮੇਸ਼ਾ ਖੁਸ਼ ਦੇਖਣਾ ਚਾਹੁੰਦੇ ਹਨ। ਇਹ ਚੀਜ਼ਾਂ ਤੇਰੀ ਸਿਹਤ ਲਈ ਬਹੁਤ ਹਾਨੀਕਾਰਕ ਹਨ।

ਜੇਕਰ ਤੂੰ ਇਹ ਚੀਜ਼ਾਂ ਐਵੇਂ ਹੀ ਖਾਂਦਾ ਰਿਹਾ ਅਤੇ ਚੰਗਾ ਭੋਜਨ ਨਾ ਖਾਧਾ ਤਾਂ ਤੇਰੀ ਸਿਹਤ ਵਿਗੜ ਜਾਵੇਗੀ। ਫਿਰ ਗੁਰਜੀਤ ਨੂੰ ਇਹ ਗੱਲ ਸਮਝ ਵਿਚ ਆ ਗਈ ਅਤੇ ਉਸ ਨੇ ਵਚਨ ਲਿਆ ਕਿ ਅੱਗੇ ਤੋਂ ਚੰਗਾ ਭੋਜਨ ਖਾਇਆ ਕਰੇਗਾ।

ਉਸ ਨੇ ਇਹ ਗੱਲ ਆਪਣੇ ਮਾਤਾ-ਪਿਤਾ ਨੂੰ ਦੱਸੀ। ਉਸ ਨੇ ਇਹ ਗੱਲ ਆਪਣੇ ਦੋਸਤਾਂ ਨੂੰ ਵੀ ਦੱਸੀ ਅਤੇ ਕਿਹਾ ਕਿ ਅੱਗੇ ਤੋਂ ਉਹ ਵੀ ਚੰਗੀਆਂ ਚੀਜ਼ਾਂ ਖਾਣ ਤਾਂ ਕਿ ਤੁਸੀਂ ਵੀ ਸਿਹਤਮੰਦ ਰਹਿ ਸਕੋ।

– ਆਕਾਸ਼ਦੀਪ ਕੌਰ

# ਕਾਵਿ ਕਿਆਰੀ

## ਵੱਡਾ ਪੁੰਨ :-

ਮੈਂ ਵੇਖਦਾ ਹਾਂ ਤੂੰ, ਹਰ ਰੋਜ਼
ਗਊ ਨੂੰ ਆਟੇ ਦਾ ਪੇੜਾ ਜ਼ਰੂਰ
ਚਾਰਦੀ ਏਂ
ਮੈਨੂੰ ਪਤਾ ਹੈ
ਤੂੰ ਬਹੁਤ ਵੱਡਾ ਪੁੰਨ ਸਮਝਦੀ ਏਂ
ਗਊ ਨੂੰ ਪੇੜਾ ਚਾਰਨਾ
ਪਰ
ਤੇਰੇ ਪੜੌਸੀਆਂ ਦੇ ਮਾਸੂਮ ਬੱਚੇ
ਤੈਨੂੰ ਪਤਾ ਹੈ
ਰੋਜ਼ਾਨਾ ਹੀ
ਭੁੱਖਣ ਭਾਣੇ ਸੌਂਦੇ ਹਨ
ਤਰਸਦੇ ਨੇ ਏਸ ਆਟੇ ਨੂੰ
ਜੋ ਤੂੰ ਨਿੱਤ ਚਾਰਦੀ ਏਂ ਗਊ ਨੂੰ
ਕੀ ਤੂੰ ਕਿਸੇ ਇਨਸਾਨ ਨੂੰ
ਰੋਟੀ ਦੀ ਬੁਰਕੀ ਦੇਣੀ
ਪੁੰਨ ਨਹੀਂ ਸਮਝਦੀ
ਜ਼ਰਾ ਸੋਚ
ਭੁੱਖੇ ਇਨਸਾਨ ਨੂੰ ਰਜਾਉਣਾ
ਪੁੰਨ ਨਹੀਂ, ਕਿ ਪੁੰਨ ਹੈ
ਪੁੰਨ ਹੈ ਜਾਂ
ਗਊ ਨੂੰ ਪੇੜਾ ਚਾਰਨ ਤੋਂ ਵੀ ਵੱਡਾ ਪੁੰਨ
ਹੈ।

-ਬੇਅੰਤ ਗਿੱਲ

## ਮੁਖਾਤਿਬ

ਉਸ ਨੂੰ ਕਵਿਤਾ ਨੇ ਪੁੱਛਿਆ
ਤੂੰ ਕੌਣ ਏਂ?
ਬੰਦਾ ਇਸ ਦੇ ਇਵਜ਼
ਕੁਝ ਬੋਲਣਾ ਚਾਹ ਕੇ ਵੀ
ਨਾ ਬੋਲਿਆ
ਕਵਿਤਾ ਫਿਰ ਮੁਖਾਤਿਬ ਹੋਈ
ਮੇਰੇ ਲੋਕਾਂ ਦੇ ਕੋਈ ਮਾਅਨੇ ਨਹੀਂ?
ਤਾਂ ਬੰਦਾ ਰਤਾ ਘਬਰਾਇਆ
ਡਰਿਆ, ਪਰ ਉਪਰੋਂ
ਮੁਸਕਰਾਇਆ ਅਤੇ ਦਹਿਸ਼ਤ
ਵਰਗੇ
ਬੋਲਾਂ ਨਾਲ
ਹੋਇਆ ਕਵਿਤਾ ਨੂੰ ਸੰਬੋਧਨ
ਐ ਕਵਿਤਾ, ਤੋੜ ਦਿਆਂਗਾ
ਮੈਂ ਤੇਰਾ ਭਰਮ
ਮੇਰੇ ਆਪਣੇ ਕਰਮ ਤੇਰਾ
ਆਪਣਾ
ਧਰਮ ਕਵਿਤਾ
ਇਸ ਦੇ ਇਵਜ਼ ਸ਼ਰਮਾਈ
ਥੋੜ੍ਹਾ ਮੁਸਕਰਾਈ
ਵੀ ਅਤੇ ਜ਼ਮੀਨ ਤੋਂ ਲਈ ਉਸ
ਨੇ ਅੰਬਰ ਦੀ ਉਡਾਨ
ਧਰਤ ਬਣੀ ਕਬਰਿਸਤਾਨ।...

# ਗੁਰੂਆਂ ਤੇ ਮਹਾਪੁਰਖਾਂ ਦੀ ਯਾਦਗਾਰ, ਸੰਘਰਸ਼ ਤੇ ਆਦਰਸ਼ਾਂ ਨੂੰ ਨੌਜਵਾਨਾਂ ਤੱਕ ਪਹੁੰਚਾਉਣਾ ਜ਼ਰੂਰੀ : ਕਨਵਰ ਪਾਲ

**ਕੌਮੀ ਪੱਤ੍ਰਿਕਾ**

ਵਿਆਸਪੁਰ/ਯਮੁਨਾਨਗਰ 6 ਮਾਰਚ। ਅਮਰ ਸ਼ਹੀਦ ਬਾਬਾ ਬੰਦਾ ਸਿੰਘ ਬਹਾਦੁਰ ਵੱਲੋਂ ਸਥਾਪਿਤ ਪਹਿਲੇ ਸਿੱਖ ਰਾਜ ਦੀ ਰਾਜਧਾਨੀ ਲੋਹਗੜ੍ਹ, ਜ਼ਿਲ੍ਹਾ ਯਮੁਨਾਨਗਰ ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਮੈਮੋਰੀਅਲ ਦੀ ਨਿਰਮਾਣ ਸੇਵਾ ਦਾ ਕਾਰਜ ਆਰੰਭ ਕੀਤਾ ਗਿਆ। ਗੁਰਬਾਣੀ ਦੇ ਪਾਠ ਉਪਰੰਤ ਅਰਦਾਸ ਕੀਤੀ ਗਈ ਅਤੇ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ"ਦੇ ਜੈਕਾਰਿਆਂ ਦੀ ਗੂੰਜ ਵਿਚ ਪੰਜ ਪਿਆਰਿਆਂ ਨੇ ਆਪਣੇ ਕਰ ਕਮਲਾਂ ਨਾਲ ਪੰਜ ਇੱਟਾਂ ਰੱਖ ਕੇ ਨਿਰਮਾਣ ਸੇਵਾ ਦੀ ਸ਼ੁਰੂਆਤ ਕੀਤੀ। ਇਸ ਮੌਕੇ ਗੁਰੂ ਸਾਹਿਬਾਨ, ਬੰਦਾ ਸਿੰਘ ਬਹਾਦੁਰ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਜੀਵਨ ਅਤੇ ਸ਼ਾਸਨ ਕਾਲ ਦੌਰਾਨ ਅਪਣਾਈ ਗਈ ਸਾਰੇ ਧਰਮਾਂ ਪ੍ਰਤੀ ਸਮਾਨ ਸਤਿਕਾਰ ਦੀ ਭਾਵਨਾ ਦੇ ਤਹਿਤ ਸਨਾਤਨ ਧਰਮ ਨਾਲ ਸੰਬੰਧਿਤ ਵਿਦਵਾਨ ਪੰਡਿਤ ਜੀ ਨੇ ਵੀ ਇੱਟ ਰੱਖ ਕੇ ਆਪਸੀ ਸਾਂਝ ਅਤੇ ਭਾਈਚਾਰੇ ਦੀ ਨੀਂਹ ਹੋਰ ਮਜ਼ਬੂਤ ਕੀਤੀ। ਬਾਬਾ ਬੰਦਾ ਸਿੰਘ ਬਹਾਦੁਰ ਲੋਹਗੜ੍ਹ ਫਾਊਂਡੇਸ਼ਨ ਦੇ ਸੰਸਥਾਪਕ ਅਤੇ ਚੇਅਰਮੈਨ ਮਾਣਯੋਗ ਮਨੋਹਰ ਲਾਲ ਖੱਟਰ ਜੀ, ਜਿਨ੍ਹਾਂ ਦੀ ਧਾਰਮਿਕ ਨਿਸ਼ਠਾ ਅਤੇ ਦੂਰਦਰਸ਼ਤਾ ਨਾਲ ਇਸ ਮੈਮੋਰੀਅਲ ਦੀ ਰੂਪਰੇਖਾ ਤਿਆਰ ਹੋਈ। ਉਨ੍ਹਾਂ ਵੱਲੋਂ ਅਤੇ ਹਰਿਆਣਾ ਸਰਕਾਰ ਦੇ ਸਾਬਕਾ ਮੰਤਰੀ ਅਤੇ ਫਾਊਂਡੇਸ਼ਨ ਦੇ ਟਰੱਸਟੀ ਕਨਵਰ ਪਾਲ ਜੀ ਨੇ ਵੀ ਇੱਟ ਰੱਖ ਕੇ ਸ਼ਹੀਦਾਂ ਪ੍ਰਤੀ ਸ਼ਰਧਾ ਪ੍ਰਗਟ ਕੀਤੀ। ਓਐਸਡੀ ਪ੍ਰਭਲੀਨ ਸਿੰਘ, ਕੈਥਲ ਨਿਵਾਸੀ ਟਰੱਸਟੀ ਡਾ. ਸ਼ਿਵ ਸ਼ੰਕਰ ਸਿੰਘ ਪਾਹਵਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ



ਕਮੇਟੀ ਦੇ ਮੈਂਬਰ ਬਲਦੇਵ ਸਿੰਘ ਕਾਇਮਪੁਰੀ ਨੇ ਵੀ ਇੱਟਾਂ ਰੱਖ ਕੇ ਸੇਵਾ ਪ੍ਰਤੀ ਆਪਣੀ ਵਚਨਬੱਧਤਾ ਜਤਾਈ। ਸਰਕਾਰੀ ਅਧਿਕਾਰੀ, ਆਸ-ਪਾਸ ਦੇ ਪਿੰਡਾਂ ਦੇ ਨਿਵਾਸੀ ਅਤੇ ਬਿਲਾਸਪੁਰ ਤੇ ਯਮੁਨਾਨਗਰ ਦੇ ਸ਼ਰਧਾਲੂਆਂ ਨੇ ਵੀ ਆਪਣੇ ਭਾਵ ਪ੍ਰਗਟ ਕੀਤੇ। ਲੋਹਗੜ੍ਹ ਵਾਸਤਵ ਵਿੱਚ ਇਕ ਅਜਿਹਾ ਇਤਿਹਾਸਕ ਸਥਾਨ ਹੈ ਜਿੱਥੇ ਹਰ ਕੋਈ ਨਤਮਸਤਕ ਹੁੰਦਾ ਹੈ। ਸੰਨ 1710 ਵਿੱਚ ਸਰਹਿੰਦ ਉੱਤੇ ਜਿੱਤ ਹਾਸਲ ਕਰਨ ਉਪਰੰਤ ਬਾਬਾ ਬੰਦਾ ਸਿੰਘ ਬਹਾਦੁਰ ਨੇ ਪਹਿਲੇ ਸਿੱਖ ਰਾਜ ਦੀ ਘੋਸ਼ਣਾ ਕਰਕੇ ਮੁਗਲ ਸ਼ਾਸਨ ਨੂੰ ਪੰਜਾਬ ਦੀ ਧਰਤੀ ਤੋਂ ਖਦੇੜਿਆ ਅਤੇ ਲੋਹਗੜ੍ਹ ਨੂੰ ਰਾਜਧਾਨੀ ਘੋਸ਼ਿਤ ਕੀਤਾ। ਇੱਥੋਂ ਸੁਤੰਤਰ ਸਿੱਖ ਰਾਜ ਦੇ ਸਿੱਕੇ ਅਤੇ ਰਾਜ ਆਦੇਸ਼ਾਂ ਲਈ ਮੋਹਰ ਜਾਰੀ ਕਰਕੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਹਲੀਮੀ ਰਾਜ ਦੇ ਸੁਪਨੇ ਨੂੰ ਸਾਕਾਰ ਕੀਤਾ ਗਿਆ। ਤਿੰਨ ਸਦੀਆਂ ਬਾਅਦ ਇਸ ਪਵਿੱਤਰ ਸਥਾਨ ਦੇ ਇਤਿਹਾਸਕ ਮਹੱਤਵ ਨੂੰ ਦੁਬਾਰਾ ਜਾਗਰੂਕ ਕਰਨ ਦਾ ਸਿਹਰਾ ਕੇਂਦਰੀ ਮੰਤਰੀ ਮਨੋਹਰ ਲਾਲ ਜੀ ਨੂੰ ਜਾਂਦਾ ਹੈ। ਲੋਹਗੜ੍ਹ ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਦੇ ਜੀਵਨ ਅਤੇ ਵਿਲੱਖਣ ਸ਼ਹਾਦਤ 'ਤੇ ਆਧਾਰਿਤ ਮਿਊਜ਼ੀਅਮ, ਮਾਰਸ਼ਲ ਆਰਟ ਅਕੈਡਮੀ, ਸਮੂਹਿਕ ਕੇਂਦਰ, ਬਾਬਾ ਜੀ ਦੀ ਪ੍ਰਤਿਮਾ, ਉਪਲਬਧ ਸ਼ਸਤਰਾਂ ਅਤੇ ਸਿੱਕਿਆਂ ਦੀਆਂ ਪ੍ਰਤਿਮੂਰਤੀਆਂ ਅਤੇ ਉਨ੍ਹਾਂ ਦੇ ਜੀਵਨ 'ਤੇ ਆਧਾਰਿਤ ਲਾਈਟ ਐਂਡ ਸਾਊਂਡ ਪ੍ਰੋਗਰਾਮ ਬਣਾਉਣ ਦੀ ਯੋਜਨਾ ਹੈ। ਸਾਬਕਾ ਮੰਤਰੀ ਅਤੇ ਬਾਬਾ ਬੰਦਾ ਸਿੰਘ ਬਹਾਦੁਰ ਨਿਗਰਾਨੀ ਕਮੇਟੀ ਦੇ ਚੇਅਰਮੈਨ ਕਨਵਰ ਪਾਲ ਗੁਰਜਰ ਨੇ ਕਿਹਾ ਕਿ ਮੌਜੂਦਾ ਕੇਂਦਰੀ ਮੰਤਰੀ ਅਤੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਦੇ ਵਿਸ਼ੇਸ਼ ਯਤਨਾਂ ਨਾਲ ਬਾਬਾ ਬੰਦਾ ਸਿੰਘ ਬਹਾਦੁਰ ਲੋਹਗੜ੍ਹ ਫਾਊਂਡੇਸ਼ਨ ਟਰੱਸਟ ਦੀ ਸਥਾਪਨਾ ਹੋਈ ਅਤੇ ਇਸ ਇਤਿਹਾਸਕ ਸਥਾਨ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਗੁਰੂਆਂ ਅਤੇ ਮਹਾਂਪੁਰਖਾਂ ਦੀ ਯਾਦਗਾਰ, ਸੰਘਰਸ਼ ਅਤੇ ਆਦਰਸ਼ਾਂ ਨੂੰ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਅਸਲੀ ਇਤਿਹਾਸ ਨਾਲ ਜਾਣੂ ਹੋ ਸਕਣ। ਸਰਕਾਰ ਵੱਲੋਂ ਗੁਰੂਆਂ ਅਤੇ ਮਹਾਂਪੁਰਖਾਂ ਦੀਆਂ ਜੀਵਨੀਆਂ ਨੂੰ ਸਕੂਲੀ ਪੁਸਤਕਾਂ ਵਿੱਚ ਵੀ ਸ਼ਾਮਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਲੋਹਗੜ੍ਹ ਸਮਾਰਕ ਦੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤਾਂ ਜੋ ਮੌਜੂਦਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਬਾਬਾ ਬੰਦਾ ਸਿੰਘ ਬਹਾਦੁਰ ਦੇ ਜੀਵਨ, ਸੰਘਰਸ਼ ਅਤੇ ਸ਼ਹਾਦਤ ਬਾਰੇ ਜਾਣ ਸਕਣ। ਉਨ੍ਹਾਂ ਦੱਸਿਆ ਕਿ ਹਰਿਆਣਾ ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਨਾਲ ਸੰਬੰਧਿਤ ਕਈ ਸਥਾਨ ਹਨ। ਉਹ ਸਿੱਖ ਸੈਨਾਨਾਇਕ ਸਨ ਅਤੇ ਪਹਿਲੇ ਅਜਿਹੇ ਸਿੱਖ ਸਨ ਜਿਨ੍ਹਾਂ ਨੇ ਮੁਗਲਾਂ ਨੂੰ ਹਰਾ ਕੇ ਉਨ੍ਹਾਂ ਦੇ ਵਿਜੇਤਾ ਹੋਣ ਦੇ ਭਰਮ ਨੂੰ ਤੋੜਿਆ। ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ 'ਤੇ ਉਹ ਪੰਜਾਬ ਆਏ ਅਤੇ ਸਿੱਖਾਂ ਦੇ ਸਹਿਯੋਗ ਨਾਲ ਸਢੌਰਾ, ਸਰਹਿੰਦ ਅਤੇ ਰਾਹੋਂ ਸਮੇਤ ਕਈ ਸਥਾਨਾਂ 'ਤੇ ਜਿੱਤ ਪ੍ਰਾਪਤ ਕਰਦੇ ਹੋਏ ਸਤਲੁਜ ਦਰਿਆ ਦੇ ਦੱਖਣ ਸਿੱਖ ਰਾਜ ਦੀ ਸਥਾਪਨਾ ਕੀਤੀ। ਉਨ੍ਹਾਂ ਖਾਲਸਾ ਦੇ ਨਾਮ 'ਤੇ ਸ਼ਾਸਨ ਕੀਤਾ ਅਤੇ ਗੁਰੂਆਂ ਦੇ ਨਾਮ ਦੇ ਸਿੱਕੇ ਚਲਵਾਏ। ਬਾਬਾ ਬੰਦਾ ਸਿੰਘ ਬਹਾਦੁਰ ਨੇ ਜ਼ਮੀਦਾਰੀ ਪ੍ਰਥਾ ਦਾ ਅੰਤ ਕਰਕੇ ਕਿਸਾਨਾਂ ਨੂੰ ਜ਼ਮੀਨਾਂ ਵੰਡੀਆਂ ਅਤੇ ਉਨ੍ਹਾਂ ਨੂੰ ਜਾਗੀਰਦਾਰਾਂ ਦੀ ਗੁਲਾਮੀ ਤੋਂ ਮੁਕਤੀ ਦਿਵਾਈ।

## 22 ਸਾਲਾ ਨੌਜਵਾਨ ਨੇ ਕੀਤੀ ਖ਼ੁਦਕੁਸ਼ੀ, 2 ਸਾਲ ਪਹਿਲਾਂ ਛੋਟੇ ਭਰਾ ਨੇ ਵੀ ਗਲ? ਲਾ ਲਈ ਸੀ ਮੌਤ

ਲੁਧਿਆਣਾ 6 ਮਾਰਚ। ਮਹਾਨਗਰ ਦੇ ਸਲੇਮ ਟਾਬਰੀ ਇਲਾਕੇ ਅਧੀਨ ਆਉਂਦੀ ਗਗਨਦੀਪ ਕਲੋਨੀ (ਭਾਟੀਆ ਇਲਾਕਾ) ਵਿਚ ਸੋਮਵਾਰ ਦੀ ਸਵੇਰ ਉਸ ਵਕਤ ਚੀਕ-ਚਿਹਾੜਾ ਮਚ ਗਿਆ, ਜਦੋਂ ਇਕ 22 ਸਾਲਾ ਨੌਜਵਾਨ ਦੀ ਲਾਸ਼ ਉਸ ਦੇ ਕਮਰੇ ਵਿਚ ਪੱਖੇ ਨਾਲ ਲਟਕਦੀ ਪਾਈ ਗਈ। ਮ੍ਰਿਤਕ ਦੀ ਪਛਾਣ ਵਿਕਾਸ ਵਜੋਂ ਹੋਈ ਹੈ, ਜਿਸ ਦੀ ਮੌਤ ਨੇ ਪੂਰੇ ਇਲਾਕੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਘਟਨਾ ਵਿਚ ਸਭ ਤੋਂ ਹੈਰਾਨ ਕਰਨ ਵਾਲੀ ਅਤੇ ਦੁਖਦਾਈ ਗੱਲ ਇਹ ਰਹੀ ਕਿ ਠੀਕ ਦੋ ਸਾਲ ਪਹਿਲਾਂ ਵਿਕਾਸ ਦੇ ਛੋਟੇ ਭਰਾ ਨੇ ਵੀ ਇਸੇ ਤਰ੍ਹਾਂ ਮੌਤ ਨੂੰ ਗਲੇ ਲਗਾ ਲਿਆ ਸੀ। ਅਜੇ ਪਰਿਵਾਰ ਉਸ ਪੁਰਾਣੇ ਜ਼ਖਮ ਤੋਂ ਉੱਭਰ ਵੀ ਨਹੀਂ ਪਾਇਆ ਸੀ ਕਿ ਘਰ ਦੇ ਦੂਜੇ ਚਿਰਾਗ ਨੇ ਵੀ ਇਹ ਖ਼ੌਫ਼ਨਾਕ ਕਦਮ ਚੁੱਕ ਲਿਆ। ਮਿਲੀ ਜਾਣਕਾਰੀ ਅਨੁਸਾਰ, ਸੋਮਵਾਰ ਸਵੇਰੇ ਕਰੀਬ 8:30 ਵਜੇ ਤੱਕ ਜਦੋਂ ਵਿਕਾਸ ਆਪਣੇ ਕਮਰੇ ਵਿਚੋਂ ਬਾਹਰ ਨਹੀਂ ਨਿਕਲਿਆ, ਤਾਂ ਉਸ ਦੇ ਪਿਤਾ ਉਸ ਨੂੰ ਦੇਖਣ ਲਈ ਉੱਪਰ ਬਣੇ ਕਮਰੇ ਵਿਚ ਗਏ। ਦਰਵਾਜ਼ਾ ਅੰਦਰੋਂ ਬੰਦ ਹੋਣ ਅਤੇ ਬਾਰ-ਬਾਰ ਆਵਾਜ਼ ਦੇਣ 'ਤੇ ਵੀ ਕੋਈ ਜਵਾਬ ਨਾ ਮਿਲਣ 'ਤੇ ਪਿਤਾ ਦਾ ਮੱਥਾ ਠਣਕਿਆ। ਸ਼ੋਰ ਮਚਾਉਣ 'ਤੇ ਇਕੱਠੇ ਹੋਏ ਗੁਆਂਢੀਆਂ ਦੀ ਮਦਦ ਨਾਲ ਜਦੋਂ ਦਰਵਾਜ਼ਾ ਤੋੜਿਆ ਗਿਆ, ਤਾਂ ਅੰਦਰ ਦਾ ਮੰਜ਼ਰ ਦੇਖ ਕੇ ਸਭ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਵਿਕਾਸ ਦੀ ਲਾਸ਼ ਪੱਖੇ ਦੇ ਸਹਾਰੇ ਫਾਹੇ ਨਾਲ ਝੂਲ ਰਹੀ ਸੀ। ਪੇਸ਼ੇ ਤੋਂ ਦਰਜ਼ੀ ਵਿਕਾਸ ਆਪਣੇ ਪਰਿਵਾਰ ਦਾ ਵੱਡਾ ਸਹਾਰਾ ਸੀ, ਜਿਸ ਦੇ ਪਿੱਛੇ ਹੁਣ ਉਸ ਦੇ ਬਜ਼ੁਰਗ ਪਿਤਾ, ਪਤਨੀ ਅਤੇ ਇਕ ਛੋਟਾ ਬੇਟਾ ਰਹਿ ਗਏ ਹਨ। ਲੋਕਾਂ ਦਾ ਕਹਿਣਾ ਹੈ ਕਿ ਦੋ ਸਾਲ ਪਹਿਲਾਂ ਛੋਟੇ ਬੇਟੇ ਦੀ ਮੌਤ ਦੇ ਸਦਮੇ ਨੇ ਪਰਿਵਾਰ ਨੂੰ ਪਹਿਲਾਂ ਹੀ ਤੋੜ ਦਿੱਤਾ ਸੀ ਅਤੇ ਹੁਣ ਵਿਕਾਸ ਦੇ ਇਸ ਕਦਮ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਉਜਾੜ ਦਿੱਤਾ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਸਲੇਮ ਟਾਬਰੀ ਦੀ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਸਥਿਤੀ ਦਾ ਜਾਇਜ਼ਾ ਲਿਆ।

## ਬੀਬੀ ਜਗੀਰ ਕੌਰ ਦੀ ਵਿਗੜੀ ਸਿਹਤ, ਕਿਹਾ 'ਪਾਵਰ ਵੇਲੇ ਸਾਰੀ ਦੁਨੀਆ, ਔਖੇ ਵੇਲੇ ਕੋਈ ਬਾਤ ਤਕ ਨਹੀਂ ਪੁੱਛਦਾ'

ਕਪੂਰਥਲਾ 6 ਮਾਰਚ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਇਕ ਬਹੁਤ ਹੀ ਭਾਵੁਕ ਸਪੀਚ ਰਾਹੀਂ ਆਪਣੀ ਮੌਜੂਦਾ ਹਾਲਤ ਅਤੇ ਸਮਾਜਿਕ ਵਤੀਰੇ 'ਤੇ ਡੂੰਘੀ ਚੋਟ ਕੀਤੀ ਹੈ। ਪਿਛਲੇ ਪੰਜ ਮਹੀਨਿਆਂ ਤੋਂ ਬੀਮਾਰੀ ਨਾਲ ਜੂਝ ਰਹੇ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਸਿਹਤ ਠੀਕ ਨਾ ਹੋਣ ਕਾਰਨ ਉਹ ਇੰਨੇ



ਲੰਬੇ ਸਮੇਂ ਤੋਂ ਆਪਣੇ ਘਰੋਂ ਬਾਹਰ ਨਹੀਂ ਨਿਕਲ ਸਕੇ। ਬੀਬੀ ਜਗੀਰ ਕੌਰ ਨੇ ਸੱਤਾ ਅਤੇ ਮਾੜੇ ਸਮੇਂ ਦੇ ਅੰਤਰ ਨੂੰ ਬਿਆਨ ਕਰਦਿਆਂ ਕਿਹਾ ਕਿ ਜਦੋਂ ਇਨਸਾਨ ਕੋਲ ਪਾਵਰ ਹੁੰਦੀ ਹੈ ਤਾਂ ਸਾਰੀ ਦੁਨੀਆ ਉਸ ਦੇ ਪਿੱਛੇ ਹੁੰਦੀ ਹੈ ਪਰ ਦੁੱਖ ਦੇ ਸਮੇਂ ਬਹੁਤ ਹੀ ਵਿਰਲੇ ਲੋਕ ਬਾਤ ਪੁੱਛਦੇ ਹਨ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਅੱਜ ਦੇ ਦੌਰ ਵਿਚ ਲੋਕ ਜਾਂ ਤਾਂ ਆਪਣੇ ਕੰਮਾਂ-ਕਾਰਾਂ ਵਿਚ ਬਹੁਤ ਜ਼ਿਆਦਾ ਰੁੱਝੇ ਹੋਏ ਹਨ ਜਾਂ ਫਿਰ ਸਰਕਾਰੀ ਗ੍ਰਾਂਟਾਂ ਨਾਲ ਬੱਝੇ ਹੋਏ ਹਨ, ਜਿਸ ਕਾਰਨ ਉਹ ਦੂਜਿਆਂ ਦੇ ਦੁੱਖ-ਸੁੱਖ ਤੋਂ ਦੂਰ ਹੋ ਰਹੇ ਹਨ। ਬੀਬੀ ਜਗੀਰ ਕੌਰ ਨੇ ਭਾਵੁਕ ਹੁੰਦਿਆਂ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੀ ਜਲਦੀ ਸਿਹਤਯਾਬੀ ਲਈ ਅਰਦਾਸ ਕਰਨ।

## 'ਆਪ੍ਰੇਸ਼ਨ ਪ੍ਰਹਾਰ' ਦੀ ਨਿਕਲੀ ਫੂਕ ! ਪੰਜਾਬ 'ਚ ਲੁਕਿਆ ਬੈਠਾ ਸੀ ਅਮਰੀਕਾ ਤੋਂ ਪਰਤਿਆ ਗੈਂਗਸਟਰ, ਦਿੱਲੀ ਪੁਲਸ ਨੇ ਕੀਤਾ ਗ੍ਰਿਫ਼ਤਾਰ

ਲੁਧਿਆਣਾ 6 ਮਾਰਚ। ਦਿੱਲੀ ਦੇ ਇਕ ਕਾਰੋਬਾਰੀ ਤੋਂ ਕਰੋੜਾਂ ਰੁਪਏ ਦੀ ਫਿਰੌਤੀ ਮੰਗਣ ਵਾਲੇ ਖਤਰਨਾਕ (ਕੈਟਾਗਰੀ-ਬੀ) ਗੈਂਗਸਟਰ ਪੰਕਜ ਰਾਜਪੂਤ ਨੂੰ ਦਿੱਲੀ ਪੁਲਸ ਦੀ ਸਪੈਸਲ ਸੈੱਲ ਨੇ ਲੁਧਿਆਣਾ ਦੇ ਜਮਾਲਪੁਰ ਸਥਿਤ ਪੁਨੀਤ ਨਗਰ ਵਿਚ ਗ੍ਰਿਫ਼ਤਾਰ ਕਰ ਲਿਆ ਹੈ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਲਗਭਗ 16 ਤੋਂ ਵੱਧ ਅਪਰਾਧਿਕ ਮਾਮਲਿਆਂ ਵਿਚ ਨਾਮਜਦ ਇਹ ਖਤਰਨਾਕ ਅਪਰਾਧੀ ਪਿਛਲੇ ਪੰਜ ਦਿਨਾਂ ਤੋਂ ਆਪਣੇ ਇਕ ਰਿਸਤੇਦਾਰ ਦੇ ਘਰ ਬੇਖੌਫ ਬੈਠਾ ਹੋਇਆ ਸੀ ਅਤੇ 72 ਘੰਟਿਆਂ ਤੋਂ 'ਆਪ੍ਰੇਸਨ ਪ੍ਰਹਾਰ' ਚਲਾ ਰਹੀ ਲੁਧਿਆਣਾ ਪੁਲਸ ਨੂੰ ਇਸ ਦੀ ਭਿਣਕ ਤੱਕ ਨਹੀਂ ਲੱਗੀ। ਪੰਕਜ ਰਾਜਪੂਤ ਦਾ ਅਪਰਾਧਿਕ ਰਿਕਾਰਡ ਬਹੁਤ ਖੌਫਨਾਕ ਹੈ, ਉਸ ਦਾ ਗੋਲਡੀ ਬਰਾੜ ਅਤੇ ਰੋਹਿਤ ਗੋਦਾਰਾ ਵਰਗੇ ਵੱਡੇ ਗੈਂਗਾਂ ਨਾਲ ਸਿੱਧਾ ਸਬੰਧ ਹੈ ਅਤੇ ਉਹ ਲੰਬੇ ਸਮੇਂ ਤੋਂ ਪੁਲਸ ਦੀਆਂ ਅੱਖਾਂ ਵਿਚ ਧੂੜ ਪਾ ਰਿਹਾ ਸੀ। ਸਾਲ 2023 ਵਿਚ ਜਮਾਨਤ 'ਤੇ ਛੁੱਟਣ ਤੋਂ ਬਾਅਦ ਉਹ ਚਕਮਾ ਦੇ ਕੇ ਅਮਰੀਕਾ ਫਰਾਰ ਹੋ ਗਿਆ ਸੀ, ਪਰ ਉੱਥੋਂ ਪਰਤ ਕੇ ਉਹ ਫਿਰ ਤੋਂ ਪੰਜਾਬ ਵਿਚ ਆਪਣਾ ਨੈੱਟਵਰਕ ਸਰਗਰਮ ਕਰਨ ਵਿਚ ਜੁਟ ਗਿਆ। ਰਾਜਪੂਤ ਦੇ ਖ਼?ਲਾਫ ਲੁਧਿਆਣਾ ਦੇ ਵੱਖ-ਵੱਖ ਥਾਣਿਆਂ ਸਮੇਤ ਸੰਗਰੂਰ, ਫਿਰੋਜਪੁਰ ਅਤੇ ਬਠਿੰਡਾ ਵਿਚ ਗੰਭੀਰ ਮਾਮਲੇ ਦਰਜ ਹਨ। ਇੰਨਾ ਹੀ ਨਹੀਂ, ਸਾਲ 2019 ਵਿਚ ਜਦੋਂ ਉਹ ਲੁਧਿਆਣਾ ਕੇਂਦਰੀ ਜੇਲ੍ਹ ਵਿਚ ਬੰਦ ਸੀ, ਉਦੋਂ ਵੀ ਉਸ ਕੋਲੋਂ ਮੋਬਾਈਲ ਫੋਨ ਬਰਾਮਦ ਹੋਇਆ ਸੀ, ਜਿਸ ਤੋਂ ਸਾਫ ਹੁੰਦਾ ਹੈ ਕਿ ਸਲਾਖਾਂ ਦੇ ਪਿੱਛੇ ਰਹਿ ਕੇ ਵੀ ਉਸ ਦਾ ਦਬਦਬਾ ਘੱਟ ਨਹੀਂ ਹੋਇਆ ਸੀ। ਸੂਤਰਾਂ ਦਾ ਕਹਿਣਾ ਹੈ ਕਿ ਪੰਕਜ ਰਾਜਪੂਤ ਦਾ ਨਾਂ ਕਈ ਪੁਰਾਣੇ ਮਾਮਲਿਆਂ ਵਿਚ ਫੜੇ ਗਏ ਮੁਲਜਮਾਂ ਦੀ ਪੁੱਛਗਿੱਛ ਵਿਚ ਸਾਹਮਣੇ ਆਉਂਦਾ ਰਿਹਾ ਹੈ, ਚਾਹੇ ਉਹ ਮੁਕਲ ਮੱਟੂ ਤੋਂ ਬਰਾਮਦ ਹੋਈ 1 ਕਿੱਲੋ ਤੋਂ ਵੱਧ ਹੈਰੋਇਨ ਹੋਵੇ ਜਾਂ ਜਗਰਾਓਂ ਮੁਕਾਬਲੇ ਵਿਚ ਫੜਿਆ ਗਿਆ ਰੋਸਨ ਸਿੰਘ, ਇਨ੍ਹਾਂ ਸਾਰਿਆਂ ਦੀਆਂ ਤਾਰਾਂ ਪੰਕਜ ਰਾਜਪੂਤ ਨਾਲ ਹੀ ਜੁੜੀਆਂ ਹੋਈਆਂ ਸਨ। ਦੱਸਿਆ ਜਾ ਰਿਹਾ ਹੈ ਕਿ ਰਾਜਪੂਤ ਦਾ ਅਸਲੀ ਨੈੱਟਵਰਕ ਦਰੇਸੀ ਮੈਦਾਨ ਦੇ ਆਸ-ਪਾਸ ਦੇ ਇਲਾਕਿਆਂ ਵਿਚ ਫੈਲਿਆ ਹੋਇਆ ਹੈ, ਜਿੱਥੇ ਦਾ ਇਕ ਸਥਾਨਕ ਗੈਂਗਸਟਰ ਉਸ ਲਈ ਜਮੀਨ ਤਿਆਰ ਕਰਦਾ ਸੀ। ਹੁਣ ਦਿੱਲੀ ਪੁਲਸ ਦੀ ਪੁੱਛਗਿੱਛ ਵਿਚ ਇਸ ਅੰਤਰਰਾਜੀ ਡਰੱਗ ਅਤੇ ਹਥਿਆਰ ਤਸਕਰੀ ਨੈੱਟਵਰਕ ਨਾਲ ਜੁੜੇ ਕਈ ਵੱਡੇ ਸਫੇਦਪੋਸਾਂ ਅਤੇ ਹੋਰ ਗੈਂਗਸਟਰਾਂ ਦੇ ਨਾਂ ਸਾਹਮਣੇ ਆਉਣ ਦੀ ਸੰਭਾਵਨਾ ਹੈ।

## 'ਮੇਰੀ ਰਸੋਈ' ਯੋਜਨਾ ਚੋਣੀ ਜੁਮਲਾ, ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼: ਮਨੋਰੰਜਨ ਕਾਲੀਆ

**ਕੌਮੀ ਪੱਤ੍ਰਿਕਾ**

ਚੰਡੀਗੜ੍ਹ 6 ਮਾਰਚ। ਪੰਜਾਬ ਦੇ ਸਾਬਕਾ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਮਨੋਰੰਜਨ ਕਾਲੀਆ ਨੇ ਅੱਜ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਐਲਾਨੀ ਗਈ "ਮੇਰੀ ਰਸੋਈ"ਯੋਜਨਾ 'ਤੇ ਤਿੱਖਾ ਹਮਲਾ ਕਰਦਿਆਂ ਇਸਨੂੰ ਚੋਣੀ ਸਾਲ ਵਿੱਚ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਾਰ ਦਿੱਤਾ। ਕਾਲੀਆ ਨੇ ਕਿਹਾ, "ਇਸ ਚੋਣੀ ਸਾਲ ਵਿੱਚ ਆਪ ਸਰਕਾਰ 'ਮੇਰੀ ਰਸੋਈ' ਨਾਂ ਦੀ ਨਵੀਂ ਸਕੀਮ ਲੈ ਕੇ ਆਈ ਹੈ, ਜਿਸ ਤਹਿਤ 40 ਲੱਖ ਪਰਿਵਾਰਾਂ ਨੂੰ ਦਾਲ, ਚੀਨੀ, ਹਲਦੀ, ਨਮਕ ਅਤੇ ਤੇਲ ਦੇਣ ਦਾ ਦਾਅਵਾ ਕੀਤਾ ਜਾ ਰਿਹਾ ਹੈ, ਜਿਸ ਨਾਲ 1.33 ਕਰੋੜ ਲੋਕ ਕਵਰ ਹੋਣਗੇ। ਇਹ ਸਿਰਫ਼ ਚੋਣਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਹੈ। ਉਨ੍ਹਾਂ ਅੱਗੇ ਕਿਹਾ, "ਇਸ ਤੋਂ ਪਹਿਲਾਂ ਵੀ ਇਸੇ ਸਾਲ 10 ਲੱਖ ਦੀ ਸੇਹਤ ਬੀਮਾ ਯੋਜਨਾ ਲਿਆਂਦੀ ਗਈ ਸੀ, ਜਿਸ ਵਿੱਚ ਇੱਕ ਲੱਖ ਦਾ ਬੀਮਾ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਅਤੇ ਨੌਂ ਲੱਖ ਦਾ ਬੀਮਾ ਸਟੇਟ ਹੈਲਥ ਏਜੰਸੀ ਰਾਹੀਂ ਕੀਤਾ ਜਾਣਾ ਸੀ। ਮੈਂ ਉਸ ਵੇਲੇ ਪ੍ਰੈਸ ਕਾਨਫਰੰਸ ਕਰਕੇ ਕਈ ਸਵਾਲ ਉਠਾਏ ਸਨ, ਪਰ ਅੱਜ ਤੱਕ ਸਰਕਾਰ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ। ਕਾਲੀਆ ਨੇ ਦੋਸ਼ ਲਗਾਇਆ ਕਿ ਆਪ ਸਰਕਾਰ ਆਪਣੇ ਚੋਣੀ ਮੈਨਿਫੈਸਟੋ ਦੇ ਵਾਅਦੇ ਪੂਰੇ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਉਨ੍ਹਾਂ ਕਿਹਾ, "ਮਹਿਲਾਵਾਂ ਨੂੰ ਹਰ



ਮਹੀਨੇ ?1000 ਦੇਣ ਦਾ ਵਾਅਦਾ ਅਜੇ ਤੱਕ ਪੂਰਾ ਨਹੀਂ ਹੋਇਆ। 25 ਲੱਖ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦਾ ਵਾਅਦਾ ਅਧੂਰਾ ਹੈ। ਸਰਕਾਰ ਬਣਨ ਤੋਂ ਇੱਕ ਮਹੀਨੇ ਵਿੱਚ ਪੰਜਾਬ ਨੂੰ ਭ੍ਰਿਸ਼ਟਾਚਾਰ-ਮੁਕਤ ਕਰਨ ਦਾ ਦਾਅਵਾ ਵੀ ਖੋਖਲਾ ਸਾਬਤ ਹੋਇਆ ਹੈ। ਆਪ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਾਲੀਆ ਨੇ ਕਿਹਾ, "ਹੁਣ ਫਿਰ ਚੋਣਾਂ ਨੇੜੇ ਆਉਂਦੀਆਂ ਦੇਖ ਕੇ ਕਿਸਤਾਂ ਵਿੱਚ ਰਾਸ਼ਨ ਦੇਣ ਦੀਆਂ ਘੋਸ਼ਣਾਵਾਂ ਕਰਕੇ ਲੋਕਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰ ਪੰਜਾਬ ਦੇ ਲੋਕ ਸਿਆਣੇ ਹਨ ਅਤੇ ਹੁਣ ਝੂਠੇ ਵਾਅਦਿਆਂ ਵਿੱਚ ਨਹੀਂ ਆਉਣਗੇ। ਉਨ੍ਹਾਂ ਵਿਸ਼ਵਾਸ ਜਤਾਉਂਦਿਆਂ ਕਿਹਾ, "ਸਮੇਂ ਦੀ ਕੰਧ 'ਤੇ ਸਾਫ਼ ਲਿਖਿਆ ਹੈ ਕਿ 2027 ਦੀ ਵਿਧਾਨ ਸਭਾ ਚੋਣ ਵਿੱਚ ਪੰਜਾਬ ਦੀ ਜਨਤਾ ਆਮ ਆਦਮੀ ਪਾਰਟੀ ਸਰਕਾਰ ਨੂੰ ਸੱਤਾ ਤੋਂ ਬਾਹਰ ਕਰ ਦੇਵੇਗੀ।

## ਹਵਾਈ ਯਾਤਰੀਆਂ ਦੀ ਮੌਜ ! ਹੁਣ ਟਿਕਟ ਕੈਂਸਲ ਕਰਵਾਉਣ 'ਤੇ ਨਹੀਂ ਕੱਟੇਗਾ ਇਕ ਵੀ ਪੈਸਾ

**ਕੌਮੀ ਪੱਤ੍ਰਿਕਾ**

ਨਵੀਂ ਦਿੱਲੀ 6 ਮਾਰਚ। ਹਵਾਈ ਸਫ਼ਰ ਕਰਨ ਵਾਲੇ ਯਾਤਰੀਆਂ ਲਈ ਇਕ ਚੰਗੀ ਖ਼ਬਰ ਸਾਹਮਣੇ ਆਈ ਹੈ। ਏਵੀਏਸ਼ਨ ਰੈਗੂਲੇਟਰ ਡੀਜੀਸੀਏ (4731) ਨੇ ਏਅਰਲਾਈਨ ਕੰਪਨੀਆਂ ਲਈ ਟਿਕਟਾਂ ਦੇ ਰਿਫੰਡ ਅਤੇ ਕੈਂਸਲੇਸ਼ਨ ਸਬੰਧੀ ਨਿਯਮਾਂ 'ਚ ਅਹਿਮ ਸੋਧਾਂ ਕੀਤੀਆਂ ਹਨ। ਯਾਤਰੀ-ਅਨੁਕੂਲ ਨਿਯਮਾਂ ਅਨੁਸਾਰ, ਹੁਣ ਮੁਸਾਫ਼ਰ ਕੁਝ ਸ਼ਰਤਾਂ ਦੇ ਅਧੀਨ, ਆਪਣੀ ਬੁਕਿੰਗ ਦੇ 48 ਘੰਟਿਆਂ ਦੇ ਅੰਦਰ ਬਿਨਾਂ ਕਿਸੇ ਵਾਧੂ ਫੀਸ ਦੇ ਹਵਾਈ ਟਿਕਟ ਨੂੰ ਰੱਦ ਕਰ ਸਕਦੇ ਹਨ ਜਾਂ ਉਸ 'ਚ ਬਦਲਾਅ ਕਰ ਸਕਦੇ ਹਨ। ਡੀਜੀਸੀਏ (ਨਾਗਰ ਹਵਾਬਾਜ਼ੀ ਡਾਇਰੈਕਟੋਰੇਟ ਜਨਰਲ) ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਕਿਸੇ ਯਾਤਰੀ ਨੇ ਸਿੱਧੇ ਏਅਰਲਾਈਨ ਦੀ ਵੈੱਬਸਾਈਟ ਰਾਹੀਂ ਟਿਕਟ ਬੁੱਕ ਕੀਤੀ ਹੈ ਅਤੇ ਬੁਕਿੰਗ ਦੇ 24 ਘੰਟਿਆਂ ਦੇ ਅੰਦਰ ਕੋਈ ਗਲਤੀ (ਜਿਵੇਂ ਨਾਮ ਦੀ ਸਪੈਲਿੰਗ) ਦੱਸੀ ਜਾਂਦੀ ਹੈ, ਤਾਂ ਏਅਰਲਾਈਨ ਕੰਪਨੀਆਂ ਨੂੰ ਉਸ ਵਿਅਕਤੀ ਦੇ ਨਾਮ 'ਚ ਸੁਧਾਰ ਕਰਨ ਲਈ ਕੋਈ ਵਾਧੂ ਚਾਰਜ ਨਹੀਂ ਲੈਣਾ ਚਾਹੀਦਾ। ਨਵੇਂ ਨਿਯਮਾਂ ਮੁਤਾਬਕ, ਜੇਕਰ ਟਿਕਟ ਕਿਸੇ ਟ?ਰੈਵਲ ਏਜੰਟ ਜਾਂ ਪੋਰਟਲ ਰਾਹੀਂ ਖਰੀਦੀ ਗਈ ਹੈ, ਤਾਂ ਵੀ ਪੈਸੇ ਵਾਪਸ ਕਰਨ ਦੀ ਜ਼ਿੰਮੇਵਾਰੀ ਏਅਰਲਾਈਨ ਕੰਪਨੀਆਂ ਦੀ ਹੋਵੇਗੀ ਕਿਉਂਕਿ



ਏਜੰਟ ਉਨ੍ਹਾਂ ਦੇ ਨਿਯੁਕਤ ਪ੍ਰਤੀਨਿਧੀ ਹੁੰਦੇ ਹਨ। ਏਅਰਲਾਈਨਾਂ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਰਿਫੰਡ ਦੀ ਪ੍ਰਕਿਰਿਆ 14 ਕਾਰਜ ਦਿਨਾਂ ਦੇ ਅੰਦਰ ਪੂਰੀ ਹੋ ਜਾਵੇ। ਇਸ ਤੋਂ ਇਲਾਵਾ, ਮੈਡੀਕਲ ਐਮਰਜੈਂਸੀ (ਡਾਕਟਰੀ ਐਮਰਜੈਂਸੀ) ਕਾਰਨ ਟਿਕਟਾਂ ਰੱਦ ਕਰਨ ਦੇ ਨਿਯਮਾਂ 'ਚ ਵੀ ਬਦਲਾਅ ਕੀਤੇ ਗਏ ਹਨ। ਇਹ ਫੈਸਲਾ ਯਾਤਰੀਆਂ ਵੱਲੋਂ ਸਮੇਂ ਸਿਰ ਰਿਫੰਡ ਨਾ ਮਿਲਣ ਦੀਆਂ ਵਧਦੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਦਸੰਬਰ 2025 'ਚ ਇੰਡੀਗੋ ਦੀਆਂ ਉਡਾਨਾਂ ਰੱਦ ਹੋਣ ਦੌਰਾਨ ਵੀ ਰਿਫੰਡ ਦਾ ਮੁੱਦਾ ਕਾਫ਼ੀ ਭਖਿਆ ਸੀ, ਜਿਸ ਤੋਂ ਬਾਅਦ ਹਵਾਬਾਜ਼ੀ ਮੰਤਰਾਲੇ ਨੇ ਸਖ਼ਤ ਨਿਰਦੇਸ਼ ਦਿੱਤੇ ਸਨ। ਇਹ ਸੋਧੇ ਹੋਏ ਨਿਯਮ 24 ਫਰਵਰੀ ਨੂੰ ਜਾਰੀ ਕੀਤੇ ਗਏ ਸਨ।

### ਕੰਟੇਨਰ ਚਾਲਕ ਵੱਲੋਂ ਬ੍ਰੇਕ ਲਗਾਉਣ ਕਾਰਨ ਮੋਟਰਸਾਈਕਲ ਰੇਹੜੀ ਚਾਲਕ ਦੀ ਮੌਤ

ਪਾਤੜਾਂ 6 ਮਾਰਚ। ਪਾਤੜਾਂ ਪੁਲਸ ਵੱਲੋਂ ਇਕ ਸੜਕ ਹਾਦਸੇ ਵਿਚ ਮੋਟਰਸਾਈਕਲ ਰੇਹੜੀ ਚਾਲਕ ਦੀ ਹੋਈ ਮੌਤ ਦੇ ਸਬੰਧ ਵਿਚ ਕੰਟੇਨਰ ਡਰਾਈਵਰ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਕੋਲ ਸ਼ਿਕਾਇਤ ਦਰਜ ਕਰਵਾਉਂਦਿਆਂ ਪੱਤਰ ਦਾਰਾ ਵਾਸੀ ਧਮਤਾਨ ਸਾਹਿਬ, ਥਾਣਾ ਗੜ੍ਹੀ, ਜ਼ਿਲਾ ਜੀਂਦ, ਹਰਿਆਣਾ ਨੇ ਦੱਸਿਆ ਕਿ 12 ਫਰਵਰੀ 2026 ਨੂੰ ਦੁਪਹਿਰ ਲਗਭਗ ਡੇਢ ਵਜੇ ਉਸ ਦਾ ਪਿਤਾ ਮੋਟਰਸਾਈਕਲ ਰੇਹੜੀ (ਨੰਬਰ HR-31 7-4491) 'ਤੇ ਸਵਾਰ ਹੋ ਕੇ ਪਿੰਡ ਢਾਬੀ ਗੁੱਜਰਾਂ ਨਜ਼ਦੀਕ ਜਾ ਰਿਹਾ ਸੀ। ਇਸ ਦੌਰਾਨ ਅੱਗੇ ਜਾ ਰਹੇ ਇਕ ਕੰਟੇਨਰ ਦੇ ਚਾਲਕ ਨੇ ਅਚਾਨਕ ਬ੍ਰੇਕ ਲਗਾ ਦਿੱਤੀ, ਜਿਸ ਕਾਰਨ ਉਸ ਦਾ ਪਿਤਾ ਪਿੱਛੋਂ ਕੰਟੇਨਰ ਨਾਲ ਜਾ ਟਕਰਾਇਆ। ਇਸ ਭਿਆਨਕ ਹਾਦਸੇ ਵਿਚ ਉਸ ਦੇ ਪਿਤਾ ਦੀ ਮੌਤ ਹੋ ਗਈ। ਪੁਲਸ ਨੇ ਪੀੜਤ ਦੇ ਬਿਆਨਾਂ ਦੇ ਆਧਾਰ 'ਤੇ ਕਥਿਤ ਦੋਸ਼ੀ ਕੰਟੇਨਰ ਡਰਾਈਵਰ ਬੇਰੂ ਲਾਲ ਪੁੱਤਰ ਤੋਲਾ ਰਾਮ ਵਾਸੀ ਕਲਮੀਯਾ ਖੇੜੀ,ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## 'ਸੁਖਬੀਰ ਬਾਦਲ ਨਾਲ ਮੁਲਾਕਾਤ ਕਰਨ 'ਤੇ ਸਰਕਾਰ ਨੇ ਪੰਜਾਬ ਦੇ ਨਾਮੀ ਕਲਾਕਾਰ ਦੀ ਸਕਿਓਰਿਟੀ ਲਈ ਵਾਪਸ'

ਚੰਡੀਗੜ੍ਹ 6 ਮਾਰਚ। ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖਾ ਸਿਆਸੀ ਹਮਲਾ ਕੀਤਾ ਹੈ। ਬਾਜਵਾ ਨੇ ਇਕ ਟਵੀਟ ਰਾਹੀਂ ਮੁੱਖ ਮੰਤਰੀ ਦੀ ਕਾਰਜਪ੍ਰਣਾਲੀ 'ਤੇ ਸਵਾਲ ਚੁੱਕਦਿਆਂ ਉਨ੍ਹਾਂ ਦੀ ਤੁਲਨਾ 'ਮਹਾਰਾਜਾ' ਨਾਲ ਕੀਤੀ ਹੈ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਨੇ ਇਕ ਪ੍ਰਸਿੱਧ ਗਾਇਕ ਦੀ ਸੁਰੱਖਿਆ ਉਸ ਸਮੇਂ ਵਾਪਸ ਲੈ ਲਈ, ਜਦੋਂ ਉਸ ਨੇ ਇਕ ਸਿਆਸੀ ਆਗੂ (ਸੁਖਬੀਰ ਬਾਦਲ) ਨਾਲ ਮੁਲਾਕਾਤ ਕੀਤੀ। ਬਾਜਵਾ ਨੇ ਇਸ ਕਾਰਵਾਈ ਨੂੰ ਮੰਦਭਾਗਾ ਦੱਸਦਿਆਂ ਕਿਹਾ ਕਿ ਇਹ ਇਕ ਖ਼ਤਰਨਾਕ ਸੰਦੇਸ਼ ਦਿੰਦਾ ਹੈ ਕਿ ਪੁਲਸ ਅਤੇ ਪ੍ਰਸ਼ਾਸਨ ਸਿਰਫ਼ ਇਕ ਵਿਅਕਤੀ ਨੂੰ ਖ਼ੁਸ਼ ਕਰਨ ਲਈ ਕੰਮ ਕਰ ਰਹੇ ਹਨ। ਬਾਜਵਾ ਨੇ ਆਪਣੇ ਟਵੀਟ ਵਿੱਚ ਲਿਖਿਆ ਕਿ ਜਿਸ ਭਗਵੰਤ ਮਾਨ ਨੇ ਪੰਜਾਬ ਵਿੱਚੋਂ 'ਵੀ.ਆਈ.ਪੀ. ਕਲਚਰ' ਖ਼ਤਮ ਕਰਨ ਦਾ ਵਾਅਦਾ ਕੀਤਾ ਸੀ, ਉਹ ਹੁਣ ਖ਼ੁਦ ਸਤੌਜ ਦੇ ਮਹਾਰਾਜਾ ਵਾਂਗ ਵਿਵਹਾਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਇਸ ਵੇਲੇ 'ਹਉਮੈ ਦੇ ਰਾਜ' ਦੀ ਨਹੀਂ, ਸਗੋਂ 'ਕਾਨੂੰਨ ਦੇ ਰਾਜ' ਦੀ ਲੋੜ ਹੈ। ਕਾਂਗਰਸੀ ਆਗੂ ਦੇ ਇਸ ਬਿਆਨ ਤੋਂ ਬਾਅਦ ਸੂਬੇ ਦੀ ਸਿਆਸਤ ਵਿੱਚ ਇਕ ਵਾਰ ਫਿਰ ਸੁਰੱਖਿਆ ਵਾਪਸ ਲੈਣ ਦੇ ਮੁੱਦੇ 'ਤੇ ਚਰਚਾ ਛਿੜ ਗਈ ਹੈ। ਫਿਲਹਾਲ ਇਸ ਮਾਮਲੇ 'ਤੇ ਸਰਕਾਰ ਜਾਂ ਆਮ ਆਦਮੀ ਪਾਰਟੀ ਵੱਲੋਂ ਕੋਈ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ ਹੈ। ਇਸ ਦੇ ਨਾਲ ਹੀ ਇਕ ਪੱਤਰਕਾਰ ਨੇ



ਟਵੀਟ ਰਾਹੀਂ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਸਿੰਗਰ ਵੱਲੋਂ ਸੁਖਬੀਰ ਬਾਦਲ ਨਾਲ ਮੁਲਾਕਾਤ ਕੀਤੀ ਗਈ ਸੀ, ਇਸ ਲਈ ਉਸ ਦੀ ਸਕਿਓਰਿਟੀ ਵਾਪਸ ਲਈ ਗਈ। ਇਸ ਦੇ ਨਾਲ ਇਹ ਉਸ ਨੇ ਕਿਹਾ ਕਿ ਪ੍ਰਤਾਪ ਬਾਜਵਾ ਨੇ ਪੰਜਾਬ ਸਰਕਾਰ ਦੀ ਇਸ ਕਾਰਵਾਈ ਦਾ ਮੁੱਦਾ ਚੁੱਕਿਆ ਹੈ।

## ਪੁਲਸ ਦੇ ਦਾਅਵਿਆਂ ਦੀ ਨਿਕਲੀ ਫੂਕ ! ਲੁਧਿਆਣਾ ਵਿਚ 'ਸੁਪਰਫਾਸਟ' ਲੁਟੇਰੇ ਦਾ ਆਤੰਕ

**ਏਜੰਸੀਆਂ**

ਲੁਧਿਆਣਾ 6 ਮਾਰਚ। ਚੰਦਰ ਨਗਰ ਦੇ ਸਿਵਲ ਸਿਟੀ ਇਲਾਕੇ ਵਿਚ ਇਨ੍ਹੀਂ ਦਿਨੀਂ ਬਦਮਾਸ਼ਾਂ ਦੇ ਹੌਸਲੇ ਸੱਤਵੇਂ ਆਸਮਾਨ 'ਤੇ ਹਨ। ਹੁਣ ਲੁਟੇਰਿਆਂ ਨੂੰ ਨਾ ਤਾਂ ਪੁਲਸ ਦਾ ਡਰ ਰਿਹਾ ਹੈ ਅਤੇ ਨਾ ਹੀ ਦਿਨ ਦੇ ਚਾਨਣ ਦਾ। ਕੱਲ੍ਹ ਦੁਪਹਿਰ ਮਹਿਜ਼ 20 ਮਿੰਟਾਂ ਦੇ ਅੰਦਰ-ਅੰਦਰ ਇੱਕੋ ਹੀ ਸ਼ਾਤਰ ਲੁਟੇਰੇ ਨੇ ਇਕ ਤੋਂ ਬਾਅਦ ਇਕ ਦੋ ਵਾਰਦਾਤਾਂ ਨੂੰ ਅੰਜਾਮ ਦੇ ਕੇ ਪੂਰੇ ਇਲਾਕੇ ਵਿਚ ਦਹਿਸ਼ਤ ਫੈਲਾ ਦਿੱਤੀ। ਇਸ ਪੂਰੀ ਘਟਨਾ ਦੀ ਸਨਸਨੀਖੇਜ਼ ਸੀ.ਸੀ.ਟੀ.ਵੀ. ਵੀਡੀਓ ਵੀ ਸਾਹਮਣੇ ਆਈ ਹੈ, ਜਿਸ ਨੇ ਪੁਲਸ ਦੇ ਸੁਰੱਖਿਆ ਪ੍ਰਬੰਧਾਂ ਦੀ ਪੋਲ ਖੋਲ੍ਹ ਦਿੱਤੀ ਹੈ। ਜਾਣਕਾਰੀ ਅਨੁਸਾਰ, ਕਾਲੀ ਜੁਪੀਟਰ ਸਕੂਟੀ 'ਤੇ ਸਵਾਰ ਇਕ ਨੌਜਵਾਨ, ਜਿਸ ਨੇ ਪਛਾਣ ਲੁਕਾਉਣ ਲਈ ਟੋਪੀ ਵਾਲੀ ਸਵੈਟਰ ਪਾਈ ਹੋਈ ਸੀ। ਉਸ ਨੇ ਪਹਿਲੀ ਵਾਰਦਾਤ ਵਿਚ ਪੈਦਲ ਜਾ ਰਹੀ ਇਕ ਔਰਤ ਨੂੰ ਨਿਸ਼ਾਨਾ ਬਣਾਇਆ। ਲੁਟੇਰੇ ਨੇ ਔਰਤ ਦੇ ਹੱਥੋਂ ਆਈਫੋਨ ਖੋਹਣ ਦੀ ਕੋਸ਼ਿਸ਼ ਕੀਤੀ, ਪਰ ਔਰਤ ਦੀ ਬਹਾਦਰੀ ਅਤੇ ਸੂਝ-ਬੂਝ ਕਾਰਨ ਉਹ ਮੋਬਾਈਲ ਝਪਟਣ ਵਿਚ ਅਸਫਲ ਰਿਹਾ ਅਤੇ ਉੱਥੋਂ ਫਰਾਰ ਹੋ ਗਿਆ। ਪਹਿਲੀ ਵਾਰਦਾਤ ਵਿਚ ਨਾਕਾਮ ਰਹਿਣ ਦੇ ਬਾਵਜੂਦ ਇਸ ਨਿਡਰ ਲੁਟੇਰੇ ਨੇ ਠੀਕ 10-15 ਮਿੰਟ ਬਾਅਦ ਅਗਲੀ ਹੀ ਗਲੀ ਵਿਚ ਦੂਜੀ ਵਾਰਦਾਤ ਨੂੰ ਅੰਜਾਮ ਦਿੱਤਾ। ਉੱਥੇ ਇਕ ਔਰਤ ਆਪਣੇ ਘਰੋਂ ਸਾਮਾਨ ਲੈਣ ਨਿਕਲੀ ਸੀ ਕਿ ਤਾਂ ਹੀ ਪਿੱਛੋਂ ਆਏ ਇਸ ਸਕੂਟੀ ਸਵਾਰ ਨੇ ਝਪੱਟਾ ਮਾਰ ਕੇ ਔਰਤ ਦਾ ਪਰਸ ਖੋਹ ਲਿਆ। ਪੀੜਤ ਔਰਤ ਰੌਲਾ ਪਾਉਂਦੀ ਹੋਈ ਕਾਫੀ ਦੂਰ ਤੱਕ ਲੁਟੇਰੇ ਦੇ ਪਿੱਛੇ ਭੱਜੀ, ਪਰ ਸ਼ਾਤਰ ਮੁਲਜ਼ਮ ਆਪਣੀ ਤੇਜ਼ ਰਫ਼ਤਾਰ ਸਕੂਟੀ 'ਤੇ ਸਵਾਰ ਹੋ ਕੇ ਗਲੀਆਂ ਵਿੱਚੋਂ ਰਫੂ-ਚੱਕਰ ਹੋ ਗਿਆ। ਦੁਪਹਿਰ ਵੇਲੇ ਹੋਈਆਂ ਇਨ੍ਹਾਂ ਵਾਰਦਾਤਾਂ ਕਾਰਨ ਸਿਵਲ ਸਿਟੀ ਦੇ ਨਿਵਾਸੀਆਂ ਵਿਚ ਭਾਰੀ ਰੋਸ ਅਤੇ ਡਰ ਦਾ ਮਾਹੌਲ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਦਿਨ-ਦਿਹਾੜੇ ਔਰਤਾਂ ਆਪਣੇ ਘਰਾਂ ਦੇ ਬਾਹਰ ਸੁਰੱਖਿਅਤ ਨਹੀਂ ਹਨ, ਤਾਂ ਪੁਲਸ ਦੀ ਗਸ਼ਤ ਅਤੇ ਚੌਕਸੀ ਸਿਰਫ਼ ਕਾਗਜ਼ਾਂ ਤੱਕ ਹੀ ਸੀਮਤ ਹੈ। ਇੱਕੋ ਵਿਅਕਤੀ ਮਹਿਜ਼ 20 ਮਿੰਟਾਂ ਦੇ ਵਕਫੇ ਵਿਚ ਦੋ ਵਾਰ ਵਾਰਦਾਤ ਕਰਨ ਦੀ ਹਿੰਮਤ ਕਿਵੇਂ ਕਰ ਸਕਦਾ ਹੈ? ਇਹ ਸਿੱਧੇ ਤੌਰ 'ਤੇ ਪ੍ਰਸ਼ਾਸਨ ਅਤੇ ਪੁਲਸ ਨੂੰ ਖੁੱਲ੍ਹੀ ਚੁਣੌਤੀ ਹੈ। ਫਿਲਹਾਲ ਸੀ.ਸੀ.ਟੀ.ਵੀ. ਫੁਟੇਜ ਦੇ ਆਧਾਰ 'ਤੇ ਮੁਲਜ਼ਮ ਦੀ ਭਾਲ ਕੀਤੀ ਜਾ ਰਹੀ ਹੈ

## ਨਿਗਮ ਦੇ ਕਈ ਠੇਕੇਦਾਰ ਕਰਮਚਾਰੀਆਂ ਦਾ ਪੀ. ਐੱਫ. ਜਮਹਾ ਨਹੀਂ ਕਰਵਾ ਰਹੇ, ਜਾਂਚ ਦੀ ਮੰਗ ਉੱਠੀ

**ਕੌਮੀ ਪੱਤ੍ਰਿਕਾ**

ਜਲੰਧਰ 6 ਮਾਰਚ। ਇਨ੍ਹੀਂ ਦਿਨੀਂ ਜਲੰਧਰ ਨਗਰ ਨਿਗਮ ਵਿਚ ਇਹ ਮਾਮਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਕਈ ਠੇਕੇਦਾਰ ਆਪਣੇ ਕਰਮਚਾਰੀਆਂ ਦਾ ਪੀ. ਐੱਫ. ਅਤੇ ਈ. ਐੱਸ. ਆਈ. ਦਾ ਪੈਸਾ ਨਿਯਮਿਤ ਰੂਪ ਨਾਲ ਜਮ?ਹਾ ਨਹੀਂ ਕਰਵਾ ਰਹੇ ਹਨ। ਖ਼ਾਸ ਕਰਕੇ ਟਰੈਕਟਰ-ਟਰਾਲੀ ਅਤੇ ਹੋਰ ਵਾਹਨਾਂ ਦਾ ਕੰਮ ਲੈਣ ਵਾਲੇ ਠੇਕੇਦਾਰਾਂ 'ਤੇ ਇਹ ਦੋਸ਼ ਲੱਗ ਰਹੇ ਹਨ। ਦੱਸਿਆ ਜਾਂਦਾ ਹੈ ਕਿ ਕੁਝ ਠੇਕੇਦਾਰਾਂ ਕੋਲ ਦਰਜਨਾਂ ਦੀ ਗਿਣਤੀ ਵਿਚ ਡਰਾਈਵਰ ਅਤੇ ਲੇਬਰ ਵਰਗ ਨਾਲ ਜੁੜੇ ਲੋਕ ਕੰਮ ਕਰ ਰਹੇ ਹਨ ਪਰ ਉਨ੍ਹਾਂ ਦੇ ਪੀ. ਐੱਫ਼. ਅਤੇ ਈ. ਐੱਸ. ਆਈ. ਦਾ ਪੈਸਾ ਜਮ?ਹਾ ਨਹੀਂ ਕਰਵਾਇਆ ਜਾ ਰਿਹਾ, ਜਦਕਿ ਨਿਗਮ ਵੱਲੋਂ ਜਾਰੀ ਹਰ ਟੈਂਡਰ ਵਿਚ ਇਹ ਸ਼ਰਤ ਸਾਫ ਲਿਖੀ ਹੁੰਦੀ ਹੈ ਕਿ ਠੇਕੇਦਾਰ ਆਪਣੇ ਸਾਰੇ ਕਰਮਚਾਰੀਆਂ ਦਾ ਪੀ. ਐੱਫ਼. ਅਤੇ ਈ. ਐੱਸ. ਆਈ. ਹਰ ਮਹੀਨੇ ਜਮ?ਹਾ ਕਰਵਾਏਗਾ। ਨਿਗਮ ਯੂਨੀਅਨਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਅੱਜ ਤਕ ਇਸ ਵਿਸ਼ੇ 'ਤੇ ਕੋਈ ਠੋਸ ਜਾਂਚ ਨਹੀਂ ਕਰਵਾਈ ਗਈ ਅਤੇ ਸਬੰਧਤ ਵਿਭਾਗ ਨੇ ਵੀ ਜਾਣਕਾਰੀ ਲੈਣ ਦੀ ਪਹਿਲ ਨਹੀਂ ਕੀਤੀ। ਆਊਟਸੋਰਸ ਕਰਮਚਾਰੀਆਂ ਨੂੰ ਪੂਰੀ ਤਨਖਾਹ ਨਾ ਮਿਲਣ ਦਾ ਦੋਸ਼, ਯੂਨੀਅਨਾਂ ਵਿਚ ਰੋਸ ਜਲੰਧਰ ਨਗਰ ਨਿਗਮ ਵਿਚ ਆਊਟਸੋਰਸ 'ਤੇ ਰੱਖੇ ਗਏ ਕਰਮਚਾਰੀਆਂ ਨੂੰ ਪੂਰੀ ਤਨਖਾਹ ਨਾ ਮਿਲਣ ਦਾ ਮਾਮਲਾ ਵੀ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਅਗਸਤ 2025 ਵਿਚ 370 ਕਰਮਚਾਰੀਆਂ ਨੂੰ ਸੜਕਾਂ ਅਤੇ ਗਲੀਆਂ ਦੀ ਸਫਾਈ ਲਈ ਨਿਯੁਕਤ ਕੀਤਾ ਗਿਆ ਸੀ। ਹਰੇਕ ਵਾਰਡ ਵਿਚ 3 ਕਰਮਚਾਰੀ ਲਾਏ ਗਏ ਸਨ, ਜਦਕਿ ਕੁਝ ਨੂੰ ਮੇਨ ਸੜਕਾਂ 'ਤੇ ਤਾਇਨਾਤ ਕੀਤਾ ਗਿਆ। ਕਰਮਚਾਰੀਆਂ ਨੇ ਸ਼ਿਕਾਇਤ ਕੀਤੀ ਹੈ ਕਿ ਉਨ੍ਹਾਂ ਨੂੰ ਤੈਅ ਤਨਖਾਹ ਤੋਂ ਘੱਟ ਰਾਸ਼ੀ ਮਿਲ ਰਹੀ ਹੈ ਅਤੇ ਕੁਝ ਨੂੰ ਭੁਗਤਾਨ ਕਿਸ਼ਤਾਂ ਵਿਚ ਕੀਤਾ ਜਾ ਰਿਹਾ ਹੈ। ਇਹ ਮਾਮਲਾ ਸੀਵਰਮੈਨ ਯੂਨੀਅਨ ਦੇ ਪ੍ਰਧਾਨ ਪਵਨ ਬਾਬਾ ਅਤੇ ਪੰਜਾਬ ਸਫਾਈ ਮਜ਼ਦੂਰ ਫੈੱਡਰੇਸ਼ਨ ਦੇ ਜਨਰਲ ਸਕੱਤਰ ਸੰਨੀ ਸਹੋਤਾ ਦੇ ਧਿਆਨ ਵਿਚ ਆਇਆ, ਜਿਸ ਦੇ ਬਾਅਦ ਉਨ੍ਹਾਂ ਨੇ ਮੇਅਰ ਅਤੇ ਕਮਿਸ਼ਨਰ ਦੇ ਸਾਹਮਣੇ ਇਹ ਮੁੱਦਾ ਉਠਾਇਆ। ਦੱਸਿਆ ਗਿਆ ਕਿ ਪੀ. ਐੱਫ. ਕੱਟਣ ਦੇ ਬਾਅਦ ਕਰਮਚਾਰੀਆਂ ਨੂੰ 10,231 ਰੁਪਏ ਮਿਲਣੇ ਚਾਹੀਦੇ ਹਨ ਪਰ ਕਈ ਕਰਮਚਾਰੀਆਂ ਨੂੰ ਲੱਗਭਗ 9,100 ਰੁਪਏ ਹੀ ਦਿੱਤੇ ਜਾ ਰਹੇ ਹਨ। ਕੁਝ ਦੇ ਖਾਤਿਆਂ ਵਿਚ ਇਸ ਤੋਂ ਵੀ ਘੱਟ ਰਾਸ਼ੀ ਆਈ ਹੈ। ਯੂਨੀਅਨ ਆਗੂਆਂ ਨੇ ਮੰਗ ਕੀਤੀ ਹੈ ਕਿ ਸਬੰਧਤ ਕੰਪਨੀ ਕਰਮਚਾਰੀਆਂ ਦੇ ਪੀ. ਐੱਫ. ਅਤੇ ਈ. ਐੱਸ. ਆਈ. ਦੀ ਪੂਰੀ ਜਾਣਕਾਰੀ ਜਨਤਕ ਕਰਨ ਅਤੇ ਬਕਾਇਆ ਰਾਸ਼ੀ ਸਪੱਸ਼ਟ ਕਰਨ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਕਰਮਚਾਰੀਆਂ ਨੂੰ ਨਿਆਂ ਨਾ ਮਿਲਿਆ ਤਾਂ ਯੂਨੀਅਨਾਂ ਅੰਦੋਲਨ ਕਰਨ 'ਤੇ ਮਜਬੂਰ ਹੋਣਗੀਆਂ।